ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 123| 15 May to 21 May, 2024 | Ph.: (510) 240-5949 | Email: asrtimes@gmail.com

# ਪੱਤਰਕਾਰਤਾ ਅਤੇ ਮੀਡੀਆ ’ਤੇ ਹਾਵੀ ਹੋਇਆ ਬਾਜ਼ਾਰਵਾਦ




## ਲੋਕ ਸਭਾ ਚੋਣਾਂ ’ਚ ਭਾਰਤੀ ਬਿਜਲਈ ਮੀਡੀਆ ਦੀ ਪੱਖਪਾਤੀ ਭੂਮਿਕਾ ਨੇ ਖੜ੍ਹੇ ਕੀਤੇ ਕਈ ਸਵਾਲ

ਅੰਮ੍ਰਿਤਸਰ ਟਾਈਮਜ਼ ਬਿਊਰੋ

## ਸਰਕਾਰੀ ਤੋਤਾ ਬਣ ਕੇ ਰਹਿ ਗਏ ਹਨ ਕਈ ਨਿਊਜ਼ ਚੈਨਲ

ਭਾਰਤ ਵਿੱਚ ਇਸ ਸਮੇਂ ਲੋਕ ਸਭਾ ਚੋਣਾਂ ਦਾ ਮੇਲਾ ਪੂਰੇ ਜੋਬਨ ’ਤੇ ਹੈ, ਇਹਨਾਂ ਚੋਣਾਂ ਦੇ ਚਾਰ ਗੇੜਾਂ ਲਈ ਵੋਟਾਂ ਪੈ ਚੁੱਕੀਆਂ ਹਨ। ਇਸੇ ਦੌਰਾਨ ਭਾਰਤੀ ਮੀਡੀਆ ਖਾਸ ਕਰਕੇ ਬਿਜਲਈ ਮੀਡੀਆ ਭਾਵ ਭਾਰਤੀ ਨਿਊਜ਼ ਚੈਨਲਾਂ ਦੀ ਪੱਖਪਾਤੀ ਭੂਮਿਕਾ ਵੀ ਉਭਰ ਕੇ ਸਾਹਮਣੇ ਆਈ ਹੈ, ਜਿਸ ਕਾਰਨ ਬਿਜਲਈ ਮੀਡੀਆ ਉੱਚ ਸਿਆਸੀ ਗਲਿਆਰਿਆਂ ਤੋਂ ਲੈ ਕੇ ਪਿੰਡਾਂ ਦੀਆਂ ਆਮ ਸੱਥਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਜ਼ਿਆਦਾਤਰ ਭਾਰਤੀ ਨਿਊਜ਼ ਚੈਨਲਾਂ ’ਤੇ ਭਾਜਪਾ ਅਤੇ ਕਾਂਗਰਸ ਵੱਲੋਂ ਆਪਣੀ ਇਸ਼ਤਿਹਾਰਬਾਜ਼ੀ ਵੀ ਕੀਤੀ ਜਾ ਰਹੀ ਹੈ, ਇਸ ਦੇ ਨਾਲ ਹੀ ਬਿਜਲਈ ਮੀਡੀਆ ਵੱਲੋਂ ਹਰ ਚੰਗੀ ਘਟਨਾ ਨੂੰ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਨਾਲ ਜੋੜ ਦੇ ਦੱਸਿਆ ਜਾ ਰਿਹਾ ਹੈ। ਇਸ ਦੇ ਨਾਲ ਨਿਊਜ਼ ਚੈਨਲਾਂ ’ਤੇ ਦਿਖਾਈਆਂ ਜਾਂਦੀਆਂ ਬਹਿਸਾਂ ਵੀ ਅਕਸਰ ਇੱਕ ਪਾਸੜ ਭਾਵ ਭਾਜਪਾ ਦੇ ਹੱਕ ਵਿੱਚ ਹੀ ਹੁੰਦੀਆਂ ਹਨ। ਇਸਤੋਂ ਇਲਾਵਾ ਅਨੇਕਾਂ ਨਿਊਜ਼ ਚੈਨਲਾਂ ਵੱਲੋਂ ਜ਼ਿਆਦਾਤਰ ਖ਼ਬਰਾਂ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਮੋਦੀ ਸਰਕਾਰ ਅਤੇ ਭਾਜਪਾ ਦੇ ਹੀ ਗੁਣ ਗਾਏ ਜਾ ਰਹੇ ਹਨ, ਜਿਸ ਕਰਕੇ ਆਮ ਲੋਕ ਕਹਿਣ ਲੱਗ ਪਏ ਹਨ ਕਿ ਇਹ ਚੈਨਲ ਤਾਂ ਸਰਕਾਰ ਦੀ ਤੂਤੀ ਬੋਲਦੇ ਹਨ, ਇਸ ਤਰਾਂ ਇਹ ਨਿਊਜ਼ ਚੈਨਲ ਸਰਕਾਰੀ ਤੋਤਾ ਬਣ ਕੇ ਰਹਿ ਗਏ ਲੱਗਦੇ ਹਨ।

ਕਈ ਨਿਊਜ਼ ਚੈਨਲਾਂ ਨੇ ਤਾਂ ਲੋਕ ਸਭਾ ਚੋਣਾਂ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਭਾਜਪਾ ਦੀ ਜਿੱਤ ਅਤੇ ਮੋਦੀ ਸਰਕਾਰ ਵੱਲੋਂ ਹੈਟ੍ਰਿਕ ਮਾਰਨ ਦੇ ਦਾਅਵੇ ਵੀ ਕਰਨੇ ਸ਼ੁਰੂ ਕਰ ਦਿੱਤੇ ਸਨ, ਭਾਵੇਂ ਕਿ ਹੁਣ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਦੇ ਘੱਟ ਹੋਣ ਕਾਰਨ ਕੁਝ ਨਿਊਜ਼ ਚੈਨਲਾਂ ਦੀ ਸੁਰ ਕੁਝ ਕੁ ਬਦਲੀ ਵੀ ਮਹਿਸੂਸ ਹੋ ਰਹੀ ਹੈ। ਭਾਰਤ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪੱਤਰਕਾਰ ਜ਼ਮੀਨ ਪੱਧਰ ’ਤੇ ਵਿਚਰਕੇ ਆਪਣੀਆਂ ਰਿਪੋਰਟਾਂ ਤਿਆਰ ਕਰਦੇ ਸਨ, ਜੋ ਕਿ ਅਸਲੀਅਤ ਦੇ ਵਧੇਰੇ ਨੇੜੇ ਹੁੰਦੀਆਂ ਸਨ ਪਰ ਅੱਜ ਕੱਲ੍ਹ ਪੱਤਰਕਾਰਾਂ ਨੂੰ ਆਪਣੇ ਦਫਤਰਾਂ ਵਿੱਚ ਬੈਠਿਆਂ ਹੀ ਹਰ ਤਰਾਂ ਦੀਆਂ ਰਿਪੋਰਟਾਂ ਤਿਆਰ ਹੋਈਆਂ ਮਿਲਦੀਆਂ ਹਨ, ਏ.ਸੀ. ਕਮਰਿਆਂ ’ਚ ਬੈਠ ਕੇ ਤਿਆਰ ਕੀਤੀਆਂ ਅਜਿਹੀਆਂ ਰਿਪੋਰਟਾਂ ਅਕਸਰ ਸੱਚਾਈ ਤੋਂ ਦੂਰ ਹੁੰਦੀਆਂ ਹਨ। ਪਹਿਲਾਂ ਭਾਰਤ ਵਿੱਚ ਹਰ ਆਮ ਆਦਮੀ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਪੱਤਰਕਾਰ ਅਤੇ ਮੀਡੀਆ ਅਹਿਮ ਭੂਮਿਕਾ ਨਿਭਾਉਂਦੇ ਸਨ ਪਰ ਹੁਣ ਸਥਿਤੀ ਬਦਲ ਗਈ ਹੈ ਅਤੇ ਵੱਡੀ ਗਿਣਤੀ ਨਿਊਜ਼ ਚੈਨਲ ਅਤੇ ਅਖ਼ਬਾਰ ਸਰਕਾਰੀ ਨੀਤੀਆਂ ਦਾ ਪ੍ਰਚਾਰ ਕਰਨ ਦਾ ਮਾਧਿਆਮ ਬਣ ਗਏ ਹਨ। ਜਿਸ ਕਰਕੇ ਮੀਡੀਆ ਦੀ ਨਿਰਪੱਖਤਾ ’ਤੇ ਸਵਾਲ ਖੜੇ ਹੋ ਰਹੇ ਹਨ। ਪਹਿਲਾਂ ਪੱਤਰਕਾਰੀ ਵਿੱਚ ਇਸ਼ਤਿਹਾਰਾਂ ਦੀ ਥਾਂ ਸਮਾਜ ਸੇਵਾ ਨੂੰ ਵਧੇਰੇ ਮਹੱਤਵ ਦਿਤਾ ਜਾਂਦਾ ਸੀ ਪਰ ਹੁਣ ਇਸ਼ਤਿਹਾਰਾਂ ਨੂੰ ਵਧੇਰੇ ਤਵੱਜੋ ਦਿਤੀ ਜਾਂਦੀ ਹੈ। ਇਹਨਾਂ ਇਸ਼ਤਿਹਾਰਾਂ ਦੀ ਬਦੌਲਤ ਅੱਜ ਪੱਤਰਕਾਰਤਾ ਅਤੇ ਮੀਡੀਆ ’ਤੇ ਬਾਜ਼ਾਰਵਾਦ ਹਾਵੀ ਹੋ ਗਿਆ ਹੈ, ਜਿਸਦੇ ਅਣਸੁਖਾਂਵੇ ਨਤੀਜੇ ਨਿਕਲ ਰਹੇ ਹਨ।




ਭਾਰਤ ਦੇ ਵੱਖ- ਵੱਖ ਬੁੱਧੀਜੀਵੀਆਂ ਅਤੇ ਆਲੋਚਕਾਂ ਸਮੇਤ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਅਕਸਰ ਮੀਡੀਆ ਦੀ ਆਜ਼ਾਦੀ ਦਾ ਢਿੰਡੋਰਾ ਪਿਟਿਆ ਜਾਂਦਾ ਹੈ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਮੀਡੀਆ ਖੁਦ ਸੱਚਮੁੱਚ ਆਜ਼ਾਦ ਹੋਣਾ ਚਾਹੁੰਦਾ ਹੈ? ਉਂਝ ਕਹਿਣ ਨੂੰ ਤਾਂ ਮੀਡੀਆ ਭਾਰਤ ਵਿੱਚ ਪੂਰੀ ਤਰਾਂ ਆਜ਼ਾਦ ਹੈ, ਪਰ ਭਾਰਤ ਵਿੱਚ ਮੀਡੀਆ ਦੀ ਜੋ ਅਸਲੀਅਤ ਹੈ , ਉਹ ਸਭ ਦੇ ਸਾਹਮਣੇ ਹੈ। ਅਨੇਕਾਂ ਬੁੱਧੀਜੀਵੀ ਕਹਿੰਦੇ ਹਨ ਕਿ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਪਾਰਟੀ ਦੇ ਆਗੂਆਂ ਦੇ ਵਪਾਰੀ ਸਮਰਥਕਾਂ ਵੱਲੋਂ ਕੁਝ ਰਾਸ਼ਟਰੀ ਨਿਊਜ਼ ਚੈਨਲਾਂ ਨੂੰ ਖਰੀਦ ਲਿਆ ਗਿਆ ਹੈ ਜਾਂ ਉਹਨਾਂ ਚੈਨਲਾਂ ਦੀ ਮੈਨੇਜ਼ਮੈਂਟ ਵਿੱਚ ਆਪਣਾ ਹਿੱਸਾ ਪਾ ਲਿਆ ਗਿਆ ਹੈ, ਜਿਸ ਕਾਰਨ ਇਹ ਨਿਊਜ਼ ਚੈਨਲ ਸਿਰਫ਼ ਉਹੀ ਬੋਲੀ ਬੋਲਦੇ ਹਨ, ਜੋ ਕਿ ਇਹਨਾਂ ਦੇ ਮਾਲਕਾਂ ਵੱਲੋਂ ਇਹਨਾਂ ਨੂੰ ਬੋਲਣ ਲਈ ਕਿਹਾ ਜਾਂਦਾ ਹੈ।

ਵੇਖਣ ਵਿੱਚ ਆਇਆ ਹੈ ਕਿ ਮੀਡੀਆ ਵੱਲੋਂ ਅਕਸਰ ਹਰ ਮੁੱਦੇ ਨੂੰ ਇਸ ਤਰਾਂ ਉਭਾਰਿਆ ਜਾਂਦਾ ਹੈ, ਜਿਸ ਨਾਲ ਮੋਦੀ ਸਰਕਾਰ ਅਤੇ ਭਾਜਪਾ ਨੂੰ ਫਾਇਦਾ ਮਿਲੇ ਅਤੇ ਵਿਰੋਧੀ ਪਾਰਟੀਆਂ ਦਾ ਨੁਕਸਾਨ ਹੋਵੇ। ਸਰਕਾਰ ਵਿਰੁੱਧ ਕਿਸੇ ਵੀ ਕਾਰਵਾਈ ਜਾਂ ਸਰਗਰਮੀ ਨੂੰ ਮੀਡੀਆਂ ਵੱਲੋਂ ਨਹੀਂ ਦਿਖਾਇਆ ਜਾਂਦਾ। ਇਸ ਤੋਂ ਇਲਾਵਾ ਅਕਸਰ ਨਿਊਜ਼ ਚੈਨਲਾਂ ਅਤੇ ਕੁਝ ਰਾਸ਼ਟਰੀ ਅਖਬਾਰਾਂ ਵੱਲੋਂ ਅਜਿਹੀਆਂ ਖ਼ਬਰਾਂ ਦਰਸ਼ਕਾਂ ਅਤੇ ਪਾਠਕਾਂ ਅੱਗੇ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਕਿ ਸਰਕਾਰ ਵੱਲੋਂ ਜਾਂ ਸਰਕਾਰ ਚਲਾ ਰਹੀ ਭਾਜਪਾ ਦੇ ਸਮਰਥਕ ਵਪਾਰੀਆਂ ਵੱਲੋਂ ਸਪਾਂਸਰ ਕੀਤੀਆਂ ਹੁੰਦੀਆਂ ਹਨ। ਇਹ ਠੀਕ ਹੈ ਕਿ ਹਰ ਨਿਊਜ਼ ਚੈਨਲ ਅਤੇ ਅਖ਼ਬਾਰਾਂ ਲਈ ਸਰਕਾਰੀ ਇਸ਼ਤਿਹਾਰ ਬਹੁਤ ਜ਼ਰੂਰੀ ਹੁੰਦੇ ਹਨ ਪਰ ਇਸਦੇ ਨਾਲ ਮੀਡੀਆ ਨੂੰ ਆਪਣੀ ਨਿਰਪੱਖਤਾ ਨੂੰ ਕਾਇਮ ਜ਼ਰੂਰ ਰੱਖਣਾ ਚਾਹੀਦਾ ਹੈ। ਮੀਡੀਆ ਨੂੰ ਚਾਹੀਦਾ ਹੈ ਕਿ ਉਹ ਹਰ ਹਰ ਮਸਲੇ ਅਤੇ ਹਰ ਮੁੱਦੇ ਸਬੰਧੀ ਆਪਣੀ ਨਿਰਪੱਖ ਸੋਚ ਦਾ ਪ੍ਰਗਟਾਵਾ ਕਰੇ ਅਤੇ ਮੀਡੀਆ ਨੂੰ ਸਹੀ ਮਾਅਨਿਆਂ ਵਿੱਚ ਆਜ਼ਾਦ ਰਖਿਆ ਜਾਵੇ। ਲੋਕਤੰਤਰ ਵਿੱਚ ਮੀਡੀਆ ਨੂੰ ਚੌਥਾ ਥੰਮ ਕਿਹਾ ਜਾਂਦਾ ਹੈ, ਇਸ ਲਈ ਭਾਰਤੀ ਮੀਡੀਆ ਖਾਸ ਕਰਕੇ ਨਿਊਜ਼ ਚੈਨਲਾਂ ਨੂੰ ਨਿਰੱਪਖ ਤਰੀਕਿਆਂ ਨਾਲ ਆਪਣੀਆਂ ਖ਼ਬਰਾਂ ਤੇ ਰਿਪੋਰਟਾਂ ਪੇਸ਼ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਇਹਨਾਂ ਦੀ ਭਰੋਸੇਯੋਗਤਾ ’ਤੇ ਸਵਾਲ ਨਾ ਉੱਠ ਸਕਣ। ਬਿਜਲਈ ਮੀਡੀਆ ਨੂੰ ਸਰਕਾਰੀ ਤੋਤਾ ਬਣਨ ਦੀ ਥਾਂ ਆਮ ਲੋਕਾਂ ਦੀ ਆਵਾਜ਼ ਬਣਨਾ ਚਾਹੀਦਾ ਹੈ, ਇਸ ਵਿੱਚ ਹੀ ਬਿਜਲਈ ਮੀਡੀਆ ਦੀ ਭਲਾਈ ਹੈ।

## ਚੀਨ ਤੇ ਅਮਰੀਕਾ ਵਿਚਾਲੇ ਵਪਾਰ ਯੁੱਧ ਦੇ ਮੁੜ ਸ਼ੁਰੂ ਹੋਣ ਦਾ ਖ਼ਦਸ਼ਾ

# ਅਮਰੀਕਾ ਨੇ ਚੀਨੀ ਸਾਮਾਨ ’ਤੇ ਲਾਇਆ 100 ਫ਼ੀਸਦੀ ਟੈਕਸ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਚੀਨ ਤੋਂ ਦਰਾਮਦ ਹੋਣ ਵਾਲੇ ਸਾਮਾਨ ’ਤੇ 100 ਫ਼ੀਸਦੀ ਤੱਕ ਦਰਾਮਦ ਟੈਕਸ ਲਗਾਇਆ ਹੈ। ਇਹ ਵੱਖ-ਵੱਖ ਸ਼੍ਰੇਣੀਆਂ ’ਚ ਵੱਖਰਾ ਹੈ। ਇਸ ਨੇ ਜਿਥੇ ਚੀਨ ਲਈ ਇੱਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਉਥੇ ਹੀ ਇਸ ਨੇ ਚੀਨ ਤੇ ਅਮਰੀਕਾ ਵਿਚਾਲੇ ਵਪਾਰ ਯੁੱਧ ਦੇ ਮੁੜ ਸ਼ੁਰੂ ਹੋਣ ਦਾ ਖ਼ਦਸ਼ਾ ਵੀ ਵਧਾ ਦਿੱਤਾ ਹੈ। ਇਸ ਕਾਰਨ ਪਹਿਲਾਂ ਹੀ ਜੰਗ ਤੇ ਅਸਥਿਰਤਾ ਦੇ ਸੰਕਟ ਨਾਲ ਜੂਝ ਰਹੀ ਦੁਨੀਆਂ ਲਈ ਨਵੇਂ ਆਰਥਿਕ ਸੰਕਟ ਦਾ ਖ਼ਤਰਾ ਵੀ ਵੱਧ ਗਿਆ ਹੈ।



ਅਮਰੀਕਾ ’ਚ ਇਸ ਸਾਲ ਦੇ ਅਖੀਰ ਤੱਕ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਤੋਂ ਠੀਕ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਚੀਨ ਪ੍ਰਤੀ ਆਪਣੀ ਦੁਸ਼ਮਣੀ ਨੂੰ ਸਾਕਾਰ ਕਰਦਿਆਂ ਚੀਨ ਤੋਂ ਅਮਰੀਕਾ ਪਹੁੰਚਣ ਵਾਲੇ ਵੱਖ-ਵੱਖ ਸਾਮਾਨ ’ਤੇ ਟੈਕਸ ਦਰ ਵਧਾ ਦਿੱਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇੱਕ ਪੋਸਟ ’ਚ ਇਸ ਬਾਰੇ ਜਾਣਕਾਰੀ ਵੀ ਦਿੱਤੀ।

ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਪੋਸਟ ਮੁਤਾਬਕ ਹੁਣ ਤੋਂ ਚੀਨ ਤੋਂ ਦਰਾਮਦ ਹੋਣ ਵਾਲੇ ਸਟੀਲ ਤੇ ਐਲੂਮੀਨੀਅਮ ’ਤੇ 25 ਫ਼ੀਸਦੀ ਟੈਕਸ ਲੱਗੇਗਾ, ਜਦਕਿ ਸੈਮੀਕੰਡਕਟਰ 50 ਫ਼ੀਸਦੀ ਟੈਕਸ ਨਾਲ ਅਮਰੀਕਾ ਪਹੁੰਚਣਗੇ। ਇਸ ਦੇ ਨਾਲ ਹੀ ਇਲੈਕਟ੍ਰਿਕ ਵਾਹਨਾਂ ’ਤੇ 100 ਫ਼ੀਸਦੀ ਟੈਕਸ ਤੇ ਸੋਲਰ ਪੈਨਲਾਂ ’ਤੇ 50 ਫ਼ੀਸਦੀ ਟੈਕਸ ਲੱਗੇਗਾ।

ਮੌਜੂਦਾ ਸਮੇਂ ’ਚ ਦੁਨੀਆ ਪਹਿਲਾਂ ਹੀ ਰੂਸ-ਯੂਕ੍ਰੇਨ ਯੁੱਧ, ਇਜ਼ਰਾਈਲ ਤੇ ਫਲਸਤੀਨ ਵਿਚਕਾਰ ਜੰਗ, ਕੋਵਿਡ ਤੋਂ ਬਾਅਦ ਦੇ ਪ੍ਰਭਾਵਾਂ ਤੇ ਪੱਛਮੀ ਏਸ਼ੀਆ ’ਚ ਸੰਕਟ ਨਾਲ ਜੂਝ ਰਹੀ ਹੈ। ਅਜਿਹੇ ’ਚ ਅਮਰੀਕਾ ਤੇ ਚੀਨ ਵਿਚਾਲੇ ਨਵੀਂ ਵਪਾਰ ਜੰਗ ਦੁਨੀਆ ਦੀਆਂ ਆਰਥਿਕ ਮੁਸ਼ਕਿਲਾਂ ਨੂੰ ਵਧਾ ਸਕਦੀ ਹੈ।

## ਕੇਸਰੀ ਰੰਗ 'ਚ ਰੰਗਿਆ ਗਿਆ ਕੈਲਗਰੀ

# 24ਵਾਂ ਸਾਲਾਨਾ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਸਾਲਾਨਾ ਨਗਰ ਕੀਰਤਨ 'ਚ ਸ਼ਾਮਲ ਹੋਈਆਂ ਕਰੀਬ ਸਵਾ ਲੱਖ ਸੰਗਤਾਂ

ਐਡਮਿੰਟਨ/ਏ.ਟੀ.ਨਿਊਜ਼ : ਕੈਲਗਰੀ 'ਚ 24ਵਾਂ ਸਾਲਾਨਾ ਨਗਰ ਕੀਰਤਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ 'ਚ ਤਕਰੀਬਨ ਸਵਾ ਲੱਖ ਲੋਕ ਸ਼ਾਮਲ ਹੋਏ।

ਇਹ ਨਗਰ ਕੀਰਤਨ ਦਸਮੇਸ਼ ਕਲਚਰ ਸੈਂਟਰ ਕੈਲਗਰੀ ਤੋਂ ਨਿਰਧਾਰਤ ਸਮੇਂ ਅਨੁਸਾਰ ਸ਼ੁਰੂ ਹੋ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ, ਜਿਨ੍ਹਾਂ ਦੇ ਹੱਥਾਂ 'ਚ ਨਿਸ਼ਾਨ ਸਾਹਿਬ ਸਨ, ਨਿਸ਼ਾਨ ਸਾਹਿਬ ਨੂੰ ਲੋਕ ਬੜੀ ਸ਼ਰਧਾ ਨਾਲ ਮੱਥਾ ਟੇਕ ਰਹੇ ਸਨ। ਕੇਸਰੀ ਰੰਗ ਦੀਆਂ ਦਸਤਾਰਾਂ 'ਚ ਸਜੇ ਆਦਮੀ ਤੇ ਕੇਸਰੀ ਰੰਗ ਦੀਆਂ ਚੁੰਨੀਆਂ 'ਚ ਸਜੀਆਂ ਔਰਤਾਂ ਨੂੰ ਵੇਖ ਇੰਝ ਲੱਗ ਰਿਹਾ ਸੀ ਜਿਵੇਂ ਸਮੁੱਚਾ ਐਡਮਿੰਟਨ ਹੀ ਕੇਸਰੀ ਰੰਗ 'ਚ ਰੰਗਿਆ ਗਿਆ ਹੋਵੇ। ਇਸ ਦੌਰਾਨ ਗੱਤਕੇ ਵਾਲਿਆਂ ਨੇ ਗੱਤਕੇ ਦੇ ਜੌਹਰ ਵਿਖਾਏ।

ਅਨੁਸ਼ਾਸਨ ਬਰਕਰਾਰ ਰੱਖਣ ਲਈ ਵੱਡੀ ਗਿਣਤੀ 'ਚ ਪੁਲਿਸ ਬਲ ਤੇ ਵਲੰਟੀਅਰ ਮੌਜੂਦ ਸਨ। ਜਿਵੇਂ-ਜਿਵੇਂ ਨਗਰ ਕੀਰਤਨ ਅੱਗੇ ਵਧਦਾ ਗਿਆ, ਤਿਵੇਂ-ਤਿਵੇਂ ਦਰਸ਼ਕਾਂ ਦੀ ਭੀੜ ਜੁੜਦੀ ਗਈ। ਵੱਖੋ-ਵੱਖ ਪੜਾਵਾਂ ਤੇ ਰਸਤਿਆਂ 'ਚੋਂ ਹੁੰਦਾ ਹੋਇਆ ਨਗਰ ਕੀਰਤਨ ਪਹੇਰੀ ਵਿੰਡ ਪਾਰਕ ਪਹੁੰਚਿਆ। ਜਿੱਥੇ ਵੱਡੀ ਸਟੇਜ ਸਜਾਈ ਹੋਈ ਸੀ।



ਖਾਸ ਗੱਲ ਇਹ ਸੀ ਕਿ ਇਸ ਵਾਰ ਵੱਡੀ ਸਟੇਜ ਤੋਂ ਕਿਸੇ ਨੂੰ ਵੀ ਸਿਆਸੀ ਤਕਰੀਰਾਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਵੱਡੀ ਸਟੇਜ ਤੋਂ ਕੇਵਲ ਧਾਰਮਿਕ ਪ੍ਰੋਗਰਾਮ ਹੀ ਪੇਸ਼ ਕੀਤਾ ਗਿਆ। ਦੁਪਹਿਰ ਵੇਲੇ ਨਗਰ ਕੀਰਤਨ ਪੂਰੇ ਜਲੌਅ 'ਚ ਸੀ। ਟਰਾਂਸਪੋਰਟ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਇਸ ਦੌਰਾਨ ਨਗਰ ਕੀਰਤਨ 'ਚ ਖ਼ਾਲਿਸਤਾਨ ਪੱਖੀ ਨਾਅਰੇ ਵੀ ਗੂੰਜੇ। ਖ਼ਾਲਿਸਤਾਨੀਆਂ ਵੱਲੋਂ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ 'ਚ ਇੱਕ ਵਿਸ਼ੇਸ਼ ਝਾਕੀ ਤਿਆਰ ਕੀਤੀ ਗਈ ਸੀ ਜਿਸ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਬਣਾ ਕੇ ਉਨ੍ਹਾਂ ਦਾ ਸਾਰਾ ਦੋਸ਼ ਭਾਰਤ ਸਰਕਾਰ ਸਿਰ ਮੜ੍ਹਿਆ ਗਿਆ।

# ਜ਼ਫਰਨਾਮਾ ਨਾਟਕ ਦੀ ਫਰਿਜਨੋ ਵਿਖੇ ਸਫਲ ਪੇਸ਼ਕਾਰੀ







ਫਰਿਜਨੋ (ਕੈਲੀਫ਼ੋਰਨੀਆ)/ ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ: ਪੰਜਾਬ ਲੋਕ ਰੰਗ ਮੰਚ ਵੱਲੋਂ ਨਾਟਕਕਾਰ ਸ. ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਇਤਿਹਾਸਕ ਨਾਟਕ ਜ਼ਫਰਨਾਮਾ ਫਰਿਜਨੋ ਦੇ ਸੈਂਟਰਲ ਹਾਈ ਸਕੂਲ ਦੇ ਆਡੋਟੋਰੀਅਮ ਵਿਖੇ ਦਰਸ਼ਕਾਂ ਦੇ ਖਚਾ-ਖਚ ਭਰੇ ਹਾਲ ਅੰਦਰ ਖੇਡਿਆ ਗਿਆ। ਨਾਟਕ ਦੀ ਸ਼ੁਰੂਆਤ ਸ. ਤਾਰਾ ਸਿੰਘ ਬੱਲ ਨੇ ਅਰਦਾਸ ਕਰਨ ਉਪਰੰਤ ਕੀਤੀ। ਇਸ ਮੌਕੇ ਉੱਘੇ ਟਰਾਂਸਪੋਰਟਰ ਸ. ਬਲਵਿੰਦਰ ਸਿੰਘ ਧਨੋਆ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖੀ ਤੇ ਨਾਟਕ ਦੇ ਥੀਮ 'ਤੇ ਪੰਛੀ ਝਾਤ ਪਵਾਈ ਤੇ ਸਮੂਹ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ। ਅਖੀਰ ਪੜ੍ਹਦਾ ਹਟਿਆ ਤੇ ਸਿੱਖ ਇਤਿਹਾਸ ਦੇ ਪੱਤਰਿਆਂ ਨੂੰ ਫਰੋਲਦਾ ਇਹ ਨਾਟਕ ਦਰਸ਼ਕਾਂ ਨੂੰ ਇੱਕ ਵੱਖਰੇ ਵਿਸਮਾਦ ਵੱਲ ਲੈ ਗਿਆ। ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਨਾਟਕ, ਅਨੰਦਪੁਰ ਸਾਹਿਬ ਦੇ ਕਿਲੇ ਤੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦਰਸਾਉਂਦਾ ਅੰਤ ਜ਼ਫਰਨਾਮੇ 'ਤੇ ਜਾ ਕੇ ਅਟਕਿਆ ਤੇ ਇਸ ਨਾਟਕ ਵਿੱਚ ਜੋ ਪੱਖ ਔਰੰਗਜ਼ੇਬ ਦਾ ਵਿਖਾਇਆ ਗਿਆ, ਓਹ ਵੀ ਵਿਲੱਖਣ ਸੀ। ਇਸ ਨਾਟਕ ਰਾਹੀਂ ਔਰੰਗਜ਼ੇਬ ਦੀ ਜ਼ਿੰਦਗੀ ਦੇ ਆਖ਼ਰੀ ਪਲ਼ਾਂ ਨੂੰ ਬੜੀ ਸ਼ਿੱਦਤ ਨਾਲ ਮੰਚ 'ਤੇ ਵਿਖਾਇਆ ਗਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਚਿੱਠੀ ਨੁਮਾ ਜ਼ਫਰਨਾਮੇ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਮੇਰੇ ਰਾਜ ਵਿੱਚ ਦੋ ਛੋਟੇ ਬੱਚਿਆਂ ਨੂੰ ਨੀਂਹਾਂ ਵਿੱਚ ਜਿੰਦਾ ਚਿਣਕੇ ਸ਼ਹੀਦ ਕੀਤਾ ਗਿਆ, ਬੱਸ ਇਹੀ ਪਛਤਾਵਾ ਉਸ ਦੀ ਮੌਤ ਦਾ ਕਾਰਨ ਬਣਿਆ। ਸਕ੍ਰੀਨ ਪਲੇਅ ਦੇ ਨਾਲ ਨਾਲ ਸਾਰੇ ਕਲਾਕਾਰਾਂ ਨੇ ਆਪੋ ਆਪਣਾ ਰੋਲ ਬਖ਼ੂਬੀ ਨਿਭਾਇਆ। ਸ. ਸੁਰਿੰਦਰ ਸਿੰਘ ਧਨੋਆ ਦੁਆਰਾ ਨਿਭਾਏ ਔਰੰਗਜ਼ੇਬ ਦੇ ਕਿਰਦਾਰ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। ਅਖੀਰ ਜੈਕਾਰਿਆਂ ਦੀ ਗੂੰਜ ਵਿੱਚ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਉਘੇੜਦਾ ਇਹ ਨਾਟਕ ਯਾਦਗਾਰੀ ਹੋ ਨਿੱਬੜਿਆ। ਇਸ ਨਾਟਕ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਜਿੱਥੇ ਸਮੂਹ ਦਰਸ਼ਕਾਂ ਸਿਰ ਜਾਂਦਾ ਹੈ, ਓਥੇ ਸਮੂਹ ਸਪਾਂਸਰ ਵੀਰਾਂ ਦੇ ਨਾਲ ਨਾਲ ਸਮਾਜ ਸੇਵੀ ਕਿੱਟੀ ਗਿੱਲ ਅਤੇ ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਸਮੂਹ ਸੇਵਾਦਾਰਾਂ ਨੂੰ ਵੀ ਮਾਣ ਦੇਣਾ ਬਣਦਾ ਹੈ। ਅਖੀਰ ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਮੁੱਖ ਸੇਵਾਦਾਰ ਸ. ਜਤਿੰਦਰ ਸਿੰਘ ਨੇ ਇਸ ਨਾਟਕ ਦੇ ਸਫਲ ਮੰਚਨ ਲਈ ਨਾਟਕ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ ਤੇ ਉਹਨਾਂ ਆਸ ਲਗਾਈ ਕਿ ਪੰਜਾਬ ਰੰਗ ਮੰਚ ਦੀ ਟੀਮ ਅੱਗੇ ਤੋਂ ਵੀ ਇਹੋ ਜਿਹੇ ਨਾਟਕ ਲਿਆਉਂਦੀ ਰਹੇਗੀ ਤੇ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਂਦੀ ਰਹੇਗੀ। ਸ. ਬਲਵਿੰਦਰ ਸਿੰਘ ਧਨੋਆ ਨੇ ਕਿਹਾ ਕਿ ਸਾਡੀ ਟੀਮ ਦੀ ਅਗਲੀ ਪੇਸ਼ਕਾਰੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ ਅਧਾਰਿਤ ਹੋਵੇਗੀ।

# ਭਾਰਤੀ ਵਿਅਕਤੀ ਨੇ ਟਰੱਕ ਰਾਹੀਂ ਵ੍ਹਾਈਟ ਹਾਊਸ 'ਤੇ ਹਮਲੇ ਦਾ ਦੋਸ਼ ਕਬੂਲਿਆ

## ➢ ਨਾਜ਼ੀ ਵਿਚਾਰਧਾਰਾ ਤੋਂ ਸੀ ਪ੍ਰੇਰਿਤ ➢ ਅਗਸਤ ਮਹੀਨੇ ਸੁਣਾਈ ਜਾਵੇਗੀ ਸਜ਼ਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤੀ ਨਾਗਰਿਕ ਨੇ ਕਿਰਾਏ ਦੇ ਟਰੱਕ ਰਾਹੀਂ ਅਮਰੀਕੀ ਰਾਸ਼ਟਰਪਤੀ ਭਵਨ 'ਵ੍ਹਾਈਟ ਹਾਊਸ' ਉੱਤੇ ਹਮਲਾ ਕਰਨ ਦਾ ਦੋਸ਼ ਕਬੂਲ ਕਰ ਲਿਆ ਹੈ। ਉਸ ਨੂੰ ਇਸ ਮਾਮਲੇ ਵਿੱਚ 23 ਅਗਸਤ ਨੂੰ ਸਜ਼ਾ ਸੁਣਾਈ ਜਾਵੇਗੀ। ਅਮਰੀਕਾ ਦੇ ਅਟਾਰਨੀ ਅਨੁਸਾਰ ਦੇਸ਼ ਵਿੱਚ ਪੱਕੇ ਬਾਸ਼ਿੰਦੇ ਵਜੋਂ ਰਹਿ ਰਹੇ ਭਾਰਤੀ ਨਾਗਰਿਕ ਨੇ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਨਾਜ਼ੀ ਜਰਮਨ ਵਿਚਾਰਧਾਰਾ ਤੋਂ ਪ੍ਰੇਰਿਤ ਤਾਨਾਸ਼ਾਹੀ ਵਿੱਚ ਬਦਲਣ ਦੇ ਇਰਾਦੇ ਨਾਲ ਕਿਰਾਏ ਦੇ ਟਰੱਕ ਰਾਹੀਂ ਵ੍ਹਾਈਟ ਹਾਊਸ 'ਤੇ ਹਮਲਾ ਕਰਨ ਦਾ ਦੋਸ਼ ਕਬੂਲ ਕਰ ਲਿਆ ਹੈ। ਇਸਤਗਾਸਾ ਅਤੇ ਬਚਾਅ ਪੱਖ ਵਿਚਕਾਰ ਹੋਏ ਸਮਝੌਤੇ ਦੇ ਬਿਆਨ ਅਨੁਸਾਰ ਮਿਸੂਰੀ ਦੇ ਸੇਂਟ ਲੂਈ ਦੇ ਰਹਿਣ ਵਾਲੇ ਵਰਸ਼ਿਤ ਕੰਦੂਲਾ (20) ਨੇ ਕਿਰਾਏ ਦੇ ਟਰੱਕ ਨੂੰ ਵ੍ਹਾਈਟ ਹਾਊਸ ਕੰਪਲੈਕਸ ਵਿੱਚ ਵਾੜ ਦਿੱਤਾ ਅਤੇ ਉਸ ਨੇ ਸਿਆਸੀ ਸੱਤਾ ਹਾਸਲ ਕਰਨ ਲਈ ਵ੍ਹਾਈਟ ਹਾਊਸ ਤੱਕ ਪਹੁੰਚਣ ਦੀ ਕੋਸ਼ਿਸ਼ ਵੀ ਕੀਤੀ ਸੀ। ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਡਾਬਨੀ ਐੱਲ. ਫਰੈਡਰਿਕ ਵੱਲੋਂ ਕੰਦੂਲਾ ਨੂੰ ਸਜ਼ਾ 23 ਅਗਸਤ ਨੂੰ ਸੁਣਾਈ ਜਾਵੇਗੀ। ਅਮਰੀਕੀ ਅਟਾਰਨੀ ਮੈਥਿਊ ਗ੍ਰੇਵਜ਼ ਨੇ ਕਿਹਾ ਕਿ ਕੰਦੂਲਾ ਦਾ ਇਰਾਦਾ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੂੰ ਨਾਜ਼ੀ ਜਰਮਨ ਵਿਚਾਰਧਾਰਾ ਤੋਂ ਪ੍ਰੇਰਿਤ ਤਾਨਾਸ਼ਾਹੀ ਵਾਲੀ ਸਰਕਾਰ ਵਿੱਚ ਬਦਲਣਾ ਅਤੇ ਖ਼ੁਦ ਨੂੰ ਅਮਰੀਕਾ ਦਾ ਸਰਵਉੱਚ ਨੇਤਾ ਸਥਾਪਤ ਕਰਨਾ ਸੀ। ਨਿਆਂ ਵਿਭਾਗ ਨੇ ਕਿਹਾ ਕਿ ਕੰਦੂਲਾ ਨੇ ਜਾਂਚ ਕਰਨ ਵਾਲਿਆਂ ਸਾਹਮਣੇ ਕਬੂਲ ਕੀਤਾ ਕਿ ਆਪਣੇ ਮਕਸਦ ਨੂੰ ਹਾਸਲ ਕਰਨ ਲਈ ਜੇਕਰ ਲੋੜ ਪੈਂਦੀ ਤਾਂ ਉਹ ਅਮਰੀਕੀ ਰਾਸ਼ਟਰਪਤੀ ਤੇ ਹੋਰ ਲੋਕਾਂ ਦੀ ਹੱਤਿਆ ਕਰਨ ਲਈ ਵੀ ਤਿਆਰ ਸੀ। ਵਿਭਾਗ ਨੇ ਕਿਹਾ ਕਿ ਉਸ ਦੀਆਂ ਹਰਕਤਾਂ ਦਾ ਮਕਸਦ ਡਰਾ-ਧਮਕਾ ਕੇ ਜਾਂ ਦਬਾਅ ਪਾ ਕੇ ਸਰਕਾਰ ਦੇ ਕੰਮ-ਕਾਜ ਨੂੰ ਪ੍ਰਭਾਵਿਤ ਕਰਨਾ ਸੀ।









# 3 .94 ਲੱਖ ਪ੍ਰਵਾਸੀਆਂ ਨੇ ਹਾਸਲ ਕੀਤੀ ਕੈਨੇਡੀਅਨ ਸਿਟੀਜ਼ਨਸ਼ਿਪ

## ਆਪਣੇ ਸੁਪਨੇ ਸੱਚ ਕਰਨ ਦੇ ਮਕਸਦ ਨਾਲ ਕੈਨੇਡਾ ਆਉਂਦੇ ਹਨ ਪ੍ਰਵਾਸੀ : ਮਿਲਰ

## ਨਵੇਂ ਬਣੇ ਕੈਨੇਡੀਅਨ ਨਾਗਰਿਕਾਂ 'ਚੋਂ ਭਾਰਤੀ ਰਹੇ ਸਭ ਤੋਂ ਅੱਗੇ

ਸਰੀ/ਏ.ਟੀ.ਨਿਊਜ਼: ਕੈਨੇਡਾ ਵਿਚ 'ਸਿਟੀਜ਼ਨਸ਼ਿਪ ਵੀਕ' ਆਰੰਭ ਹੋ ਚੁੱਕਾ ਹੈ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ 1 ਅਪ੍ਰੈਲ 2023 ਤੋਂ 31 ਮਾਰਚ 2024 ਦਰਮਿਆਨ 393,500 ਪ੍ਰਵਾਸੀਆਂ ਨੇ ਮੁਲਕ ਦੀ ਨਾਗਰਿਕਤਾ ਹਾਸਲ ਕੀਤੀ ਅਤੇ ਇਨ੍ਹਾਂ ਵਿਚੋਂ ਸਭ ਤੋਂ ਅੱਗੇ ਭਾਰਤੀ ਰਹੇ। ਇਮੀਗ੍ਰੇਸ਼ਨ ਮੰਤਰੀ ਨੇ ਨਾਗਰਿਕਤਾ ਹਫ਼ਤੇ ਦੀ ਸ਼ੁਰੂਆਤ ਕਰਦਿਆਂ ਵੱਖ-ਵੱਖ ਸ਼ਹਿਰਾਂ ਵਿਚ ਨਵੇਂ ਨਾਗਰਿਕਾਂ ਨੂੰ ਸਹੁੰ ਚੁਕਾਉਣ ਦੀ ਰਸਮ ਅਦਾ ਕੀਤੀ। ਇਮੀਗ੍ਰੇਸ਼ਨ ਮਾਹਿਰਾਂ ਮੁਤਾਬਕ ਕੈਨੇਡਾ ਸਰਕਾਰ ਵੱਲੋਂ ਮੌਜੂਦਾ ਵਿੱਤੀ ਵਰ੍ਹੇ ਦੌਰਾਨ 4 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਦੇਣ ਦਾ ਟੀਚਾ ਮਿੱਥਿਆ ਗਿਆ ਹੈ।

ਸਰੀ ਵਿਖੇ 40 ਨਵੇਂ ਨਾਗਰਿਕਾਂ ਨੂੰ ਸਹੁੰ ਚੁਕਾਉਂਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕਮਿਊਨਿਟੀ ਲਗਾਤਾਰ ਵਧ-ਫੁੱਲ ਰਹੀ ਹੈ ਅਤੇ ਹਰ ਕੈਨੇਡੀਅਨ ਸਿਟੀਜ਼ਨ ਨੂੰ ਨਵੇਂ ਨਾਗਰਿਕਾਂ ਦਾ ਜ਼ੋਰਦਾਰ ਸਵਾਗਤ ਕਰਨਾ ਚਾਹੀਦਾ ਹੈ। ਪ੍ਰਵਾਸੀ ਆਪਣੇ ਸੁਪਨੇ ਸੱਚ ਕਰਨ ਦੇ ਮਕਸਦ ਨਾਲ ਕੈਨੇਡਾ ਆਉਂਦੇ ਹਨ ਅਤੇ ਕੋਈ ਨਹੀਂ ਚਾਹੁੰਦਾ ਕਿ ਉਸ ਦੀ ਜ਼ਿੰਦਗੀ ਪਹਿਲਾਂ ਵਾਲੇ ਪੱਧਰ 'ਤੇ ਹੀ ਠਹਿਰ ਜਾਵੇ। ਕੈਨੇਡਾ ਨੂੰ ਆਪਣਾ ਨਵਾਂ ਘਰ ਬਣਾਉਣ ਵਾਲੇ ਪ੍ਰਵਾਸੀ ਤਰੱਕੀ ਕਰਨਗੇ ਤਾਂ ਸਾਡਾ ਮੁਲਕ ਵਿਚ ਅੱਗੇ ਵਧੇਗਾ। ਤਕਰੀਬਨ ਦੋ ਘੰਟੇ ਤੱਕ ਚੱਲੇ ਸਮਾਗਮ ਦੌਰਾਨ ਸਰੀ-ਨਿਊਟਨ ਤੋਂ ਐਮ.ਪੀ. ਸੁਖ ਧਾਲੀਵਾਲ ਨੇ ਕਿਹਾ ਕਿ ਨਵੇਂ ਬਣੇ ਨਾਗਰਿਕਾਂ ਦੀ ਜ਼ਿੰਦਗੀ ਲਈ ਅੱਜ ਦਾ ਦਿਨ ਬੇਹੱਦ ਖਾਸ ਹੈ ਅਤੇ 1987 ਵਿੱਚ ਉਨ੍ਹਾਂ ਨੂੰ ਵੀ ਕੈਨੇਡੀਅਨ ਨਾਗਰਿਕਤਾ ਹਾਸਲ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਹੋਈ। ਸੁਖ ਧਾਲੀਵਾਲ ਨੇ ਅੱਗੇ ਕਿਹਾ ਕਿ ਕੈਨੇਡੀਅਨ ਸਿਟੀਜ਼ਨ ਵਜੋਂ ਸਹੁੰ ਚੁੱਕਣੀ ਲਾਜ਼ਮੀ ਹੈ ਪਰ ਇਸ ਦੀ ਅਹਿਮੀਅਤ ਲਫਜ਼ਾਂ ਤੋਂ ਕਿਤੇ ਉੱਪਰ ਹੈ। ਬਤੌਰ ਕੈਨੇਡੀਅਨ



ਨਾਗਰਿਕ ਹਰ ਸ਼ਖਸ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਪ੍ਰਤੀ ਵਚਨਬੱਧ ਹੁੰਦਾ ਹੈ ਅਤੇ ਵੰਨ ਸੁਵੰਨੇ ਸੱਭਿਆਚਾਰ ਵਾਲੇ ਲੋਕਤੰਤਰੀ ਮੁਲਕ ਵਿੱਚ ਉਸ ਨੂੰ ਹਰ ਹੱਕ ਮਿਲ ਜਾਂਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਮੌਜੂਦਾ ਵਰ੍ਹੇ ਦੌਰਾਨ 4 ਲੱਖ 85 ਹਜ਼ਾਰ ਨਵੇਂ ਪ੍ਰਵਾਸੀਆਂ ਨੂੰ ਸੱਦਣ ਦਾ ਟੀਚਾ ਮਿੱਥਿਆ ਗਿਆ ਹੈ ਜਦਕਿ 2025 ਵਿੱਚ ਇਹ ਅੰਕੜਾ 5 ਲੱਖ ਤੋਂ ਟੱਪ ਜਾਵੇਗਾ। ਨਾਗਰਿਕਤਾ ਹਾਸਲ ਕਰਨ ਵਾਲਿਆਂ ਦਾ ਜ਼ਿਕਰ ਕੀਤਾ ਜਾਵੇ ਤਾਂ 2022-23 ਦੌਰਾਨ 3 ਲੱਖ 74 ਹਜ਼ਾਰ ਪ੍ਰਵਾਸੀਆਂ ਨੇ ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕੀਤੀ ਅਤੇ ਇਨ੍ਹਾਂ ਵਿਚੋਂ 59,503 ਦੇ ਅੰਕੜੇ ਨਾਲ ਭਾਰਤੀ ਸਭ ਤੋਂ ਅੱਗੇ ਰਹੇ। ਫਿਲੀਪੀਨਜ਼ ਨਾਲ ਸਬੰਧਤ 41,540 ਪ੍ਰਵਾਸੀਆਂ ਨੇ ਕੈਨੇਡੀਅਨ ਨਾਗਰਿਕਤਾ ਹਾਸਲ ਕੀਤੀ ਜਦਕਿ ਰਫਿਊਜੀ ਦੇ ਰੂਪ ਵਿੱਚ ਸੀਰੀਆ ਤੋਂ ਆਏ 20,355 ਜਣੇ ਕੈਨੇਡੀਅਨ ਸਿਟੀਜ਼ਨ ਬਣ ਗਏ।

ਤਾਜ਼ਾ ਅੰਕੜਿਆਂ ਵਿੱਚ ਇਮੀਗ੍ਰੇਸ਼ਨ ਮੰਤਰੀ ਵੱਲੋਂ ਮੁਲਕਾਂ ਦੇ ਆਧਾਰ 'ਤੇ ਵੇਰਵੇ ਨਸ਼ਰ ਨਹੀਂ ਕੀਤੇ ਗਏ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਵੀ ਬਾਜ਼ੀ ਭਾਰਤੀ ਲੋਕਾਂ ਦੇ ਹੱਥ ਰਹੀ। ਦੂਜੇ ਪਾਸੇ 32 ਸਾਲ ਪਹਿਲਾਂ



ਕੈਨੇਡੀਅਨ ਨਾਗਰਿਕਤਾ ਹਾਸਲ ਕਰਨ ਵਾਲੀ ਇੱਕ ਔਰਤ ਦੀ ਸਿਟੀਜ਼ਨਸ਼ਿਪ ਰੱਦ ਕਰ ਦਿਤੀ ਗਈ। ਓਂਟਾਰੀਓ ਦੇ ਅਜੈਕਸ ਵਿਖੇ ਰਹਿ ਰਹੀ ਐਰੀਅਲ ਟਾਊਨਸੈਂਡ ਨੇ 1992 ਵਿੱਚ ਸਿਟੀਜ਼ਨਸ਼ਿਪ ਹਾਸਲ ਕੀਤੀ ਪਰ ਇਮੀਗ੍ਰੇਸ਼ਨ ਵਿਭਾਗ ਦੇ ਫ਼ੈਸਲੇ ਮੁਤਾਬਕ ਉਸ ਨੂੰ ਗਲਤੀ ਨਾਲ ਕੈਨੇਡੀਅਨ ਨਾਗਰਿਕਤਾ ਮਿਲ ਗਈ। ਐਰੀਅਲ ਨੂੰ ਮੁੜ ਸਿਟੀਜ਼ਨਸ਼ਿਪ ਹਾਸਲ ਕਰਨ ਲਈ ਹਜ਼ਾਰਾਂ ਡਾਲਰ ਖਰਚ ਕਰਨੇ ਪੈ ਸਕਦੇ ਹਨ।

# ਭਾਰਤ-ਇਰਾਨ ਚਾਬਹਾਰ ਸਮਝੌਤੇ ਤੋਂ ਖ਼ਫ਼ਾ ਹੋ ਕੇ ਅਮਰੀਕਾ ਨੇ ਪਾਬੰਦੀ ਲਗਾਉਣ ਦੀ ਦਿੱਤੀ ਧਮਕੀ

ਵਾਸ਼ਿੰਗਟਨ/ਏ.ਟੀ.ਨਿਊਜ਼ :ਤਹਿਰਾਨ ਤੇ ਨਵੀਂ ਦਿੱਲੀ ਵੱਲੋਂ ਚਾਬਹਾਰ ਬੰਦਰਗਾਹ ਨੂੰ ਲੈ ਕੇ ਸਮਝੌਤਾ ਸਹੀਬੰਦ ਕੀਤੇ ਜਾਣ ਤੋਂ ਇੱਕ ਦਿਨ ਮਗਰੋਂ ਅਮਰੀਕਾ ਨੇ ਚਿਤਾਵਨੀ ਦਿੱਤੀ ਕਿ ਕੋਈ ਵੀ ਮੁਲਕ ਜੇਕਰ ਇਰਾਨ ਨਾਲ ਕਾਰੋਬਾਰੀ ਸਮਝੌਤਾ ਕਰਦਾ ਹੈ ਤਾਂ ਉਹ 'ਪਾਬੰਦੀਆਂ ਦੇ ਸੰਭਾਵੀ ਜੋਖਮ' ਲਈ ਤਿਆਰ ਰਹੇ। ਭਾਰਤ ਨੇ ਬੀਤੇ ਦਿਨ ਰਣਨੀਤਕ ਪੱਖੋਂ ਅਹਿਮ ਇਰਾਨ ਦੀ ਚਾਬਹਾਰ ਬੰਦਰਗਾਹ ਚਲਾਉਣ ਲਈ ਦਸ ਸਾਲ ਦਾ ਕਰਾਰ ਸਹੀਬੰਦ ਕੀਤਾ ਸੀ। ਇਸ ਸਮਝੌਤੇ ਮਗਰੋਂ ਨਵੀਂ ਦਿੱਲੀ ਨੂੰ ਕੇਂਦਰੀ ਏਸ਼ੀਆ ਵਿੱਚ ਵਪਾਰ ਦਾ ਘੇਰਾ ਵਧਾਉਣ ਵਿੱਚ ਮਦਦ ਮਿਲੇਗੀ। ਇਰਾਨ ਦੇ ਊਰਜਾ ਨਾਲ ਭਰਪੂਰ ਦੱਖਣੀ ਸਾਹਿਲ 'ਤੇ ਸਿਸਤਾਨ-ਬਲੋਚਿਸਤਾਨ ਸੂਬੇ ਵਿੱਚ ਸਥਿਤ- ਓਮਾਨ ਦੀ ਖਾੜੀ ਵਿਚਲੀ ਚਾਬਹਾਰ ਬੰਦਰਗਾਹ, ਜਿਸ ਨੂੰ ਨਵੀਂ ਦਿੱਲੀ ਨੇ 2003 ਵਿੱਚ ਵਿਕਸਤ ਕਰਨ ਦੀ ਤਜਵੀਜ਼ ਰੱਖੀ ਸੀ, ਸੜਕ ਤੇ ਰੇਲ ਪ੍ਰਾਜਕੈਟ (ਕੌਮਾਂਤਰੀ ਉੱਤਰ-ਦੱਖਣ ਟਰਾਂਸਪੋਰਟ ਕੌਰੀਡੋਰ) ਦੀ ਵਰਤੋਂ ਕਰਦਿਆਂ ਭਾਰਤੀ ਵਸਤਾਂ ਨੂੰ ਅਫ਼ਗਾਨਿਸਤਾਨ ਤੇ ਕੇਂਦਰੀ ਏਸ਼ੀਆ ਤੱਕ ਲਾਂਘਾ ਪ੍ਰਦਾਨ ਕਰੇਗੀ।

ਸ਼ੱਕੀ ਪ੍ਰਮਾਣੂ ਪ੍ਰੋਗਰਾਮ ਕਰਕੇ ਅਮਰੀਕਾ ਵੱਲੋਂ ਇਰਾਨ 'ਤੇ ਲਾਈਆਂ ਪਾਬੰਦੀਆਂ ਦੇ ਸਿੱਟੇ ਵਜੋਂ ਚਾਬਹਾਰ ਬੰਦਰਗਾਹ ਨੂੰ ਵਿਕਸਤ ਕਰਨ ਦੀ ਰਫ਼ਤਾਰ ਮੱਠੀ ਪੈ ਗਈ ਸੀ। ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਵੇਦਾਂਤ ਪਟੇਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਕਿਹਾ, "ਅਸੀਂ ਇਰਾਨ ਤੇ ਭਾਰਤ ਵੱਲੋਂ ਚਾਬਹਾਰ ਬੰਦਰਗਾਹ ਨੂੰ ਲੈ ਕੇ ਕੀਤੇ ਕਰਾਰ ਸਬੰਧੀ ਰਿਪੋਰਟਾਂ ਤੋਂ ਜਾਣੂ ਹਾਂ। ਮੈਂ ਭਾਰਤ ਸਰਕਾਰ ਨੂੰ ਚਾਬਹਾਰ



ਬੰਦਰਗਾਹ ਦੇ ਨਾਲ-ਨਾਲ ਇਰਾਨ ਨਾਲ ਦੁਵੱਲੇ ਸਬੰਧਾਂ ਬਾਰੇ ਆਪਣੀ ਵਿਦੇਸ਼ ਨੀਤੀ ਦੇ ਟੀਚਿਆਂ ਬਾਰੇ ਗੱਲ ਕਰਨ ਦੇਵਾਂਗਾ।" ਪਟੇਲ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, "ਮੈਂ ਸਿਰਫ਼ ਇੰਨਾ ਕਹਾਂਗਾ, ਕਿਉਂ ਜੋ ਇਹ ਮਸਲਾ ਅਮਰੀਕਾ ਨਾਲ ਜੁੜਦਾ ਹੈ, ਸਾਡੇ ਵੱਲੋਂ ਇਰਾਨ 'ਤੇ ਲਾਈਆਂ ਪਾਬੰਦੀਆਂ ਪਹਿਲਾਂ ਵਾਂਗ ਜਾਰੀ ਰਹਿਣਗੀਆਂ ਅਤੇ ਅਸੀਂ ਉਨ੍ਹਾਂ 'ਤੇ ਦਬਾਅ ਪਾਉਂਦੇ ਰਹਾਂਗੇ।" ਪਟੇਲ ਨੇ ਕਿਹਾ, "ਤੁਸੀਂ ਪਹਿਲਾਂ ਵੀ ਕਈ ਮੌਕਿਆਂ 'ਤੇ ਇਹ ਗੱਲ ਸੁਣੀ ਹੋਵੇਗੀ ਕਿ ਕੋਈ ਵੀ ਮੁਲਕ, ਜੇਕਰ ਇਰਾਨ ਨਾਲ ਕਾਰੋਬਾਰੀ ਸਮਝੌਤਾ ਕਰਨ ਬਾਰੇ ਵਿਚਾਰ ਕਰ ਰਿਹਾ ਹੈ, ਤਾਂ ਉਸ ਨੂੰ ਪਾਬੰਦੀਆਂ ਦੇ ਸੰਭਾਵੀ ਜੋਖਮ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ।" ਭਾਰਤ ਤੇ ਇਰਾਨ ਵੱਲੋਂ ਚਾਬਹਾਰ ਬੰਦਰਗਾਹ ਨੂੰ 7200 ਕਿਲੋਮੀਟਰ ਲੰਮੇ ਆਈਐੱਨਐੱਸਟੀਸੀ-ਜੋ ਭਾਰਤ, ਇਰਾਨ, ਅਫ਼ਗਾਨਿਸਤਾਨ, ਅਰਮੇਨੀਆ, ਅਜ਼ਰਬਾਇਜਾਨ, ਰੂਸ, ਕੇਂਦਰੀ ਏਸ਼ੀਆ ਤੇ ਯੂਰਪ ਦਰਮਿਆਨ ਮਾਲ ਦੀ ਢੋਆ-ਢੁਆਈ ਲਈ ਮਲਟੀ ਮੋਡ ਟਰਾਂਸਪੋਰਟ ਪ੍ਰਾਜੈਕਟ ਦੇ ਅਹਿਮ ਧੁਰੇ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਅਧਿਕਾਰਤ ਬਿਆਨ ਮੁਤਾਬਕ ਇੰਡੀਅਨ ਪੋਰਟਸ ਗਲੋਬਲ ਲਿਮਟਿਡ (ਆਈਪੀਜੀਐੱਲ) ਅਤੇ ਇਰਾਨ ਦੀ ਦਿ ਪੋਰਟ ਐਂਡ ਮੈਰੀਟਾਈਮ ਆਰਗੇਨਾਈਜ਼ੇਸ਼ਨ ਨੇ ਲੰਮੇ ਸਮੇਂ ਲਈ ਕਰਾਰ ਸਹੀਬੰਦ ਕੀਤਾ ਸੀ। ਕਰਾਰ ਤਹਿਤ ਆਈਪੀਜੀਐੱਲ ਵੱਲੋਂ 12 ਕਰੋੜ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ ਜਦੋਂਕਿ 25 ਕਰੋੜ ਡਾਲਰ ਦਾ ਕਰਜ਼ੇ ਲਿਆ ਜਾਵੇਗਾ। ਲੰਘੇ ਦਿਨ ਸਿਰੇ ਚੜ੍ਹਿਆ ਕਰਾਰ 2016 ਦੇ ਇੱਕ ਸ਼ੁਰੂਆਤੀ ਸਮਝੌਤੇ ਦੀ ਥਾਂ ਲਏਗਾ, ਜਿਸ ਵਿੱਚ ਚਾਬਹਾਰ ਬੰਦਰਗਾਹ 'ਚ ਸ਼ਾਹਿਦ ਬਹਿਸ਼ਤੀ ਟਰਮੀਨਲ ਭਾਰਤ ਵੱਲੋਂ ਸੰਚਾਲਤ ਕਰਨਾ ਅਤੇ ਸਾਲਾਨਾ ਆਧਾਰ 'ਤੇ ਕਰਾਰ ਨਵਿਆਉਣਾ ਵੀ ਸ਼ਾਮਲ ਸੀ। ਭਾਰਤ ਨੇ ਪਿਛਲੇ ਸਾਲ ਇਮਦਾਦ ਵਜੋਂ ਅਫ਼ਗਾਨਿਸਤਾਨ ਨੂੰ 20,000 ਟਨ ਕਣਕ ਭੇਜਣ ਲਈ ਚਾਬਹਾਰ ਬੰਦਰਗਾਹ ਦੀ ਹੀ ਵਰਤੋਂ ਕੀਤੀ ਸੀ। ਇਰਾਨ ਨੂੰ ਵਾਤਾਵਰਨ ਪੱਖੀ ਕੀਟਨਾਸ਼ਕਾਂ ਦੀ ਸਪਲਾਈ ਲਈ ਵੀ ਇਹੀ ਰੂਟ ਵਰਤਿਆ ਗਿਆ ਸੀ। ਗੁਜਰਾਤ ਦੀ ਕਾਂਡਲਾ ਬੰਦਰਗਾਹ 550 ਨੌਟੀਕਲ ਮੀਲ ਦੇ ਫਾਸਲੇ ਨਾਲ ਚਾਬਹਾਰ ਬੰਦਰਗਾਹ ਦੇ ਸਭ ਤੋਂ ਨੇੜੇ ਪੈਂਦੀ ਹੈ। ਚਾਬਹਾਰ ਤੇ ਮੁੰਬਈ ਵਿਚਲਾ ਫਾਸਲਾ 786 ਨੌਟੀਕਲ ਮੀਲ ਹੈ।

### ਵੱਡੇ ਆਰਥਿਕ ਸੰਕਟ ਵਿੱਚ ਘਿਰਿਆ ਪਾਕਿਸਤਾਨ

# ਪਾਕਿ ਸਰਕਾਰ ਵੱਲੋਂ ਸਾਰੀਆਂ ਸਰਕਾਰੀ ਕੰਪਨੀਆਂ ਨੂੰ ਵੇਚਣ ਦਾ ਐਲਾਨ

## ਸਭ ਤੋਂ ਪਹਿਲਾਂ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਕੰਪਨੀ ਲਿਮਟਿਡ ਦਾ ਕੀਤਾ ਜਾਵੇਗਾ ਨਿੱਜੀਕਰਨ

ਇਸਲਾਮਾਬਾਦ/ਏ.ਟੀ.ਨਿਊਜ਼ :-ਭਾਰਤ ਅਤੇ ਦੁਨੀਆਂ ਦੀਆਂ ਵੱਡੀਆਂ ਅਰਥਵਿਵਸਥਾਵਾਂ ਨੂੰ ਪਿੱਛੇ ਛੱਡਣ ਦਾ ਦਾਅਵਾ ਕਰਨ ਵਾਲਾ ਪਾਕਿਸਤਾਨ ਇਸ ਸਮੇਂ ਵੱਡੇ ਆਰਥਿਕ ਸੰਕਟ ਵਿੱਚ ਘਿਰਿਆ ਹੋਇਆ ਹੈ, ਜਿਸ ਕਾਰਨ ਪਾਕਿਸਤਾਨ ਸਰਕਾਰ ਨੇ ਦੇਸ਼ ਦੀਆਂ ਸਾਰੀਆਂ ਸਰਕਾਰੀ ਕੰਪਨੀਆਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਲੰਘੇ ਦਿਨ ਇਸਲਾਮਾਬਾਦ 'ਚ ਨਿੱਜੀਕਰਨ ਕਮਿਸ਼ਨ ਦੀ ਬੈਠਕ 'ਚ ਇਹ ਐਲਾਨ ਕੀਤਾ। ਉਨ੍ਹਾਂ ਕਿਹਾ, 'ਕਾਰੋਬਾਰ ਕਰਨਾ ਸਰਕਾਰ ਦਾ ਕੰਮ ਨਹੀਂ ਹੈ, ਸਰਕਾਰ ਦਾ ਕੰਮ ਦੇਸ਼ 'ਚ ਕਾਰੋਬਾਰ ਅਤੇ ਨਿਵੇਸ਼ ਲਈ ਵਧੀਆ ਮਾਹੌਲ ਪ੍ਰਦਾਨ ਕਰਨਾ ਹੈ।' ਪਾਕਿਸਤਾਨ ਦੇ ਮੰਦੇ ਆਰਥਿਕ ਹਾਲਾਤ ਇਸ ਕਰਕੇ ਵੀ ਬਣ ਗਏ ਹਨ ਕਿਉਂਕਿ ਉਹ ਆਈ.ਐਮ.ਐਫ਼. ਦੀਆਂ ਸਖਤ ਸ਼ਰਤਾਂ ਦਾ ਸਾਹਮਣਾ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ 30 ਅਪ੍ਰੈਲ ਨੂੰ ਆਈ.ਐਮ.ਐਫ਼. ਤੋਂ 9.183 ਹਜ਼ਾਰ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਮਿਲਣ ਤੋਂ ਬਾਅਦ ਮਈ 'ਚ ਪਾਕਿਸਤਾਨ ਦਾ ਵਿਦੇਸ਼ੀ ਮੁਦਰਾ ਭੰਡਾਰ ਵਧ ਕੇ 1.20 ਲੱਖ ਕਰੋੜ ਰੁਪਏ ਹੋ ਗਿਆ। ਪਾਕਿਸਤਾਨ ਵਿੱਚ ਪਿਛਲੇ ਮਹੀਨੇ (ਅਪ੍ਰੈਲ 2024) ਵਿੱਚ




ਮਹਿੰਗਾਈ ਦਰ ਵਿੱਚ 17.3% ਦੀ ਗਿਰਾਵਟ ਦਰਜ ਕੀਤੀ ਗਈ ਸੀ। ਦੇਸ਼ ਦੇ ਵਿੱਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਇਹ 2 ਸਾਲਾਂ 'ਚ ਸਭ ਤੋਂ ਘੱਟ ਹੈ। ਠੀਕ ਇੱਕ ਸਾਲ ਪਹਿਲਾਂ, ਮਈ 2023 ਵਿੱਚ, ਪਾਕਿਸਤਾਨ ਵਿੱਚ ਮਹਿੰਗਾਈ ਦਰ 38% ਤੱਕ ਪਹੁੰਚ ਗਈ ਸੀ।

ਇਸ ਤੋਂ ਪਹਿਲਾਂ ਪਿਛਲੇ ਸਾਲ ਜਦੋਂ ਪਾਕਿਸਤਾਨ ਨੂੰ ਆਈ.ਐਮ.ਐਫ਼. ਤੋਂ 10 ਹਜ਼ਾਰ ਕਰੋੜ ਰੁਪਏ ਦਾ ਪੈਕੇਜ ਮਿਲਿਆ ਸੀ ਤਾਂ ਸ਼ਰੀਫ ਸਰਕਾਰ ਨੂੰ ਵੀ ਕਈ ਸਖ਼ਤ ਫੈਸਲੇ ਲੈਣ ਲਈ ਕਿਹਾ ਗਿਆ ਸੀ। ਆਈ.ਐਮ.ਐਫ਼. ਨੇ ਹਰ ਤਰ੍ਹਾਂ ਦੀਆਂ ਸਬਸਿਡੀਆਂ ਖਤਮ ਕਰਨ, ਪੈਟਰੋਲ, ਡੀਜ਼ਲ ਅਤੇ ਬਿਜਲੀ ਨੂੰ 30 ਫੀਸਦੀ ਮਹਿੰਗਾ ਕਰਨ ਅਤੇ ਟੈਕਸ ਕੁਲੈਕਸ਼ਨ 10 ਫੀਸਦੀ ਵਧਾਉਣ ਦੀ ਮੰਗ ਕੀਤੀ ਸੀ। ਪਾਕਿਸਤਾਨ ਦੇ ਵਿੱਤ ਮੰਤਰਾਲੇ ਦੀ ਦਸੰਬਰ 2023 ਦੀ ਰਿਪੋਰਟ ਦੇ ਅਨੁਸਾਰ, ਪਾਕਿਸਤਾਨ ਵਿੱਚ 88 ਸਰਕਾਰੀ ਕੰਪਨੀਆਂ ਹਨ।

ਸ਼ਾਹਬਾਜ਼ ਸ਼ਰੀਫ ਨੇ 12 ਮਈ ਨੂੰ ਆਈ.ਐਮ.ਐਫ਼. ਦੀ ਐਡਵਾਂਸ ਟੀਮ ਦੇ ਪਾਕਿਸਤਾਨ ਦੌਰੇ ਤੋਂ ਬਾਅਦ ਕੰਪਨੀਆਂ ਨੂੰ ਵੇਚਣ ਦਾ ਐਲਾਨ ਕੀਤਾ ਹੈ। ਆਈ.ਐਮ.ਐਫ਼. ਅਧਿਕਾਰੀਆਂ ਨਾਲ ਮੀਟਿੰਗ ਵਿੱਚ ਪਾਕਿਸਤਾਨ ਨੇ ਲੰਬੇ ਸਮੇਂ ਤੋਂ ਵੱਡੇ ਕਰਜ਼ੇ ਦੀ ਮੰਗ ਕੀਤੀ ਸੀ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਹੈ ਕਿ ਕੰਪਨੀਆਂ ਨੂੰ ਵੇਚਣ ਦੀ ਪ੍ਰਕਿਰਿਆ ਨੂੰ ਪਾਰਦਰਸ਼ਤਾ ਨਾਲ ਪੂਰਾ ਕੀਤਾ ਜਾਵੇਗਾ। ਪਿਛਲੇ ਹਫ਼ਤੇ 24 ਕੰਪਨੀਆਂ ਦੀ ਸੂਚੀ ਬਣਾਈ ਗਈ ਸੀ, ਜਿਨ੍ਹਾਂ ਨੂੰ ਨਿੱਜੀਕਰਨ ਦੇ ਪਹਿਲੇ ਪੜਾਅ ਵਿੱਚ ਵੇਚਿਆ ਜਾਵੇਗਾ।

# ਸੰਯੁਕਤ ਰਾਸ਼ਟਰ ਵੱਲੋਂ ਫਲਸਤੀਨ ਦੇ ਹੱਕਾਂ 'ਚ ਵਾਧਾ ਕਰਨ ਬਾਰੇ ਮਤਾ ਪਾਸ

## ਮਤੇ ਦੇ ਹੱਕ 'ਚ 143, ਜਦਕਿ ਵਿਰੋਧ ਵਿੱਚ 9 ਵੋਟਾਂ ਪਈਆਂ

## ਇਜ਼ਰਾਈਲ ਵੱਲੋਂ ਗਾਜ਼ਾ ਉੱਪਰ ਹਮਲੇ ਜਾਰੀ, ਭਾਰੀ ਤਬਾਹੀ ਕੀਤੀ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ : ਗਾਜ਼ਾ ਸੰਕਟ 'ਤੇ ਫੌਰੀ ਵਿਸ਼ੇਸ਼ ਸੈਸ਼ਨ ਸੱਦਣ ਲਈ ਬੀਤੇ ਦਿਨੀਂ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ (ਯੂਐੱਨ) ਮਹਾਸਭਾ ਦੀ ਬੈਠਕ ਹੋਈ। ਇਸ ਮੌਕੇ ਸੰਯੁਕਤ ਰਾਸ਼ਟਰ ਵਿੱਚ ਮੁਕੰਮਲ ਮੈਂਬਰਸ਼ਿਪ ਤੋਂ ਬਿਨਾਂ ਨਿਗਰਾਨ ਰਾਜ ਵਜੋਂ ਫਲਸਤੀਨ ਦੇ ਹੱਕਾਂ ਵਿੱਚ ਵਾਧਾ ਕਰਨ ਬਾਰੇ ਮਤਾ ਵੱਡੀ ਬਹੁਗਿਣਤੀ ਨਾਲ ਪਾਸ ਕੀਤਾ ਗਿਆ ਅਤੇ ਭਾਰਤ ਨੇ ਵੀ ਇਸ ਮਤੇ ਦੇ ਹੱਕ ਵਿੱਚ ਵੋਟ ਪਾਈ ਸੀ।

ਮਤੇ ਦੇ ਹੱਕ 'ਚ 143 ਜਦਕਿ ਵਿਰੋਧ ਵਿੱਚ 9 ਵੋਟਾਂ ਪਈਆਂ। ਜਾਣਕਾਰੀ ਅਨੁਸਾਰ 193 ਮੈਂਬਰੀ ਮਹਾ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਸੰਯੁਕਤ ਰਾਸ਼ਟਰ ਵਿੱਚ ਫਲਸਤੀਨ ਰਾਜ ਦੀ ਪੂਰਨ ਮੈਂਬਰਸ਼ਿਪ ਦੀ ਹਮਾਇਤ ਵਿੱਚ ਅਰਬ ਸਮੂਹ ਦਾ ਮਤਾ 'ਸੰਯੁਕਤ ਰਾਸ਼ਟਰ ਵਿੱਚ ਨਵੇਂ ਮੈਂਬਰਾਂ ਦਾ ਦਾਖਲਾ' ਅਮੀਰਾਤ ਵੱਲੋਂ ਪੇਸ਼ ਕੀਤਾ ਗਿਆ। ਮਤੇ ਦੇ ਹੱਕ ਵਿੱਚ ਭਾਰਤ ਸਮੇਤ 143 ਵੋਟਾਂ ਪਈਆਂ ਜਦਕਿ ਵਿਰੋਧ ਵਿੱਚ ਨੌਂ ਵੋਟਾਂ ਪਈਆਂ ਅਤੇ 25 ਮੈਂਬਰ ਗ਼ੈਰਹਾਜ਼ਰ ਰਹੇ।

ਮਤੇ ਅਨੁਸਾਰ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 4 ਅਨੁਸਾਰ 'ਫਲਸਤੀਨ ਰਾਜ ਸੰਯੁਕਤ ਰਾਸ਼ਟਰ ਵਿੱਚ ਮੈਂਬਰਸ਼ਿਪ ਦੇ ਯੋਗ ਹੈ ਅਤੇ ਇਸ ਲਈ ਉਸ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।' ਮਤੇ ਵਿੱਚ ਸੁਰੱਖਿਆ ਕੌਂਸਲ ਨੂੰ ਇਸ ਮਸਲੇ 'ਤੇ ਪੁਨਰ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਭਾਰਤ ਇੱਕੋ-ਇੱਕੋ ਗੈਰ-ਅਰਬ ਮੁਲਕ ਹੈ ਜਿਸ ਨੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੂੰ ਮਾਨਤਾ ਦਿੱਤੀ ਸੀ। ਭਾਰਤ 1988 ਤੇ 1996 ਵਿੱਚ ਫਲਸਤੀਨ ਰਾਜ ਨੂੰ ਮਾਨਤਾ ਦੇਣ ਵਾਲਾ ਪਹਿਲਾ ਮੁਲਕ ਵੀ ਹੈ।

ਆਲਮੀ ਸੰਗਠਨ ਵਿੱਚ ਫ਼ਲਸਤੀਨ ਦੇ ਅਧਿਕਾਰਾਂ ਦਾ ਦਰਜਾ ਉੱਚਾ ਚੁੱਕਣ ਨੂੰ ਮਿਲੇ ਭਰਵੇਂ ਕੌਮਾਂਤਰੀ ਹੁੰਗਾਰੇ ਦੇ ਨਾਲ-ਨਾਲ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਨੂੰ ਬੇਨਤੀ ਕੀਤੀ ਗਈ ਕਿ ਉਹ ਫਲਸਤੀਨ ਨੂੰ ਸੰਪੂਰਨ ਰਾਜ ਦਾ ਦਰਜਾ ਦੇਣ ਉੱਤੇ ਵਿਚਾਰ ਕਰੇ। ਇਸ ਮਤੇ ਨਾਲ ਸੰਯੁਕਤ ਰਾਸ਼ਟਰ ਅੰਦਰ ਫਲਸਤੀਨ ਦੇ ਹੱਕਾਂ ਦਾ ਦਰਜਾ ਵਧ ਗਿਆ ਹੈ, ਹਾਲਾਂਕਿ ਇਸ ਨਾਲ ਉਸ ਨੂੰ ਵੋਟ ਦਾ ਹੱਕ ਜਾਂ ਸੰਯੁਕਤ ਰਾਸ਼ਟਰ ਇਕਾਈਆਂ ਦੀਆਂ ਚੋਣਾਂ ਵਿੱਚ ਖੜ੍ਹੇ ਹੋਣ ਦਾ ਅਧਿਕਾਰ ਨਹੀਂ ਮਿਲੇਗਾ।

### ਹਾਸ਼ੀਏ 'ਤੇ ਨਹੀਂ ਰਹੇਗੀ ਫਲਸਤੀਨੀ ਸਟੇਟ

ਹੁਣ 10 ਸਤੰਬਰ ਨੂੰ ਜਦੋਂ ਸੰਯੁਕਤ ਰਾਸ਼ਟਰ ਮਹਾਸਭਾ ਆਪਣਾ ਅਗਲਾ ਸੈਸ਼ਨ ਆਰੰਭੇਗੀ, ਉਦੋਂ ਫਲਸਤੀਨੀ ਸਟੇਟ ਹਾਸ਼ੀਏ 'ਤੇ ਨਹੀਂ



ਰਹੇਗੀ। ਵਰਣਮਾਲਾ ਦੇ ਕ੍ਰਮ ਅਨੁਸਾਰ ਇਹ ਬਾਕੀ ਮੈਂਬਰ ਮੁਲਕਾਂ ਦੇ ਨਾਲ ਬੈਠੇਗਾ, ਤਜਵੀਜ਼ਾਂ ਤੇ ਸੋਧਾਂ ਵਿੱਚ ਇਸ ਦੀ ਭੂਮਿਕਾ ਹੋਵੇਗੀ। ਫ਼ਲਸਤੀਨੀ ਪ੍ਰਤੀਨਿਧੀਆਂ ਨੂੰ ਯੂ. ਐੱਨ. ਮਹਾਸਭਾ ਦੀਆਂ ਕਈ ਪੂਰਨ ਅਤੇ ਮੁੱਖ ਕਮੇਟੀਆਂ ਵਿੱਚ ਅਧਿਕਾਰੀਆਂ ਵਜੋਂ ਚੁਣਿਆ ਜਾ ਸਕੇਗਾ। ਇਸ ਕਦਮ ਦੀ ਵੱਡੀ ਪ੍ਰਤੀਕਾਤਮਕ ਕੀਮਤ ਹੈ; ਹਾਲਾਂਕਿ ਇਸ ਨਾਲ ਫਸਲਤੀਨੀਆਂ ਦੀ ਮੌਜੂਦਾ ਅਤੇ ਹੋਂਦ ਨਾਲ ਜੁੜੀ ਪੀੜ ਘਟ ਨਹੀਂ ਜਾਂਦੀ। ਇਸ ਵਕਤ ਸਭ ਤੋਂ ਵੱਧ ਅਹਿਮੀਅਤ ਗੋਲੀਬੰਦੀ, ਮਾਨਵੀ ਮਦਦ ਵਿੱਚ ਵੱਡੇ ਵਾਧੇ ਅਤੇ ਇਜ਼ਰਾਇਲੀ ਬੰਦੀਆਂ ਦੀ ਵਾਪਸੀ ਦੀ ਹੈ। ਫ਼ਲਸਤੀਨ ਨੂੰ ਮੁਕੰਮਲ ਮੈਂਬਰਸ਼ਿਪ ਦੇਣ ਦੇ ਨਾਲੋ-ਨਾਲ ਹੀ ਗੋਲੀਬੰਦੀ ਹੋਣੀ ਚਾਹੀਦੀ ਹੈ। 143 ਮੁਲਕਾਂ ਵੱਲੋਂ ਮਿਲਿਆ ਭਰਵਾਂ ਹੁੰਗਾਰਾ, ਵੋਟ ਨਾ ਪਾਉਣ ਵਾਲੇ 25 ਮੁਲਕਾਂ ਅਤੇ 'ਨਾਂਹ' ਕਰਨ ਵਾਲੇ ਅਮਰੀਕਾ ਦੀ ਅਗਵਾਈ ਹੇਠਲੇ 9 ਜਣਿਆਂ ਉੱਤੇ ਭਾਰੂ ਪਿਆ ਹੈ।

ਸੰਸਾਰ ਖ਼ਾਸ ਤੌਰ 'ਤੇ 'ਗਲੋਬਲ ਸਾਊਥ' ਜਿਸ ਵਿੱਚ ਅਫਰੀਕਾ, ਲਾਤੀਨੀ ਅਮਰੀਕਾ, ਕੈਰੀਬੀਅਨ, ਏਸ਼ੀਆ (ਇਜ਼ਰਾਈਲ, ਜਪਾਨ ਤੇ ਦੱਖਣੀ ਕੋਰੀਆ ਨੂੰ ਛੱਡ ਕੇ) ਤੇ ਓਸ਼ਨੀਆ (ਆਟਰੇਲੀਆ ਤੇ ਨਿਊਜ਼ੀਲੈਂਡ ਨੂੰ ਛੱਡ ਕੇ) ਦੇ ਸਾਰੇ ਮੁਲਕ ਆਉਂਦੇ ਹਨ, ਖੇਤਰ ਵਿੱਚ ਵਾਰ-ਵਾਰ ਉੱਠ ਰਹੇ ਟਕਰਾਅ ਦੇ ਝਟਕਿਆਂ ਵਿਚੋਂ ਉਪਜੇ ਨਕਾਰਾਤਮਕ ਸਿੱਟਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

ਪਿਛਲੇ ਮਹੀਨੇ, ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਵਿੱਚ ਫਸਲਤੀਨ ਨੂੰ ਮੁਲਕ ਦਾ ਦਰਜਾ ਦੇਣ ਦੇ ਮਤੇ ਦਾ ਇੱਕੋ-ਇੱਕ ਵਿਰੋਧੀ ਅਮਰੀਕਾ ਸੀ। ਅਮਰੀਕੀ ਕਾਲਜਾਂ-ਯੂਨੀਵਰਸਿਟੀਆਂ ਵਿੱਚ ਉੱਠੇ ਵਿਦਰੋਹ ਨੂੰ ਧਿਆਨ ਵਿੱਚ ਰੱਖਦਿਆਂ ਵਾਸ਼ਿੰਗਟਨ ਵੀ ਹੁਣ ਇਹ ਸਮਝ ਸਕਦਾ ਹੈ ਕਿ ਘਰੇਲੂ ਪੱਧਰ ਉੱਤੇ ਹਵਾ ਕਿਸ ਰੁਖ਼ ਵਗ ਰਹੀ ਹੈ। ਅਮਰੀਕਾ ਨੇ ਸਦਾ ਇਜ਼ਰਾਈਲ ਦਾ ਪੱਖ ਪੂਰਿਆ ਹੈ ਅਤੇ ਫ਼ਲਸਤੀਨ ਦੇ ਹੱਕ ਵਿੱਚ ਆਉਣ ਵਾਲਾ ਹਰ ਮਤਾ ਵੀਟੋ ਕੀਤਾ ਹੈ। ਇਜ਼ਰਾਈਲ ਨੇ ਜਿਸ ਤਰ੍ਹਾਂ ਗਾਜ਼ਾ ਦੀ ਤਬਾਹੀ ਕੀਤੀ ਹੈ, ਉਸ ਨਾਲ ਸਾਰਾ ਸੰਸਾਰ ਹੀ ਹੈਰਾਨ ਰਹਿ ਗਿਆ ਹੈ।

### ਸੰਯੁਕਤ ਰਾਸ਼ਟਰ ਦਾ ਹੁਕਮ ਮੰਨਣ ਤੋਂ ਇਨਕਾਰੀ ਇਜ਼ਰਾਈਲ

ਇਜ਼ਰਾਈਲ ਸੰਯੁਕਤ ਰਾਸ਼ਟਰ ਦਾ ਜੰਗਬੰਦੀ ਵਾਲਾ ਹਕਮ ਮੰਨਣ ਤੋਂ ਇਨਕਾਰੀ ਹੈ। ਹੁਣ ਇਜ਼ਰਾਇਲੀ ਫ਼ੌਜ ਹੁਣ ਜਦੋਂ ਰਾਫ਼ਾਹ ਅੰਦਰ ਦਾਖ਼ਲ ਹੋ ਚੁੱਕੀ ਹੈ ਤਾਂ ਹਮਾਸ ਨੇ ਗਾਜ਼ਾ ਦੇ ਹੋਰ ਟਿਕਾਣਿਆਂ 'ਤੇ ਆਪਣੀ ਪੈਂਠ ਮੁੜ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਜ਼ਰਾਈਲ ਦਾ ਮੰਨਣਾ ਹੈ ਕਿ ਰਾਫ਼ਾਹ ਹਮਾਸ ਦਾ ਆਖਰੀ ਗੜ੍ਹ ਹੈ ਅਤੇ ਉਹ ਦਹਿਸ਼ਤੀ ਜਥੇਬੰਦੀ ਨੂੰ ਢਾਹ ਲਾਉਣ ਲਈ ਇਸ ਨੂੰ ਫ਼ਤਿਹ ਕਰਨਾ ਚਾਹੁੰਦਾ ਹੈ। ਰਾਫ਼ਾਹ ਤੋਂ ਤਿੰਨ ਲੱਖ ਦੇ ਕਰੀਬ ਲੋਕ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਇਜ਼ਰਾਈਲ ਚਾਹੁੰਦਾ ਹੈ ਕਿ ਜੰਗ ਤੋਂ ਬਾਅਦ ਉਹ ਗਾਜ਼ਾ 'ਤੇ ਆਪਣੀ ਮਰਜ਼ੀ ਨਾਲ ਰਾਜ ਕਰੇ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕਾ ਦੀ ਪ੍ਰਸਤਾਵਿਤ ਯੋਜਨਾ ਖਾਰਜ ਕਰ ਦਿੱਤੀ ਸੀ ਜਿਸ ਵਿੱਚ ਉਸ ਨੂੰ ਕਿਹਾ ਗਿਆ ਸੀ ਕਿ ਉਹ ਗਾਜ਼ਾ ਫਲਸਤੀਨੀ ਅਥਾਰਿਟੀ ਦੇ ਹਵਾਲੇ ਕਰ ਦੇਵੇ ਤਾਂ ਜੋ ਉਹ ਅਰਬ ਮੁਲਕਾਂ ਦੀ ਸਹਾਇਤਾ ਨਾਲ ਉਸ ਨੂੰ ਚਲਾ ਸਕਣ। ਗਾਜ਼ਾ 'ਚ ਹੁਣ ਕੋਈ ਸਰਕਾਰ ਨਹੀਂ ਹੈ ਜਿਸ ਨਾਲ ਹਮਾਸ ਨੂੰ ਮੁੜ ਤੋਂ ਇਕਜੁੱਟ ਹੋਣ ਦਾ ਮੌਕਾ ਮਿਲ ਗਿਆ ਹੈ। ਫਲਸਤੀਨੀਆਂ ਮੁਤਾਬਕ ਇਜ਼ਰਾਈਲ ਨੇ ਜਬਾਲੀਆ ਸ਼ਰਨਾਰਥੀ ਕੈਂਪ ਅਤੇ ਗਾਜ਼ਾ ਪੱਟੀ ਦੇ ਹੋਰ ਇਲਾਕਿਆਂ ਵਿੱਚ ਰਾਤ ਸਮੇਂ ਜ਼ੋਰਦਾਰ ਬੰਬਾਰੀ ਕੀਤੀ, ਜਿਸ ਨਾਲ ਉਥੇ ਤਬਾਹੀ ਦਾ ਮੰਜ਼ਰ ਹੈ। ਉਧਰ ਮਿਸਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕਾਹਿਰਾ ਨੇ ਆਪਣੀ ਸਰਹੱਦ ਨੇੜੇ ਰਾਫ਼ਾਹ 'ਚ ਕਾਰਵਾਈ ਲਈ ਇਜ਼ਰਾਈਲ, ਅਮਰੀਕਾ ਅਤੇ ਯੂਰੋਪੀਅਨ ਸਰਕਾਰਾਂ ਕੋਲ ਇਤਰਾਜ਼ ਜਤਾਇਆ ਸੀ।

# ਕੈਨੇਡਾ 'ਚ ਵਾਪਰੀ ਹੁਣ ਤੱਕ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ

## ਟੋਰਾਂਟੋ ਏਅਰਪੋਰਟ 'ਤੇ ਪਹੁੰਚਦੇ ਹੀ ਭਾਰਤੀ ਮੂਲ ਦਾ ਵਿਅਕਤੀ ਗ੍ਰਿਫ਼ਤਾਰ

ਓਟਾਵਾ/ਏ.ਟੀ.ਨਿਊਜ਼ : ਭਾਰਤੀ ਮੂਲ ਦੇ 36 ਸਾਲਾ ਅਰਚਿਤ ਗਰੋਵਰ ਨੂੰ ਕੈਨੇਡੀਅਨ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਚੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਕਰੀਬ ਇੱਕ ਮਹੀਨਾ ਪਹਿਲਾਂ ਇਸ ਚੋਰੀ ਵਿੱਚ ਕਥਿਤ ਤੌਰ 'ਤੇ ਸ਼ਾਮਲ ਪੰਜ ਹੋਰ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।



ਪੁਲਿਸ ਨੇ ਦੱਸਿਆ ਕਿ 17 ਅਪ੍ਰੈਲ, 2023 ਨੂੰ ਟੋਰਾਂਟੋ ਏਅਰਪੋਰਟ 'ਤੇ ਇੱਕ ਕਾਰਗੋ ਕੰਟੇਨਰ ਤੋਂ 22 ਮਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਬਾਰਾਂ ਅਤੇ ਵਿਦੇਸ਼ੀ ਕਰੰਸੀ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਚੋਰੀ ਕੀਤੀ ਗਈ ਸੀ। ਫਲਾਈਟ ਦੇ ਲੈਂਡ ਹੋਣ ਤੋਂ ਬਾਅਦ ਮਾਲ ਨੂੰ ਉਤਾਰ ਕੇ ਏਅਰਪੋਰਟ 'ਤੇ ਕਿਸੇ ਹੋਰ ਥਾਂ 'ਤੇ ਲਿਜਾਇਆ ਗਿਆ, ਪਰ ਅਗਲੇ ਦਿਨ ਪੁਲਿਸ ਨੂੰ ਖਬਰ ਮਿਲੀ ਕਿ ਇਹ ਚੋਰੀ ਹੋ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਅਰਚਿਤ ਨੂੰ ਭਾਰਤ ਤੋਂ ਪਰਤਣ ਤੋਂ ਬਾਅਦ 6 ਮਈ 2024 ਨੂੰ ਟੋਰਾਂਟੋ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਪੁਲਿਸ ਨੇ ਕੈਨੇਡਾ ਭਰ ਵਿੱਚ ਉਸ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਸਨ।

ਪਿਛਲੇ ਮਹੀਨੇ ਭਾਰਤੀ ਮੂਲ ਦੇ 54 ਸਾਲਾ ਪਰਮਪਾਲ ਸਿੱਧੂ ਅਤੇ 40 ਸਾਲਾ ਅਮਿਤ ਜਲੋਟਾ ਸਮੇਤ 43 ਸਾਲਾ ਅਮਦ ਚੌਧਰੀ, 37 ਸਾਲਾ ਅਲੀ ਰਾਜਾ ਅਤੇ 35 ਸਾਲਾ ਪ੍ਰਸਾਦ ਪਰਮਾਲਿੰਗਮ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂਕਿ ਇਸ ਚੋਰੀ ਵਿੱਚ ਮਦਦ ਕਰਨ ਵਾਲਾ ਏਅਰ ਕੈਨੇਡਾ ਦਾ ਸਾਬਕਾ ਮੁਲਾਜ਼ਮ ਅਜੇ ਵੀ ਫ਼ਰਾਰ ਹੈ।

# ਟਰੰਪ ਵਿਰੁੱਧ ਗੁਪਤ ਦਸਤਾਵੇਜ਼ਾਂ ਸਬੰਧੀ ਮਾਮਲੇ ਦੀ ਸੁਣਵਾਈ ਜੱਜ ਨੇ ਅਣਮਿੱਥੇ ਸਮੇਂ ਲਈ ਕੀਤੀ ਮੁਲਤਵੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਫਲੋਰਿਡਾ ਰਾਜ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਗੁਪਤ ਦਸਤਾਵੇਜ਼ਾਂ, ਜਿਨ੍ਹਾਂ ਨੂੰ ਉਹ 2021 ਵਿੱਚ ਚੋਣਾਂ ਹਾਰਨ ਤੋਂ ਬਾਅਦ ਵਾਈਟ ਹਾਊਸ ਵਿਚਲਾ ਆਪਣਾ ਦਫਤਰ ਛੱਡਣ ਸਮੇ ਆਪਣੇ ਨਾਲ ਲੈ ਗਏ ਸਨ, ਸਬੰਧੀ ਚੱਲ ਰਹੇ ਮਾਮਲੇ ਦੀ ਸੁਣਵਾਈ ਜੱਜ ਨੇ ਅਣਮਿੱਥੇ ਸਮੇਂ ਲਈ ਅੱਗੇ ਪਾ ਦਿੱਤੀ ਹੈ। ਜੱਜ ਆਈਲੀਨ ਕੈਨਨ ਨੇ ਮਾਮਲੇ ਦੀ ਸੁਣਵਾਈ ਅੱਗੇ ਪਾਉਂਦਿਆਂ ਕਿਹਾ ਕਿ ਗੁਪਤ ਦਸਤਾਵੇਜਾਂ ਸਬੰਧੀ ਸਬੂਤਾਂ ਨੂੰ ਲੈ ਕੇ ਅਹਿਮ ਮੁੱਦਿਆਂ ਦਾ ਨਿਪਟਾਰਾ ਹੋਣਾ ਬਾਕੀ ਹੈ। ਜੱਜ ਨੇ ਕਿਹਾ ਕਿ ਇਸ ਉੱਚ ਪੱਧਰ ਦੇ ਮਾਮਲੇ ਦੀ ਬਕਾਇਦਾ ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਬੂਤਾਂ ਨਾਲ ਸਬੰਧਤ ਮੁੱਦਿਆਂ ਤੇ ਕਲਾਸੀਫਾਈਡ ਇਨਫਰਮੇਸ਼ਨ ਪ੍ਰੋਸੀਜ਼ਰ ਐਕਟ ਸਬੰਧੀ ਨਿਰਨਾ ਲੈਣ ਦੀ ਲੋੜ ਹੈ। ਜੱਜ ਨੇ ਕਿਹਾ ਕਿ ਮਾਮਲਾ ਜਿਊਰੀ ਦੇ ਹਵਾਲੇ ਕਰਨ ਤੋਂ ਪਹਿਲਾਂ ਇਸ ਸਬੰਧੀ ਕੰਮ ਮੁਕੰਮਲ ਕੀਤਾ ਜਾਵੇਗਾ। ਆਪਣੇ ਆਦੇਸ਼ ਵਿੱਚ ਜੱਜ ਨੇ ਸੁਣਵਾਈ ਲਈ ਤੈਅ ਤਰੀਕ 20 ਮਈ ਨੂੰ ਰੱਦ ਕਰ ਦਿੱਤਾ ਹੈ ਤੇ ਅਜੇ ਨਵੀਂ ਤਰੀਕ ਨਹੀਂ ਮਿੱਥੀ ਹੈ। ਸਾਬਕਾ ਰਾਸ਼ਟਰਪਤੀ ਨੂੰ ਸੈਂਕੜੇ ਗੁਪਤ ਦਸਤਾਵੇਜ਼ਾਂ ਸਬੰਧੀ ਵੱਖ ਵੱਖ 40 ਸੰਘੀ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਦਸਤਾਵੇਜ਼ ਉਹ ਨਵੰਬਰ 2021 ਵਿੱਚ ਆਪਣਾ ਕਾਰਜਕਾਲ ਪੂਰਾ ਹੋਣ 'ਤੇ ਵਾਈਟ ਹਾਊਸ ਤੋਂ ਆਪਣੀ ਮਾਰ-ਏ- ਲਾਗੋ ਸਥਿੱਤ ਨਿੱਜੀ ਰਿਹਾਇਸ਼ ਤੇ ਫਲੋਰਿਡਾ ਸਥਿੱਤ ਆਪਣੀ ਕਲੱਬ ਵਿੱਚ ਲੈ ਗਏ ਸਨ ਜਦ ਕਿ ਉਹ ਅਜਿਹਾ ਨਹੀਂ ਕਰ ਸਕਦੇ ਸਨ। ਟਰੰਪ ਉਪਰ ਇਹ ਵੀ ਦੋਸ਼ ਹੈ ਕਿ ਇਨਾਂ ਦਸਤਾਵੇਜ਼ਾਂ ਨੂੰ ਸਰਕਾਰ ਵੱਲੋਂ ਵਾਪਿਸ ਲਿਆਉਣ ਦੀਆਂ ਕੋਸ਼ਿਸ਼ਾਂ ਵਿੱਚ ਵੀ ਉਸ ਨੇ ਅੜਿਕਾ ਪਾਉਣ ਦੀ ਸਾਜਿਸ਼ ਰਚੀ। ਟਰੰਪ ਕਹਿ ਚੁੱਕੇ ਹਨ ਉਹ ਨਿਰਦੋਸ਼ ਹਨ ਤੇ ਉਨ੍ਹਾਂ ਨੂੰ ਸੋਚ ਸਮਝ ਕੇ ਫਸਾਇਆ ਜਾ ਰਿਹਾ ਹੈ। ਇਥੇ ਜਿਕਰਯੋਗ ਹੈ ਕਿ ਯੂ ਐਸ ਡਿਸਟ੍ਰਿਕਟ ਜੱਜ ਆਈਲੀਨ ਕੈਨਨ ਨੂੰ 2020 ਵਿਚ ਟਰੰਪ ਦੁਆਰਾ ਫੈਡਰਲ ਬੈਂਚ ਵਿੱਚ ਨਿਯੁਕਤ ਕੀਤਾ ਗਿਆ ਸੀ। ਤਕਰੀਬਨ ਪਿਛਲੇ 10 ਮਹੀਨਿਆਂ ਤੋਂ ਉਹ ਮਾਮਲੇ ਦੇ ਸਾਰੇ ਪੱਖਾਂ ਨੂੰ ਆਪਣੇ ਨਜਰੀਏ ਤੋਂ ਵੇਖ ਰਹੇ ਹਨ ਤੇ ਆਪਣਾ ਆਦੇਸ਼ ਜਾਰੀ ਕਰਨ ਵਿੱਚ ਦੇਰੀ ਕਰ ਰਹੇ ਹਨ। ਕਾਨੂੰਨੀ ਮਾਹਿਰਾਂ ਦਾ ਇਸ ਸਬੰਧ ਵਿੱਚ ਕਹਿਣਾ ਹੈ ਕਿ ਜੱਜ ਵੱਲੋਂ ਉਠਾਏ ਮੁੱਦੇ ਕਾਨੂੰਨੀ ਸਵਾਲ ਹਨ ਜਿਨ੍ਹਾਂ ਨੂੰ ਮੁਕੱਦਮਾ ਸ਼ੁਰੂ ਕਰਨ ਤੋਂ ਪਹਿਲਾਂ ਹੱਲ ਕੀਤਾ ਜਾਣਾ ਜਰੂਰੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੱਜ ਇਨਾਂ ਮੁੱਦਿਆਂ ਬਾਰੇ ਨਿਰਨਾ ਲੈਣ ਲਈ ਜਿੰਨਾ ਜਿਆਦਾ ਸਮਾਂ ਲਵੇਗੀ, ਓਨੀ ਹੀ ਇਸ ਗੱਲ ਦੀ ਸੰਭਾਵਨਾ ਹੈ ਕਿ ਮਾਮਲੇ ਦੀ ਸੁਣਵਾਈ ਇਸ ਸਾਲ ਨਵੰਬਰ ਵਿੱਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਨਹੀਂ ਸ਼ੁਰੂ ਹੋਵੇਗੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੀ ਲੋਕ ਸਭਾ ਦੌਰਾਨ ਪੰਜਾਬ ਵਿੱਚ ਬਸਪਾ ਕੋਈ ਸੀਟ ਲਿਜਾ ਸਕੇਗੀ ?

## ਜਲੰਧਰ, ਹੁਸ਼ਿਆਰਪੁਰ ਤੇ ਸ੍ਰੀ ਅਨੰਦਪੁਰ ਸਾਹਿਬ ਸੀਟਾਂ ਉੱਪਰ ਨਤੀਜੇ ਕਰ ਸਕਦੀ ਹੈ ਪ੍ਰਭਾਵਿਤ

## ਵਿਰੋਧੀ ਪਾਰਟੀਆਂ ਦੇ ਸਰਮਾਏਦਾਰਾਂ ਦਾ ਮੁਕਾਬਲਾ ਗ਼ਰੀਬ ਸਮਾਜ ਦਾ ਹਾਥੀ ਕਰੇਗਾ : ਜਸਵੀਰ ਸਿੰਘ ਗੜ੍ਹੀ

ਪੰਜਾਬ ਵਿੱਚ ਬਸਪਾ ਦੀ ਵੋਟ ਫ਼ੀਸਦੀ ਭਾਵੇਂ ਘੱਟ ਗਈ ਹੈ, ਪਰ ਅੱਜ ਵੀ ਪੰਜਾਬ ਦੇ ਕੁਝ ਖੇਤਰਾਂ ਵਿੱਚ ਆਪਣੀ ਮਜਬੂਤ ਹੋਂਦ ਮੌਜੂਦ ਹੈ। ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਵਿੱਚ ਸਰਕਾਰ ਤੱਕ ਬਣਾਉਣ ਵਾਲੀ ਬਸਪਾ ਨੂੰ ਪੰਜਾਬ ਵਿੱਚ ਦਲਿਤ ਵਰਗ ਦਾ ਸਮਰਥਨ ਹੈ। ਬਹੁਜਨ ਹਲਕਿਆਂ ਨੂੰ ਉਮੀਦ ਹੈ ਕਿ ਇਹ ਸੂਬੇ ਦੀਆਂ 13 ਸੀਟਾਂ ਵਿਚੋਂ ਦੋ ਸੀਟਾਂ 'ਤੇ ਜਿੱਤ ਹਾਸਲ ਕਰ ਸਕਦੀ ਹੈ। ਸਿਆਸੀ ਮਾਹਿਰਾਂ ਅਨੁਸਾਰ ਇਹ ਤਿੰਨ-ਚਾਰ ਸੀਟਾਂ 'ਤੇ ਸਿਆਸੀ ਸਮੀਕਰਨ ਵਿਗਾੜਨ ਦੀ ਹਾਲਤ ਵਿੱਚ ਹੈ। ਦਰਅਸਲ, ਸੂਬੇ ਦੀ ਦਲਿਤ ਆਬਾਦੀ ਵਧੇਰੇ ਪੇਂਡੂ ਖੇਤਰਾਂ ਵਿੱਚ ਹੈ, ਜਿਥੇ ਮੁੱਖ ਤੌਰ 'ਤੇ ਮੁਕਾਬਲਾ ਕਾਂਗਰਸ ਤੇ ਆਪ ਪਾਰਟੀ ਦੇ ਉਮੀਦਵਾਰਾਂ ਵਿੱਚ ਹੈ। ਬਸਪਾ ਦੀ ਮਜਬੂਤੀ ਦਾ ਕਾਂਗਰਸ ਨੂੰ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਹੈ।

ਪੂਰੇ ਦੇਸ਼ ਵਿੱਚ ਪੰਜਾਬ ਹੀ ਇਕਮਾਤਰ ਅਜਿਹਾ ਸੂਬਾ ਹੈ, ਜਿਥੇ ਦਲਿਤਾਂ ਦੀ ਗਿਣਤੀ ਸਭ ਤੋਂ ਵੱਧ 32 ਫ਼ੀਸਦੀ ਹੈ। ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਇਸ ਵਾਰ ਬਹੁਕੋਣੀ ਮੁਕਾਬਲਾ ਹੋ ਰਿਹਾ ਹੈ, ਕਿਉਂਕਿ ਕਾਂਗਰਸ, ਆਪ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਆਪਣੇ ਬਲਬੂਤੇ ਚੋਣਾਂ ਲੜ ਰਹੀਆਂ ਹਨ। ਦੋਆਬਾ ਖੇਤਰ ਦੀਆਂ ਦੋ ਸੀਟਾਂ ਜਲੰਧਰ, ਹੁਸ਼ਿਆਰਪੁਰ ਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਪਾਰਟੀ ਦਾ ਮਜ਼ਬੂਤ ਕੈਡਰ ਹੈ। ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ 'ਚ ਸਮਰੱਥ ਹੈ। ਹੋਰਨਾਂ ਸੀਟਾਂ 'ਤੇ ਦੂਜੀਆਂ ਪਾਰਟੀਆਂ ਦਾ ਸਿਆਸੀ ਸਮੀਕਰਨ ਵਿਗਾੜ ਸਕਦਾ ਹੈ। ਮੌਜੂਦਾ ਚੋਣ ਵਿੱਚ ਪਾਰਟੀ ਨੇ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰ ਚੁਕੀ ਹੈ।

**ਬਸਪਾ ਕਿਉਂ ਕਮਜ਼ੋਰ ਹੋਈ**

ਬਸਪਾ ਦਾ ਕਮਜ਼ੋਰ ਹੋਣ ਦਾ ਕਾਰਨ ਇਹ ਹੈ ਕਿ ਇਹਨਾਂ ਨੂੰ ਕਾਸ਼ੀ ਰਾਮ ਵਰਗਾ ਮਜ਼ਬੂਤ ਲੀਡਰ ਨਹੀਂ ਮਿਲ ਸਕਿਆ। ਦੂਸਰਾ ਪਾਰਟੀ ਨੂੰ ਆਰਥਿਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਰਪੋਰੇਟ ਕੰਪਨੀਆਂ ਬਸਪਾ ਨੂੰ ਫੰਡ ਨਹੀਂ ਦਿੰਦੀਆਂ। ਦਲ ਬਦਲੂ ਲੀਡਰਾਂ ਨੇ ਵੀ ਬਸਪਾ ਦਾ ਨੁਕਸਾਨ ਕੀਤਾ ਹੈ। ਬਸਪਾ ਵਿੱਚ ਕਈ ਵਾਰ ਵੰਡ ਹੋਈ, ਪਰ ਇਸਦਾ ਪ੍ਰਭਾਵ ਹਾਲੇ ਵੀ ਕਾਇਮ ਹੈ। ਸਭ ਤੋਂ ਪਹਿਲਾਂ ਦੇਵੀ ਦਾਸ ਨਾਹਰ ਨੇ ਬਸਪਾ ਤੋਂ ਵੱਖ ਹੋ ਕੇ ਬਸਪਾ ਅੰਬੇਡਕਰ ਪਾਰਟੀ ਬਣਾਈ। ਉਸ ਤੋਂ ਬਾਅਦ ਪਵਨ ਟੀਨੂੰ ਨੇ ਬਹੁਜਨ ਸਮਾਜ ਕ੍ਰਾਂਤੀ ਪਾਰਟੀ ਬਣਾਈ ਤੇ ਫਿਰ ਸਤਨਾਮ ਸਿੰਘ ਕੈਂਥ ਨੇ ਬਹੁਜਨ ਸਮਾਜ ਮੋਰਚਾ ਦਾ ਗਠਨ ਕੀਤਾ। ਪਰ ਦਲਿਤ ਸਮਾਜ ਦੇ ਇੱਕ ਵੱਡੇ ਵਰਗ ਦਾ ਹਾਲੇ ਵੀ ਬਸਪਾ ਵਿੱਚ ਹੀ ਵਿਸ਼ਵਾਸ ਹੈ। ਜੇਕਰ ਅੰਕੜਿਆਂ ਅਨੁਸਾਰ ਦੇਖਿਆ ਜਾਵੇ ਤਾਂ ਉਸਦੀ ਵੋਟ ਫ਼ੀਸਦੀ ਘਟੀ ਹੈ। 1996 ਵਿੱਚ 9.4 ਪ੍ਰਤੀਸ਼ਤ, 1998 ਵਿੱਚ 12.6 ਪ੍ਰਤੀਸ਼ਤ,1999 ਵਿੱਚ 3.8 ਪ੍ਰਤੀਸ਼ਤ, 2004 ਵਿੱਚ 7.7 ਪ੍ਰਤੀਸ਼ਤ, 2009 ਦੌਰਾਨ 5.75, 2014 ਵਿੱਚ 1.91ਪ੍ਰਤੀਸ਼ਤ,2019 ਵਿੱਚ 3.49 ਪ੍ਰਤੀਸ਼ਤ ਸੀ

ਸਿਆਸੀ ਮਾਹਿਰਾਂ ਅਨੁਸਾਰ ਬਸਪਾ ਬਹੁਕੋਣੀ ਲੋਕ ਸਭਾ ਮੁਕਾਬਲੇ ਵਿੱਚ ਨਤੀਜੇ ਪ੍ਰਭਾਵਿਤ ਕਰ ਸਕਦੀ ਹੈ। ਜਲੰਧਰ, ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਇਨ੍ਹਾਂ ਦੀਆਂ ਹਾਟ ਸੀਟਾਂ ਮੰਨੀਆਂ ਜਾ ਰਹੀਆਂ ਹਨ।

ਇਥੇ ਜ਼ਿਕਰਯੋਗ ਹੈ ਕਿ 2019 ਦੀ ਚੋਣ ਵਿੱਚ ਜਲੰਧਰ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਨੇ 2,04,783 ਵੋਟਾਂ ਹਾਸਲ ਕੀਤੀਆਂ ਸਨ ਤੇ ਇਸ ਵਾਰ ਵੀ ਉਹੀ ਮੈਦਾਨ ਵਿੱਚ ਹਨ। ਖੇਤਰ ਵਿੱਚ ਕੁੱਲ ਵੋਟਰ ਕਰੀਬ 16.39 ਲੱਖ ਹਨ। ਅਨੁਸੂਚਿਤ ਜਾਤੀ ਦੇ ਵੋਟਰਾਂ ਦੀ ਆਬਾਦੀ 39 ਫ਼ੀਸਦੀ ਤੋਂ ਵੱਧ ਹੋਣ ਕਾਰਨ ਇਹ ਅਨੁਸੂਚਿਤ ਜਾਤੀ ਲਈ ਰਾਖਵੀਂ ਹੈ। ਇਸ ਵਾਰ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ





ਤੇ ਆਪ ਪਾਰਟੀ ਆਪਣੇ ਦਮ 'ਤੇ ਚੋਣ ਲੜ ਰਹੀਆਂ ਹਨ। ਜੇ ਪਿਛਲੇ ਸਾਲ ਹੋਈ ਲੋਕ ਸਭਾ ਦੀ ਜ਼ਿਮਨੀ ਚੋਣ ਦੀ ਗੱਲ ਕੀਤੀ ਜਾਵੇ ਤਾਂ ਭਾਜਪਾ ਉਮੀਦਵਾਰ ਨੇ ਕਰੀਬ 58000 ਵੋਟਾਂ ਹਾਸਲ ਕੀਤੀਆਂ ਸਨ ਤੇ ਉਸਦੀ ਵੋਟ ਫੀਸਦੀ ਵਧੀ ਸੀ। ਜੇ ਬਸਪਾ ਉਮੀਦਵਾਰ ਦੋ ਜਾਂ ਢਾਈ ਲੱਖ ਦੇ ਕਰੀਬ ਵੋਟ ਹਾਸਲ ਕਰਦਾ ਹੈ ਤਾਂ ਇਸਦਾ ਨੁਕਸਾਨ ਕਾਂਗਰਸ ਨੂੰ ਹੋ ਸਕਦਾ ਹੈ। ਪਰ ਬਲਵਿੰਦਰ ਅੰਬੇਡਕਰ ਤੇ ਉਸਦੇ ਸਾਥੀਆਂ ਦਾ ਕਹਿਣਾ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਅਸੀਂ ਜਿਤਾਂਗੇ। ਸਾਡਾ ਮੁਕਾਬਲਾ ਕਾਂਗਰਸ ਨਾਲ ਹੈ।

ਬਲਵਿੰਦਰ ਅੰਬੇਡਕਰ ਦਲਿਤ ਤੇ ਸਿੱਖ ਹਲਕਿਆਂ ਵਿੱਚ ਸਰਗਰਮ ਹਨ। ਵੱਡੀਆਂ ਰੈਲੀਆਂ ਕਰਨ ਦੀ ਥਾਂ ਉਹ ਘਰ ਘਰ ਜਾ ਕੇ ਸੰਪਰਕ ਕਰ ਰਹੇ ਹਨ।

ਜਲੰਧਰ ਸ਼ਹਿਰ ਤੋਂ ਇਸ ਵਾਰ ਆਮ ਆਦਮੀ ਪਾਰਟੀ ਵੱਲੋਂ ਪਵਨ ਕੁਮਾਰ ਟੀਨੂੰ, ਕਾਂਗਰਸ ਤੋਂ ਚਰਨਜੀਤ ਸਿੰਘ ਚੰਨੀ, ਭਾਜਪਾ ਤੋਂ ਸੁਸ਼ੀਲ ਕੁਮਾਰ ਰਿੰਕੂ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਮਹਿੰਦਰ ਸਿੰਘ ਕੇਪੀ ਚੋਣ ਮੈਦਾਨ ਵਿੱਚ ਹਨ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਭਾਵੇਂ ਇਸ ਸਮੇਂ ਮੌਜੂਦਾ ਮੈਂਬਰ ਪਾਰਲੀਮੈਂਟ ਹਨ, ਪਰ ਉਨ੍ਹਾਂ ਲਈ ਰਾਹ ਸੌਖਾ ਨਹੀਂ ਹੋਵੇਗਾ, ਕਿਉਂਕਿ 2023 'ਚ ਕਾਂਗਰਸ ਛੱਡ ਕੇ ਆਪ ਪਾਰਟੀ ਵਿੱਚ ਸ਼ਾਮਲ ਹੋਣਾ ਅਤੇ ਹੁਣ ਪਾਰਟੀ ਵੱਲੋਂ ਟਿਕਟ ਮਿਲਣ ਦੇ ਬਾਵਜੂਦ ਭਾਜਪਾ ਵਿੱਚ ਛਾਲ ਮਾਰ ਜਾਣ ਨਾਲ ਲੋਕਾਂ ਵਿੱਚ ਉਨ੍ਹਾਂ ਪ੍ਰਤੀ ਉਤਸ਼ਾਹ ਘਟਿਆ ਹੈ। ਇਸਤੋਂ ਇਲਾਵਾ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਭਾਜਪਾ ਦੀ ਸਥਿਤੀ ਵੀ ਜਲੰਧਰ ਵਿੱਚ ਪਤਲੀ ਵਿਖਾਈ ਦੇ ਰਹੀ ਹੈ। ਕਾਂਗਰਸ ਵੱਲੋਂ ਭਾਵੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇਸ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ, ਪਰ ਕਾਂਗਰਸੀ ਆਗੂਆਂ ਵੱਲੋਂ ਹੀ ਉਨ੍ਹਾਂ ਦਾ ਸਖਤ ਵਿਰੋਧ ਕੀਤਾ ਜਾ ਰਿਹਾ ਹੈ। 2019 ਵਿੱਚ ਕਾਂਗਰਸ ਦੇ ਸੰਸਦ ਮੈਂਬਰ ਮਰਹੂਮ ਸੰਤੋਖ ਚੌਧਰੀ ਦੀ ਧਰਮ ਪਤਨੀ ਕਰਮਜੀਤ ਕੌਰ ਚੌਧਰੀ ਅਤੇ ਉਨ੍ਹਾਂ ਦਾ ਮੁੰਡਾ ਵਿਕਰਮ ਚੌਧਰੀ ਪਾਰਟੀ ਹਾਈਕਮਾਂਡ ਤੋਂ ਚੰਨੀ ਨੂੰ ਟਿਕਟ ਦਿੱਤੇ ਜਾਣ ਕਾਰਨ ਨਾਰਾਜ਼ ਹਨ ਅਤੇ ਲਗਾਤਾਰ ਕਾਂਗਰਸੀ ਉਮੀਦਵਾਰ ਨੂੰ ਘੇਰਦੇ ਆ ਰਹੇ ਹਨ। ਕਰਮਜੀਤ ਕੌਰ ਜਿਥੇ ਪਾਰਟੀ ਛੱਡ ਕੇ ਭਾਜਪਾ ਵਿੱਚ ਚਲੇ ਗਏ ਹਨ, ਉਥੇ ਬੀਤੇ ਦਿਨ ਕਾਂਗਰਸ ਵੱਲੋਂ ਵਿਧਾਇਕ ਵਿਕਰਮ ਚੌਧਰੀ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਚੌਧਰੀ ਨੇ ਵੀ ਸਸਪੈਂਡ ਹੋਣ ਨੂੰ ਮਨਜੂਰ ਕਰਦਿਆ ਸਿੱਧਾ ਐਲਾਨ ਕੀਤਾ ਹੈ ਕਿ ਉਹ ਹੁਣ ਖੁੱਲ੍ਹ ਕੇ ਚੰਨੀ ਦਾ ਵਿਰੋਧ ਕਰਨਗੇ।

ਆਪ ਪਾਰਟੀ ਵੱਲੋਂ ਉਤਾਰੇ ਬਾਹਰੀ ਉਮੀਦਵਾਰ ਪਵਨ ਕੁਮਾਰ ਟੀਨੂ ਤਿੰਨ ਵਾਰ ਪਾਰਟੀ ਬਦਲ ਚੁੱਕੇ ਹਨ ਅਤੇ ਇੱਕ ਵਾਰ ਆਪਣੀ ਪਾਰਟੀ ਵੀ ਬਣਾ ਚੁੱਕੇ ਹਨ। ਉਨ੍ਹਾਂ ਨੇ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਬਸਪਾ ਤੋਂ ਸ਼ੁਰੂ ਕੀਤੀ ਸੀ। ਸਥਾਨਕ ਲੋਕਾਂ ਵਿੱਚ ਬਾਹਰਲੇ ਉਮੀਦਵਾਰ ਹੋਣ ਕਾਰਨ ਕਾਰਨ ਆਪ ਪਾਰਟੀ ਵਿਰੁੱਧ ਰੋਸ ਵੀ ਹੈ।

ਬਾਦਲ ਅਕਾਲੀ ਦਲ ਵੱਲੋਂ ਵੀ ਕਾਂਗਰਸ ਛੱਡ ਕੇ ਬਾਦਲ ਦਲ ਵਿੱਚ ਸ਼ਾਮਿਲ ਹੋਏ ਮਹਿੰਦਰ ਸਿੰਘ ਕੇਪੀ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਅਕਾਲੀ ਦਲ ਦੀ ਸਿਆਸੀ ਹਾਲਤ ਦੁਆਬੇ ਵਿੱਚ ਬਹੁਤੀ ਚੰਗੀ ਨਹੀਂ ਹੈ।

ਬਸਪਾ ਨੇ ਹੁਸ਼ਿਆਰਪੁਰ ਤੋਂ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਨੂੰ ਉਮੀਦਵਾਰ ਐਲਾਨਿਆ ਹੈ। ਉਨ੍ਹਾਂ ਦਾ ਇਸ ਖੇਤਰ ਵਿੱਚ ਦਲਿਤ ਵੋਟਰਾਂ 'ਤੇ ਚੰਗਾ ਪ੍ਰਭਾਵ ਹੈ। ਯਾਦ ਰਹੇ ਕਿ 2019 ਵਿੱਚ ਹੁਸ਼ਿਆਰਪੁਰ ਲੋਕ ਸਭਾ ਖੇਤਰ ਤੋਂ ਬਸਪਾ ਉਮੀਦਵਾਰ ਖੁਸ਼ੀ ਰਾਮ ਨੇ 1,28,564 ਵੋਟਾਂ ਹਾਸਲ ਕੀਤੀਆਂ ਸਨ। ਇਥੋਂ ਭਾਜਪਾ ਨੇ ਅਕਾਲੀ ਦਲ ਨਾਲ ਗੱਠਜੋੜ ਤਹਿਤ ਸੀਟ ਜਿੱਤੀ ਸੀ। ਇਸ ਵਾਰ ਇਥੋਂ ਜੇ ਬਸਪਾ ਉਮੀਦਵਾਰ ਡੇਢ-ਦੋ ਲੱਖ ਦੇ ਕਰੀਬ ਵੋਟਾਂ ਹਾਸਲ ਕਰਦਾ ਹੈ ਤਾਂ ਇਸਦਾ ਫਾਇਦਾ ਭਾਜਪਾ ਨੂੰ ਹੋ ਸਕਦਾ ਹੈ, ਕਿਉਂਕਿ 'ਆਪ' ਉਮੀਦਵਾਰ ਕਾਂਗਰਸ ਛੱਡ ਕੇ ਆਉਣ ਵਾਲਾ ਵਿਧਾਇਕ ਹੈ ਤੇ ਕਾਂਗਰਸ ਵੱਲੋਂ ਐਲਾਨੇ ਉਮੀਦਵਾਰ ਯਾਮਿਨੀ ਗੋਮਰ ਪਹਿਲਾਂ 'ਆਪ' ਵੱਲੋਂ ਇਸ ਖੇਤਰ 'ਚ ਚੋਣ ਲੜ ਚੁੱਕੀ ਹੈ, ਜਿਨ੍ਹਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਡਾ. ਰਾਜ ਕੁਮਾਰ ਚੱਬੇਵਾਲ ਹੁਸ਼ਿਆਰਪੁਰ ਦੇ ਚੱਬੇਵਾਲ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਉੱਤੇ ਦੋ ਵਾਰੀ ਐੱਮਐੱਲਏ ਰਹਿ ਚੁੱਕੇ ਹਨ। ਉਨ੍ਹਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਹੁਸ਼ਿਆਰਪੁਰ ਤੋਂ ਚੋਣ ਲੜੀ ਪਰ ਭਾਜਪਾ ਦੇ ਉਮੀਵਾਰ ਸੋਮ ਪ੍ਰਕਾਸ਼ ਤੋਂ ਹਾਰ ਗਏ ਸਨ। ਅਕਾਲੀ ਦਲ ਵੱਲੋਂ ਉਮੀਦਵਾਰ ਸੋਹਣ ਸਿੰਘ ਠੰਡਲ ਹਨ। ਅਜਿਹੇ 'ਚ ਇਸ ਖੇਤਰ ਵਿੱਚ ਬਸਪਾ ਜਿੰਨੀਆਂ ਵੱਧ ਵੋਟਾਂ ਹਾਸਲ ਕਰੇਗੀ, ਉਨ੍ਹਾਂ ਉਸਦਾ ਫਾਇਦਾ ਭਾਜਪਾ ਨੂੰ ਹੋਵੇਗਾ। ਇਸ ਖੇਤਰ ਵਿੱਚ ਆਪ, ਕਾਂਗਰਸ, ਅਕਾਲੀ ਦਲ, ਬਸਪਾ,

(ਬਾਕੀ ਸਫ਼ਾ 30 'ਤੇ)

# 'ਆਪ' ਵੱਲੋਂ ਸਟਾਰ ਪ੍ਰਚਾਰਕਾਂ ਦੀ ਲਿਸਟ ਜਾਰੀ

## 40 ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਭਗਵੰਤ ਮਾਨ 25ਵੇਂ ਨੰਬਰ 'ਤੇ

ਚੰਡੀਗੜ੍ਹ/ ਏ.ਟੀ.ਨਿਊਜ਼ਃ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਚੋਣ ਪ੍ਰਚਾਰ ਸਬੰਧੀ ਜਿਨ੍ਹਾਂ 40 ਸਟਾਰ ਪ੍ਰਚਾਰਕਾਂ ਦੀ ਸੂਚੀ ਚੋਣ ਕਮਿਸ਼ਨ ਨੂੰ ਭੇਜੀ ਗਈ ਹੈ। ਇਸ ਸੂਚੀ ਨੇ ਪਾਰਟੀ ਵਿੱਚ ਸੀਨੀਆਰਤਾ ਪੱਖੋਂ ਅਰਵਿੰਦ ਕੇਜਰੀਵਾਲ ਤੋਂ ਬਾਅਦ ਪਾਰਟੀ ਵਿੱਚ ਦੂਸਰਾ ਸਥਾਨ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੂੰ ਦਿੱਤਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਉਨ੍ਹਾਂ ਤੋਂ ਹੇਠਾਂ ਤੀਜੇ ਸਥਾਨ 'ਤੇ ਰੱਖਿਆ ਗਿਆ ਹੈ, ਉਹ ਸਾਰਿਆਂ ਲਈ ਵੱਡੀ ਹੈਰਾਨੀ ਵਾਲਾ ਹੈ ਕਿ ਕੀ ਬਦਲਾਅ ਦੇ ਨਾਅਰੇ ਨਾਲ ਸੱਤਾ ਵਿੱਚ ਆਈ ਪਾਰਟੀ ਵਿੱਚ ਵੀ ਪਰਿਵਾਰਵਾਦ ਭਾਰੂ ਹੋ ਗਿਆ ਹੈ। ਸੁਨੀਤਾ ਕੇਜਰੀਵਾਲ ਜੋ ਦੇਸ਼ ਵਿੱਚ ਕਈ ਥਾਵਾਂ 'ਤੇ ਪਾਰਟੀ ਦੀ ਚੋਣ ਪ੍ਰਚਾਰ ਲਈ ਚਾਰਟਡ ਜਹਾਜ਼ਾਂ 'ਤੇ ਜਾ ਰਹੇ ਹਨ, ਨੂੰ ਇੱਕ ਤਰ੍ਹਾਂ ਕੇਜਰੀਵਾਲ ਤੋਂ ਬਾਅਦ ਦੂਜਾ ਸੀਨੀਅਰ ਆਗੂ ਐਲਾਨ ਦਿੱਤਾ ਗਿਆ ਹੈ ਜਦੋਂ ਕਿ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਧੀਆ, ਸਾਂਸਦ ਸੰਜੇ ਸਿੰਘ ਅਤੇ ਡਾ. ਸੰਦੀਪ ਪਾਠਕ ਨੂੰ ਵੀ ਉਨ੍ਹਾਂ ਤੋਂ ਬਾਅਦ ਹੀ ਰੱਖਿਆ ਗਿਆ ਹੈ।

ਇਸ ਸੂਚੀ ਵਿੱਚ 'ਆਪ' ਦੇ ਪੰਜਾਬ ਪ੍ਰਧਾਨ ਨੂੰ ਵੀ 25ਵਾਂ ਸਥਾਨ ਮਿਲਿਆ ਹੈ ਜਦੋਂ ਕਿ ਪੰਜਾਬ ਤੋਂ ਸਾਂਸਦ ਰਾਘਵ ਚੱਢਾ ਨੂੰ 10ਵਾਂ ਸਥਾਨ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਤੋਂ ਬਾਅਦ ਦੂਜੇ



ਸੀਨੀਅਰ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਵੀ ਸੂਚੀ ਵਿੱਚ 15ਵੇਂ ਸਥਾਨ 'ਤੇ ਰੱਖਿਆ ਗਿਆ ਹੈ, ਜਦੋਂ ਕਿ ਅਮਨ ਅਰੋੜਾ 16ਵੇਂ, ਅਨਮੋਲ ਗਗਨ ਮਾਨ 17ਵੇਂ ਤੇ ਚੇਤਨ ਸਿੰਘ ਜੋੜਾਮਾਜਰਾ 18ਵੇਂ ਸਥਾਨ'ਤੇ ਹਨ। ਲੇਕਿਨ ਬਾਕੀ ਸਭ ਮੰਤਰੀ ਉਨ੍ਹਾਂ ਤੋਂ ਹੇਠਾਂ ਹਨ। ਡਾ. ਇੰਦਰਬੀਰ ਸਿੰਘ ਨਿੱਜਰ (ਸਾਬਕਾ ਮੰਤਰੀ) ਵਰਗੇ ਸੀਨੀਅਰ ਆਗੂ ਨੂੰ ਵੀ 34ਵਾਂ ਸਥਾਨ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਸਾਰੇ ਮੰਤਰੀ ਤੇ ਪਾਰਟੀ ਵਿਧਾਇਕ ਹੁਣ ਤੱਕ ਉਨ੍ਹਾਂ ਵਿਧਾਨ ਸਭਾ ਖੇਤਰਾਂ ਵਿੱਚ ਹੀ ਕੰਮ ਕਰ ਰਹੇ ਸਨ ਜਿਨ੍ਹਾਂ ਤੋਂ ਉਹ ਖ਼ੁਦ ਚੋਣ ਲੜ ਕੇ ਆਏ ਸਨ, ਪ੍ਰੰਤੂ ਕੀ ਹੁਣ ਅਗਲੇ ਦਿਨਾਂ ਦੌਰਾਨ ਉਹ ਬਾਕੀ ਪਾਰਲੀਮੈਂਟਰੀ ਹਲਕਿਆਂ ਵਿੱਚ ਵੀ ਚੋਣ ਪ੍ਰਚਾਰ ਕਰਨਗੇ, ਇਹ ਵੇਖਣ ਵਾਲੀ ਗੱਲ ਹੋਵੇਗੀ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਪਾਰਟੀ ਸੁਪਰੀਮੋ ਦੇਸ਼ ਦੇ ਦੂਜੇ ਖੇਤਰਾਂ ਵਿੱਚ ਚੋਣ ਪ੍ਰਚਾਰ ਤੋਂ ਬਾਅਦ ਪੰਜਾਬ ਆਉਣਾ ਚਾਹੁੰਦੇ ਹਨ, ਕਿਉਂਕਿ ਪੰਜਾਬ ਵਿੱਚ ਵੋਟਾਂ ਸਭ ਤੋਂ ਬਾਅਦ ਪੈਣੀਆਂ ਹਨ।

ਕੇਜਰੀਵਾਲ ਪੰਜਾਬ ਵਿੱਚ 19-20 ਮਈ ਦੇ ਨੇੜੇ ਆ ਸਕਦੇ ਹਨ ਅਤੇ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਰੈਲੀਆਂ ਨੂੰ ਸੰਬੋਧਨ ਕਰਨਗੇ। ਕੇਜਰੀਵਾਲ ਦੀ ਰਿਹਾਈ ਤੋਂ ਬਾਅਦ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਹੁਣ ਪੰਜਾਬ ਵਿੱਚ ਚੋਣ ਮੁਹਿੰਮ ਦਾ ਕੰਟਰੋਲ ਪਾਰਟੀ ਹਾਈਕਮਾਨ ਵੱਲੋਂ ਆਪਣੇ ਹੱਥਾਂ ਵਿੱਚ ਲਿਆ ਜਾ ਰਿਹਾ ਹੈ, ਜੋ ਕਿ ਪਹਿਲਾਂ ਪੂਰਨ ਤੌਰ 'ਤੇ ਮੁੱਖ ਮੰਤਰੀ ਭਗਵੰਤ ਦੇ ਅਧਿਕਾਰ ਹੇਠ ਸੀ।

## ਖਡੂਰ ਸਾਹਿਬ ਤੋਂ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਹਰਪਾਲ ਸਿੰਘ ਬਲੇਰ ਨੇ ਭਰੇ ਨਾਮਜ਼ਦਗੀ ਪੱਤਰ



ਖਡੂਰ ਸਾਹਿਬ/ ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਖਡੂਰ ਸਾਹਿਬ ਤੋਂ ਆਪਣਾ ਉਮੀਦਵਾਰ ਹਰਪਾਲ ਸਿੰਘ ਬਲੇਰ ਖੜ੍ਹਾ ਕੀਤਾ ਹੈ, ਜਿਸ ਵਲੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਦੱਸ ਦਈਏ ਕਿ, ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੇ ਵਲੋਂ ਵੀ ਚੋਣ ਲੜਨ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ।

ਖਡੂਰ ਸਾਹਿਬ ਤੋਂ ਹਰਪਾਲ ਸਿੰਘ ਬਲੇਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣ 'ਤੇ ਇਕਬਾਲ ਸਿੰਘ ਟਿਵਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ, ਅਸੀਂ ਅੰਮ੍ਰਿਤਪਾਲ ਸਿੰਘ ਦੀ ਚੋਣ ਦੀ ਹਮਾਇਤ ਕੀਤੀ ਹੈ ਅਤੇ ਸਾਨੂੰ ਸ਼ੱਕ ਹੈ ਕਿ, ਅੰਮ੍ਰਿਤਪਾਲ ਦੇ ਕਾਗਜ਼ ਰੱਦ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ, ਜੇਕਰ ਅੰਮ੍ਰਿਤਪਾਲ ਦੇ ਕਾਗਜ਼ ਰੱਦ ਨਹੀਂ ਕੀਤੇ ਜਾਂਦੇ ਤਾਂ, ਅਸੀਂ ਆਪਣੇ ਕਾਗਜ਼ ਵਾਪਸ ਲੈ ਲਵਾਂਗੇ।

# ਕਿਵੇਂ ਖ਼ਾਮੋਸ਼ ਹੋਇਆ ਤਨ ਬਦਨ ਸੁਰਜੀਤ ਪਾਤਰ ਦਾ.....

## ਵਿਪਸਾਅ ਦੇ ਮੈਂਬਰਾਂ ਵੱਲੋਂ ਡਾ. ਪਾਤਰ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ



ਹੇਵਰਡ/ਏ.ਟੀ.ਨਿਊਜ਼ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ (ਵਿਪਸਾਅ) ਨੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਪਸਾਅ ਦੇ ਬੁਲਾਰੇ ਨੇ ਦੱਸਿਆ ਕਿ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕਰਨ ਦੇ ਲਈ ਵਿਪਸਾਅ ਮੈਂਬਰਾਂ ਨੇ ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਯੂਨੀਅਨ ਸਿਟੀ ਵਿਖੇ ਤੁਰੰਤ ਮਿਲਣੀ ਕੀਤੀ। ਡਾ. ਪਾਤਰ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦੇ ਹੋਏ ਵਿਪਸਾਅ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ ਨੇ ਕਿਹਾ ਕਿ ਉਹਨਾਂ ਦਾ ਚੁੱਪ ਚੁਪੀਤੇ ਚਲੇ ਜਾਣਾ ਦਿਲ ਨੂੰ ਝੰਜੋੜ ਗਿਆ। ਉਹਨਾਂ ਦੇ ਅਮਰ ਸਾਹਿਤ ਕਰਕੇ ਉਹਨਾਂ ਦੀ ਉਮਰ ਲੋਕ ਗੀਤਾਂ ਜਿੰਨੀ ਲੰਮੀ ਹੈ। ਉਹਨਾਂ ਦੇ ਸ਼ਬਦ ਹਮੇਸ਼ਾ ਵਾਸਤੇ ਸਾਡੇ ਕੰਨਾਂ ਵਿੱਚ ਗੂੰਜਣਗੇ ਤੇ ਦਿਲਾਂ ਵਿੱਚ ਵੱਸਦੇ ਰਹਿਣਗੇ। ਉਹਨਾਂ ਦਾ ਨਾਮ ਵਾਰਸ, ਬੁੱਲ੍ਹੇ ਤੇ ਨਾਨਕ ਵਾਂਗ ਹਮੇਸ਼ਾ ਚਮਕਦਾ ਰਹੇਗਾ। ਉਹਨਾਂ ਨੇ ਪਾਤਰ ਸਾਹਿਬ ਦੇ ਸ਼ਿਅਰ ਨਾਲ ਸ਼ਰਧਾਂਜਲੀ ਭੇਟ ਕੀਤੀ :

ਤੂੰ ਦਿਨਾਂ ਦੇ ਦੇਸ ਦਾ ਵਾਸੀ ਹੈਂ
ਅੱਗੇ ਰਾਤ ਹੈ ਸ਼ਾਮ ਹੈ ਰੁਕ ਜਾ
ਇਹ ਕੋਈ ਜਾਣ ਦਾ ਵੇਲਾ ਨਹੀਂ

ਇਸ ਮੌਕੇ ਜਗਜੀਤ ਨੌਸ਼ਹਿਰਵੀ ਨੇ ਉਹਨਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਪਾਤਰ ਇੱਕ ਬਹੁਤ ਵਧੀਆ ਇਨਸਾਨ ਸੀ। ਉਹਨਾਂ ਪੰਜਾਬੀ ਸ਼ਾਇਰੀ ਨੂੰ ਬੁਲੰਦੀਆਂ 'ਤੇ ਪੰਹੁਚਾਇਆ। ਉਹ ਸਾਡੇ ਲਈ ਜੋ ਕੁਝ ਛੱਡ ਕੇ ਗਏ ਹਨ, ਉਹ ਕਦੀ ਮਨਫ਼ੀ ਨਹੀਂ ਹੋ ਸਕਦਾ। ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਜਦੋਂ ਕਾਲਜ ਦੇ ਵਿਦਿਆਰਥੀ ਕਿਸੇ ਕਵੀ ਨੂੰ ਗਾਉਣ ਲੱਗ ਜਾਣ ਤਾਂ ਉਹ ਕਵੀ ਲੋਕ ਮਨਾਂ ਤੇ ਰਾਜ ਕਰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਉਹਨਾਂ ਦੀ ਰਚਨਾ 'ਲੱਗੀ ਨਜ਼ਰ ਪੰਜਾਬ ਨੂੰ' ਬਹੁਤ ਹਰਮਨ ਪਿਆਰੀ ਹੋ ਗਈ ਸੀ। ਉਹਨਾਂ ਦੀ ਸ਼ਾਇਰੀ ਨੂੰ ਹਰ ਆਮ ਅਤੇ ਖ਼ਾਸ ਪੰਜਾਬੀ ਨੇ ਮਾਣਿਆ ਹੈ। ਸੁਖਦੇਵ ਸਾਹਿਲ ਨੇ ਕਿਹਾ ਕਿ ਮੈਂ ਉਹਨਾਂ ਦਾ ਗੀਤ ' ਕੁਝ ਕਿਹਾ ਤਾਂ ਹਨੇਰਾ ਜ਼ਰੇਗਾ ਕਿਵੇਂ' ਗਾਉਂਦਾ ਰਿਹਾ ਪਰ ਮੇਰੀ ਉਹਨਾਂ ਨਾਲ ਮੁਲਾਕਾਤ ਵਿਪਸਾਅ ਦੇ ਵਿਹੜੇ ਵਿੱਚ ਹੋਈ। ਪਾਤਰ ਸਾਹਿਬ ਨੂੰ ਸ਼ਾਇਰੀ ਦੀ ਤਕਨੀਕ ਦੇ ਨਾਲ ਨਾਲ ਰਾਗਾਂ ਦਾ ਵੀ ਪੂਰਾ ਗਿਆਨ ਸੀ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਉਹਨਾਂ ਦੇ ਵਿਛੋੜੇ ਦੀ ਖ਼ਬਰ ਸੁਣਦੇ ਹੀ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਪਾਸ਼ ਤੋਂ ਬਾਅਦ ਸੁਰਜੀਤ ਪਾਤਰ ਦੇ ਵਿਛੋੜੇ ਨੇ ਮੈਨੂੰ ਹਲੂਣ ਦਿੱਤਾ ਹੈ। ਉਹ ਉਹਨਾਂ ਨੂੰ ਨਕੋਦਰ ਦੀਆਂ ਕਚਹਿਰੀਆਂ ਵਿੱਚ ਪਹਿਲੀ ਵਾਰੀ ਮਿਲੇ ਸਨ। ਉਹਨਾਂ ਦੇ ਸ਼ਿਅਰ ਹਮੇਸ਼ਾ ਚੇਤਿਆਂ ਵਿੱਚ ਵੱਸੇ ਰਹਿਣਗੇ। ਜਿਵੇਂ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣਕੇ'। ਉਹ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਵੱਖਰੀ ਲੀਹ ਪਾ ਕੇ ਗਏ ਹਨ। ਉਹਨਾਂ ਪੰਜਾਬੀਆਂ ਦੀ ਦਿੱਖ ਵਰਗੀ ਸ਼ਾਇਰੀ ਕੀਤੀ ਹੈ। ਲਾਜ ਨੀਲਮ ਸੈਣੀ ਨੇ ਕਿਹਾ ਕਿ 'ਲੱਗੀ ਨਜ਼ਰ ਪੰਜਾਬ ਨੂੰ ' ਪੜ੍ਹਦੇ ਹੀ ਉਹ ਬਹੁਤ ਪ੍ਰਭਾਵਿਤ ਹੋਈ ਸੀ। ਮੰਚ ਸੰਚਾਲਨ ਕਰਦੇ ਵਕਤ ਉਹਨਾਂ ਦੇ ਸ਼ਿਅਰ ਆਪ ਮੁਹਾਰੇ ਬੋਲੇ ਜਾਂਦੇ ਸਨ। ਹਰ ਸ਼ਿਅਰ ਦੀ ਇੱਕ ਇੱਕ ਸਤਰ ਧੁਰ ਮਨ ਅੰਦਰ ਲਹਿ ਜਾਂਦੀ ਹੈ ਤੇ ਸੋਚਣ ਲਈ ਮਜਬੂਰ ਕਰਦੀ ਹੈ :

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ, ਹੁਕਮ ਅਤੇ ਸਰਦਾਰੀ
ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ਬੱਸ ਦੀ ਇੱਕ ਸਵਾਰੀ

ਉਹ ਆਪਣੀ ਸ਼ਾਇਰੀ ਰਾਹੀਂ ਸਾਡੇ ਦਿਨਾਂ ਵਿੱਚ ਹਮੇਸ਼ਾ ਵੱਸੇ ਰਹਿਣਗੇ। ਉਹਨਾਂ ਦਾ ਨਾਂਅ ਪੰਜਾਬੀ ਸਾਹਿਤ ਗਗਨ ਵਿੱਚ ਧਰੁਵ ਤਾਰੇ ਵਾਂਗ ਚਮਕਦਾ ਰਹੇਗਾ। ਸੁਰਜੀਤ ਸਖੀ ਨੇ ਉਹਨਾਂ ਨਾਲ ਜੁੜੀਆਂ ਭਾਵ ਪੂਰਤ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਭਰੇ ਮਨ ਨਾਲ ਦੱਸਿਆ ਕਿ ਇੰਡੀਆ ਵਿੱਚ ਉਹ ਬਹੁਤ ਸਾਰੇ ਮੁਸ਼ਾਇਰੇ ਇਕੱਠੇ ਕਰਦੇ ਸਨ। ਉਹ ਪਲ, ਉਹ ਯਾਦਾਂ ਹਮੇਸ਼ਾ ਨਾਲ ਰਹਿਣਗੀਆਂ। ਸਖੀ ਨੇ ਉਹਨਾਂ ਦੇ ਤੁਰ ਜਾਣ ਦੀ ਖ਼ਬਰ ਤੋਂ ਬਾਅਦ ਸ਼ਿੱਦਤ ਨਾਲ ਲਿਖੀ ਗ਼ਜ਼ਲ ਸੁਣਾ ਕੇ ਸ਼ਰਧਾਂਜਲੀ ਭੇਟ ਕੀਤੀ :

ਦਿਸ਼ਾਵਾਂ ਸਹਿਮ ਗਈਆਂ ਲੜਖੜਾਂਏ ਪੈਰ ਪੌਣਾਂ ਦੇ
ਕਿਵੇਂ ਖ਼ਾਮੋਸ਼ ਹੋਇਆ ਤਨ ਬਦਨ ਸੁਰਜੀਤ ਪਾਤਰ ਦਾ
ਅਚਾਨਕ ਵਿਛ ਗਿਆ ਸੱਥਰ ਪੰਜਾਬੀ ਮਾਂ ਦੇ ਵਿਹੜੇ ਵਿੱਚ
ਜ਼ੁਬਾਨਾਂ ਬੈਠੀਆਂ ਮਾਤਮ ਕਰਨ ਸੁਰਜੀਤ ਪਾਤਰ ਦਾ

ਪ੍ਰੋ. ਸੁਰਿੰਦਰ ਸੀਰਤ ਨੇ ਕਿਹਾ ਕਿ ਦੋ ਦਹਾਕੇ ਪਹਿਲਾਂ 'ਐਮਰੀਵਿਲ ਵਿਖੇ ਵਿਪਸਾਅ ਦੀ ਪਹਿਲੀ ਮੀਟਿੰਗ ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਹੋਈ ਸੀ। ਉਹ ਇੱਕ ਲੰਮੇ ਅਰਸੇ ਤੋਂ ਵਿਪਸਾਅ ਨਾਲ ਜੁੜੇ ਹੋਏ ਸਨ। ਅਸੀਂ ਉਹ ਵਧੀਆ ਸ਼ਾਇਰ ਅਤੇ ਇਮਾਨਦਾਰ ਇਨਸਾਨ ਗੁਆ ਲਿਆ ਹੈ, ਜਿਸ ਨੂੰ ਸ਼ਾਇਰੀ ਅਤੇ ਸ਼ਾਇਰਾਂ ਦੀ ਪੂਰੀ ਪਰਖ ਸੀ। ਉਹਨਾਂ ਦੇ ਦਿਲ ਵਿੱਚ ਡਾ. ਸੁਰਜੀਤ ਪਾਤਰ ਲਈ ਅਥਾਹ ਪਿਆਰ ਅਤੇ ਸਤਿਕਾਰ ਹੈ। ਚਰਨਜੀਤ ਸਿੰਘ ਪੰਨੂੰ ਨੇ ਸਿਹਤ ਨਾਸਾਜ਼ ਹੋਣ ਕਰਕੇ ਆਪਣੇ ਪਰਮ ਮਿੱਤਰ ਸੁਰਜੀਤ ਪਾਤਰ ਦੇ ਇੰਝ ਤੁਰ ਜਾਣ 'ਤੇ ਸੁਨੇਹੇ ਵਿੱਚ ਕਿਹਾ ਕਿ ਮੇਰੇ ਤੋਂ ਦੋ ਸਾਲ ਛੋਟਾ ਸੀ ਪਰ ਪਹਿਲਾਂ ਚਲਾ ਗਿਆ। ਉਹਨਾਂ ਪਾਤਰ ਦੇ ਸਦੀਵੀ ਵਿਛੋੜੇ 'ਤੇ ਸੋਗ ਪ੍ਰਗਟ ਕੀਤਾ। ਇਸ ਤੋਂ ਇਲਾਵਾ ਅਮਰਜੀਤ ਕੌਰ ਪੰਨੂੰ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਬੀਬੀ ਸੁਰਜੀਤ ਕੌਰ ਸੈਕਰਾ ਮੈਂਟੋ, ਗਗਨਦੀਪ ਸਿੰਘ ਮਾਹਲ, ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਕੌਰ ਧਨੋਆ, ਮੁਕੇਸ਼ ਸ਼ਰਮਾ, ਡਾ. ਗੁਰਪ੍ਰੀਤ ਸਿੰਘ ਧੁੱਗਾ, ਐਸ.ਅਸ਼ੋਕ ਭੌਰਾ, ਨੀਤ ਪੰਨੂੰ, ਕੰਵਲਦੀਪ ਕੌਰ, ਹਰਪ੍ਰੀਤ ਕੌਰ ਧੂਤ, ਐਸ਼ ਕਮ ਐਸ਼ ਵਿਕ, ਪ੍ਰੋ. ਸੁਖਦੇਵ ਸਿੰਘ, ਜਗਤਾਰ ਗਿੱਲ, ਜਸਪਾਲ ਸਿੰਘ ਸੈਣੀ, ਹਰਭਜਨ ਢਿੱਲੋਂ, ਹਰਜਿੰਦਕ ਕੰਗ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਸੁਖਪਾਲ ਸੰਘੇੜਾ, ਮਹਿੰਦਰ ਸਿੰਘ ਸੰਘੇੜਾ, ਲਖਵਿੰਦਰ ਕੌਰ ਲੱਕੀ, ਵਿਕਰਮ ਸੋਹੀ, ਗੁਰਦੀਪ, ਦਰਸ਼ਨ ਸਿੰਘ ਨੱਤ, ਅਮਰ ਸੂਫੀ,ਅਮਰਜੀਤ ਜੌਹਲ ਆਦਿ ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

## ਮੁੱਖ ਮੰਤਰੀ ਭਗਵੰਤ ਮਾਨ ਸਣੇ ਸਾਹਿਤਕ, ਰਾਜਨੀਤਿਕ ਤੇ ਸਨਅਤੀ ਖੇਤਰ ਦੀਆਂ ਹਸਤੀਆਂ ਵੱਲੋਂ ਸ਼ਰਧਾਂਜਲੀ



ਲੁਧਿਆਣਾ/ਏ.ਟੀ.ਨਿਊਜ਼ : ਉੱਘੇ ਪੰਜਾਬੀ ਸ਼ਾਇਰ ਤੇ ਕਵੀ ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਲੁਧਿਆਣਾ ਦੇ ਮਾਡਲ ਟਾਊਨ ਐਕਸਟੈਨਸ਼ਨ ਸਮਸ਼ਾਨਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਉੱਘੀਆਂ ਸਾਹਿਤਕ, ਰਾਜਨੀਤਿਕ ਅਤੇ ਉਦਯੋਗ ਜਗਤ ਦੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਚਿਖਾ ਨੂੰ ਅਗਨੀ ਦੇਣ ਮੌਕੇ ਡਾ. ਪਾਤਰ ਦੀ ਪਤਨੀ ਭੁਪਿੰਦਰ ਕੌਰ, ਪੁੱਤਰ ਅੰਕੁਰ ਸਿੰਘ ਪਾਤਰ ਤੇ ਮਨਰਾਜ ਸਿੰਘ ਪਾਤਰ ਅਤੇ ਡਾ. ਪਾਤਰ ਦੇ ਭਰਾ ਉਪਕਾਰ ਸਿੰਘ ਪਾਤਰ ਵੀ ਮੌਜੂਦ ਸਨ। ਡਾ. ਸੁਰਜੀਤ ਪਾਤਰ ਨਮਿਤ 18 ਮਈ ਨੂੰ ਅਖੰਡ ਪਾਠ ਰੱਖਿਆ ਜਾਵੇਗਾ ਜਦਕਿ ਅੰਤਿਮ ਅਰਦਾਸ 20 ਮਈ ਨੂੰ ਆਸ਼ਾ ਪੁਰੀ ਦੇ ਗੁਰਦੁਆਰਾ ਮਾਈ ਬਿਸ਼ਨ ਕੌਰ ਵਿਖੇ ਹੋਵੇਗੀ। ਪੰਜਾਬ ਦੇ ਸਿਰਮੌਰ ਸ਼ਾਇਰ ਦਾ 11 ਮਈ ਨੂੰ ਦੇਹਾਂਤ ਹੋ ਗਿਆ ਸੀ। ਡਾ. ਪਾਤਰ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਰੱਖ ਕੇ ਮਾਡਲ ਟਾਊਨ ਦੇ ਸਮਸ਼ਾਨਘਾਟ ਵਿੱਚ ਲਿਆਂਦਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਤੇ ਹੋਰਨਾਂ ਵੱਲੋਂ ਡਾ. ਪਾਤਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਏਡੀਸੀ (ਜਨਰਲ) ਮੇਜਰ ਅਮਿਤ ਸਰੀਨ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਡਾਇਰੈਕਟਰ ਨੀਰੂ ਕਤਿਆਲ ਨੇ ਵੀ ਫੁੱਲ ਮਾਲਾਵਾਂ ਭੇਂਟ ਕੀਤੀਆਂ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਭਾਈ ਮਨਜੀਤ ਸਿੰਘ ਵੱਲੋਂ ਅੰਤਿਮ ਅਰਦਾਸ ਕੀਤੀ ਗਈ। ਪੁਲਿਸ ਦੀ ਟੁੱਕੜੀ ਨੇ ਉਨ੍ਹਾਂ ਨੂੰ ਸਲਾਮੀ ਦਿੱਤੀ ਅਤੇ ਸੋਗ ਧੁਨਾਂ ਵਜਾਈਆਂ। ਮਾਹੌਲ ਇੰਨਾ ਸੋਗਮਈ ਸੀ ਕਿ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉੱਥੇ ਪਹੁੰਚੇ ਹਰ ਵਿਅਕਤੀ ਦੀਆਂ ਅੱਖਾਂ ਨਮ ਸਨ। ਮੁੱਖ ਮੰਤਰੀ ਸ੍ਰੀ ਮਾਨ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਡਾ. ਪਾਤਰ ਦੇ ਨਾਮ 'ਤੇ ਐਵਾਰਡ ਸ਼ੁਰੂ ਕੀਤਾ ਜਾ ਰਿਹਾ ਹੈ ਜੋ ਹਰ ਸਾਲ ਕਿਸੇ ਨੌਜਵਾਨ ਲੇਖਕ ਨੂੰ ਦਿੱਤਾ ਜਾਵੇਗਾ।

ਇਸ ਮੌਕੇ ਪੀ.ਏ.ਯੂ. ਦੇ ਉਪ ਕੁਲਪਤੀ ਡਾ. ਸਤਿਬੀਰ ਗੋਸਲ ਨੇ ਕਿਹਾ ਕਿ ਡਾ. ਪਾਤਰ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਵੱਡਾ ਘਾਟਾ ਪਿਆ ਹੈ। ਉੱਘੇ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਕਿਹਾ ਕਿ ਡਾ. ਪਾਤਰ ਪੰਜਾਬੀ ਜ਼ੁਬਾਨ ਦੇ ਪਹਿਰੇਦਾਰ ਸਨ। ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਉਹ ਆਪਣੇ ਸ਼ਬਦਾਂ ਰਾਹੀਂ ਹਮੇਸ਼ਾ ਜਿਊਂਦੇ ਰਹਿਣਗੇ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡਾ. ਪਾਤਰ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਇਸ ਮੌਕੇ ਪੰਜਾਬੀ ਗਾਇਕ ਤੇ ਸੰਸਦ ਮੈਂਬਰ ਮੁਹੰਮਦ ਸਦੀਕ, ਬਾਬਾ ਅਮੀਰ ਸਿੰਘ, ਪਦਮ ਭੂਸ਼ਣ ਸਰਦਾਰਾ ਸਿੰਘ ਜੌਹਲ, ਗੀਤਕਾਰ ਸਮਸ਼ੇਰ ਸੰਧੂ, ਬਲਦੇਵ ਸਿੰਘ ਸੜਕਨਾਮਾ, ਹਰਜਿੰਦਰ ਸਿੰਘ ਥਿੰਦ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਪ੍ਰੋ. ਰਵਿੰਦਰ ਭੱਠਲ, ਗੁਰਚਰਨ ਕੌਰ ਕੋਚਰ, ਡਾ. ਦੇਵਿੰਦਰ ਦਿਲਰੂਪ, ਰਣਜੋਧ ਸਿੰਘ, ਇੰਜ. ਗੁਰਵਿੰਦਰ ਸਿੰਘ ਸਰਨਾ, ਤ੍ਰੈਲੋਚਨ ਲੋਚੀ, ਕਿਰਪਾਲ ਕਜ਼ਾਕ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸੁਰਜੀਤ ਸਿੰਘ ਪਟਿਆਲਾ, ਅਮਰਜੀਤ ਗਰੇਵਾਲ, ਸਵਰਨਜੀਤ ਸਵੀ, ਡਾ. ਗੁਰਇਕਬਾਲ ਸਿੰਘ, ਡਾ. ਜਗਮੋਹਨ ਸਿੰਘ, ਕਮਲਜੀਤ ਖੰਨਾ, ਅਮੋਲਕ ਸਿੰਘ, ਡਾ. ਮਲੇਰੀ, ਅਸ਼ਵਨੀ ਚੈਟਲੀ, ਸੁਰਿੰਦਰ ਗੀਤ, ਡਾ. ਦੀਪਕ ਮਨਮੋਹਨ ਸਿੰਘ, ਦਰਸ਼ਨ ਬੁੱਟਰ, ਸੁਸ਼ੀਲ ਦੋਸਾਂਝ, ਡਾ. ਸਵਰਾਜਬੀਰ ਸਿੰਘ, ਅਰਵਿੰਦਰ ਕੌਰ ਜੌਹਲ, ਵਰਿੰਦਰ ਵਾਲੀਆ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਦਲਜੀਤ ਸਿੰਘ ਗਰੇਵਾਲ, ਕੁਲਵੰਤ ਸਿੰਘ ਸਿੱਧੂ, ਜਗਮੀਤ ਸਿੰਘ ਬਰਾੜ, ਮਲਕੀਤ ਸਿੰਘ ਦਾਖਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਗੁਲਜ਼ਾਰ ਸਿੰਘ ਪੰਧੇਰ, ਸੁਰਿੰਦਰ ਕੈਲੇ, ਕ੍ਰਿਸ਼ਨ ਕੁਮਾਰ ਬਾਵਾ, ਅਮਰਜੀਤ ਸਿੰਘ ਟਿੱਕਾ, ਗੁਰਦੇਵ ਸਿੰਘ ਲਾਪਰਾਂ, ਸਤਿਬੀਰ ਸਿੰਘ ਸਿੱਧੂ, ਸਤਨਾਮ ਮਾਣਕ, ਪ੍ਰੋ. ਯੋਗਰਾਜ ਅੰਗਰੀਸ਼, ਕੇਵਲ ਧਾਲੀਵਾਲ, ਦੀਵਾਨ ਮਾਨਾ, ਡਾ. ਨਿਰਮਲ ਜੌੜਾ, ਗੁਰਪ੍ਰੀਤ ਸਿੰਘ ਤੂਰ, ਤੇਜ ਪ੍ਰਤਾਪ ਸਿੰਘ ਸੰਧੂ, ਦੀਪਕ ਸ਼ਰਮਾ ਚਨਾਰਥਲ, ਐਡਵੋਕੇਟ ਹਰਪ੍ਰੀਤ ਸੰਧੂ, ਰਵਿੰਦਰ ਰੰਗੂਵਾਲ ਆਦਿ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਦਾ ਸ਼ਨੀਵਾਰ ਨੂੰ ਦੇਹਾਂਤ ਹੋ ਗਿਆ ਸੀ । ਉਨ੍ਹਾਂ ਨੇ 79 ਸਾਲ ਦੀ ਉਮਰ 'ਚ ਦੁਨੀਆਂ ਨੂੰ ਅਲਵਿਦਾ ਆਖਿਆ। ਉਨ੍ਹਾਂ ਨੇ ਲੁਧਿਆਣਾ ਵਿਖੇ ਆਖਰੀ ਸਾਹ ਲਏ। ਉਹ ਪੰਜਾਬੀ ਦੇ ਮਸ਼ਹੂਰ ਸ਼ਾਇਰ ਵਜੋਂ ਜਾਣੇ ਜਾਂਦੇ ਸਨ।ਉਹ ਪੰਜਾਬ ਦੀ ਰੂਹ ਨੂੰ ਜਾਣਦੇ ਸੀ । ਪੰਜਾਬ ਦੇ ਅਤੀਤ ਅਤੇ ਵਰਤਮਾਨ ਦਾ ਇੱਕ ਇਤਿਹਾਸਕਾਰ ਅਤੇ ਇੱਕ ਅਜਿਹਾ ਵਿਅਕਤੀ ਜਿਸਦੀ ਕਵਿਤਾ ਨੇ ਲੱਖਾਂ ਲੋਕਾਂ ਨੂੰ ਇਸ ਧਰਤੀ ਦੇ ਸੁਨਹਿਰੇ ਭਵਿੱਖ ਦੇ ਸੁਪਨੇ ਵੇਖਣ ਵਿੱਚ ਸਹਾਇਤਾ ਕੀਤੀ, ਉਨ੍ਹਾਂ ਦੀਆਂ ਕਵਿਤਾਵਾਂ ਸਦਾ ਲਈ ਜਿਉਂਦੀਆਂ ਰਹਿਣਗੀਆਂ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਸਾਡੀ ਰੂਹ ਉੱਤੇ ਗਾਏ ਗਏ ਹਨ।

ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਦਾ ਰਹਿਣ ਵਾਲੇ ਸਨ। ਜਿੱਥੋਂ ਉਸ ਦਾ ਉਪਨਾਮ ਪਿਆ। ਉਨ੍ਹਾਂ ਨੇ ਰਣਧੀਰ ਕਾਲਜ, ਕਪੂਰਥਲਾ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ 'ਗੁਰੂ ਨਾਨਕ ਵਾਣੀ ਵਿੱਚ ਲੋਕਧਾਰਾ ਦੇ ਪਰਿਵਰਤਨ' ਉੱਤੇ ਸਾਹਿਤ ਵਿੱਚ ਪੀਐਚਡੀ ਕੀਤੀ। ਫਿਰ ਉਹ ਅਕਾਦਮਿਕ ਪੇਸ਼ੇ ਵਿੱਚ ਸ਼ਾਮਲ ਹੋ ਗਏ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪੰਜਾਬੀ ਦੇ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਉਨ੍ਹਾਂ ਨੇ ਸੱਠਵਿਆਂ ਦੇ ਅੱਧ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ 'ਹਵਾ ਵਿੱਚ ਲਿਖੇ ਹਰਫ਼' , ਬਿਰਖ ਅਰਜ਼ ਕਰੇ , ਹਨੇਰੇ ਵਿੱਚ ਸੁਲਗਦੀ ਵਰਨਮਾਲਾ , ਲਫ਼ਜ਼ਾਨ ਦੀ ਦਰਗਾਹ, ਪਤਝੜ ਦੀ ਪਜ਼ੇਬ ਅਤੇ ਸੁਰਜ਼ਮੀਨ ਸ਼ਾਮਲ ਹਨ।ਉਹ ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ ਦੇ ਪ੍ਰਧਾਨ ਸਨ। ਪਿਛਲੇ ਸਮੇਂ ਵਿੱਚ ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਦਾ ਅਹੁਦਾ ਸੰਭਾਲ ਚੁੱਕੇ ਸਨ। ਉਨ੍ਹਾਂ ਨੂੰ 2012 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ।

# ਚੀਨ ਦੀਆਂ ਗਤੀਵਿਧੀਆਂ ਭਾਰਤ ਲਈ ਬਣੀਆਂ ਖ਼ਤਰਾ

## ਚੀਨ ਦੀ ਧਮਕੀ ਤੋਂ ਬਾਅਦ ਦੁਨੀਆਂ ਦੇ ਸਭ ਤੋਂ ਵੱਡੇ ਜਲ ਸੈਨਾ ਅਭਿਆਸ ਲਈ ਭਾਰਤ ਸਮੇਤ 26 ਦੇਸ਼ ਹੋਏ ਇਕੱਠੇ

## ਅਮਰੀਕਾ ਤੇ ਯੂਰਪੀਅਨ ਦੇਸ਼ ਭਾਰਤ ਲਈ ਬਣੇ ਸਹਾਰਾ

## ਰੂਸ ਤੇ ਯੂਕਰੇਨ ਦੀ ਜੰਗ ਕਾਰਨ ਯੂਰਪੀਅਨ ਨਾਟੋ ਰਾਜਾਂ ਨੇ ਹਥਿਆਰਾਂ ਦੀ ਦਰਾਮਦ 65 ਪ੍ਰਤੀਸ਼ਤ ਤੱਕ ਵਧਾਈ

ਵਾਸ਼ਿੰਗਟਨ/ਏ.ਟੀ.ਨਿਊਜ਼: ਚੀਨ ਤੋਂ ਪੈਦਾ ਹੋਣ ਵਾਲੇ ਖਤਰੇ ਦਾ ਮੁਕਾਬਲਾ ਕਰਨ ਲਈ ਦੁਨੀਆਂ ਦੇ 26 ਦੇਸ਼ ਇਕੱਠੇ ਹੋ ਗਏ ਹਨ। ਇਹ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਜਲ ਸੈਨਾ ਅਭਿਆਸ ਵੀ ਕਰਨਗੇ। ਇਸ ਅਭਿਆਸ ਦਾ ਨਾਮ ਹੈ ਐਕਸਰਸਾਈਜ਼ ਰਿਮ ਆਫ ਦ ਪੈਸੀਫਿਕ । ਰਿਮਪੈਕ 2024 ਇਸ ਸਾਲ ਹਵਾਈ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਅਭਿਆਸ ਵਿੱਚ ਆਸਟਰੇਲੀਆ, ਬਰੂਨੇਈ, ਕੈਨੇਡਾ, ਚਿਲੀ, ਕੋਲੰਬੀਆ, ਡੈਨਮਾਰਕ, ਇਕਵਾਡੋਰ, ਫਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਜ਼ਰਾਈਲ, ਜਾਪਾਨ, ਮਲੇਸ਼ੀਆ, ਮੈਕਸੀਕੋ, ਨੀਦਰਲੈਂਡ, ਨਿਊਜ਼ੀਲੈਂਡ, ਪੇਰੂ, ਕੋਰੀਆ ਗਣਰਾਜ, ਫਿਲੀਪੀਨਜ਼, ਸਿੰਗਾਪੁਰ, ਸ਼੍ਰੀਲੰਕਾ ਥਾਈਲੈਂਡ, ਟੋਂਗਾ, ਯੂ.ਕੇ. ਅਤੇ ਯੂ.ਐਸ. ਸ਼ਾਮਲ ਸਨ।

ਇਸ ਸਾਲ ਰਿਮਪੈਕ 2024 ਦੀ ਥੀਮ ਹੈ 'ਸਾਂਝੀਦਾਰ: ਇਕਮੁਠਤਾ ਅਤੇ ਤਿਆਰੀ।' ਇਹ ਦੱਸਣ ਦਾ ਇੱਕ ਯਤਨ ਹੈ ਕਿ ਰਿਮਪੈਕ ਨਾ ਸਿਰਫ਼ ਇੱਕ ਅਭਿਆਸ ਹੈ ਜੋ ਕਈ ਦੇਸ਼ਾਂ ਨੂੰ ਇੱਕਠੇ ਕਰਨ ਲਈ ਤਿਆਰ ਕੀਤਾ ਗਿਆ ਅਜਿਹਾ ਪ੍ਰੋਗਰਾਮ ਹੈ ਜੋ ਇਸਦੇ ਭਾਗੀਦਾਰਾਂ ਨੂੰ ਹਰੇਕ ਦੇਸ਼ ਦੀ ਸਿਖਲਾਈ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਬੰਧ ਅਤੇ ਸੰਪਰਕ ਪ੍ਰਦਾਨ ਕਰਦਾ ਹੈ।

ਰਿਮਪੈਕ ਕੋਆਰਡੀਨੇਟਰ ਰਾਇਲ ਆਸਟ੍ਰੇਲੀਅਨ ਨੇਵੀ ਲੈਫਟੀਨੈਂਟ ਕਮਾਂਡਰ ਟਿਮੋਥੀ ਗਿੱਲ ਦੇ ਅਨੁਸਾਰ, ਰਾਸ਼ਟਰਾਂ ਵਿਚਕਾਰ ਸਾਂਝੇਦਾਰੀ ਵਿੱਚ ਬਹੁਤ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਡੇ ਸੰਪਰਕ ਵਿੱਚ ਹੋਰ ਰਾਸ਼ਟਰ ਹਨ ਜੋ ਸਾਡੇ ਨਾਲ ਜੁੜਨਾ ਚਾਹੁੰਦੇ ਹਨ, ਸਾਡੇ ਨਾਲ ਸਿਖਲਾਈ ਲੈਣਾ ਚਾਹੁੰਦੇ ਹਨ।ਅਸੀਂ ਸਾਰੇ ਸਮੁੰਦਰੀ ਸੁਰੱਖਿਆ ਅਤੇ ਸੁਰੱਖਿਆ ਦੇ ਇੱਕੋ ਟੀਚੇ 'ਤੇ ਕੇਂਦ੍ਰਿਤ ਹਾਂ। ਰਿਮ ਪੈਕ, ਜੋ ਹਰ ਦੋ ਸਾਲਾਂ ਬਾਅਦ ਹਵਾਈ ਅਤੇ ਇਸਦੇ ਆਲੇ-ਦੁਆਲੇ ਇਲਾਕਿਆਂ ਵਿੱਚ ਹੁੰਦਾ ਹੈ, ਜੋ ਦੁਨੀਆਂ ਦਾ ਸਭ ਤੋਂ ਵੱਡਾ ਜਲ ਸੈਨਾ ਅਭਿਆਸ ਮੰਨਿਆ ਜਾਂਦਾ ਹੈ।

### ਚੀਨ ਦੇ ਵਿਰੁੱਧ ਹੈ ਰਿਮਪੈਕ ਅਭਿਆਸ

ਸੈਂਟਰ ਫਾਰ ਸਕਿਓਰਿਟੀ ਸਟੱਡੀਜ਼ (ਸੀ.ਐਸ.ਐਸ.) ਵਿੱਚ ਸਵਿਸ ਅਤੇ ਯੂਰੋ-ਅਟਲਾਂਟਿਕ ਸੁਰੱਖਿਆ ਟੀਮ ਵਿੱਚ ਸੀਨੀਅਰ ਖੋਜਕਰਤਾ ਗੋਰਾਨਾ ਗ੍ਰਜ਼ਿਕ ਦਾ ਤਰਕ ਹੈ, 'ਵੱਖ-ਵੱਖ ਯੂਰਪੀਅਨ ਦੇਸ਼ਾਂ ਨੇ ਚੀਨ ਨੂੰ ਪਹਿਲੀ ਵਾਰ ਸੁਰੱਖਿਆ ਚੁਣੌਤੀ ਵਜੋਂ ਮਾਨਤਾ ਦਿੱਤੀ ਹੈ। ਇਸ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।' ਜਲਵਾਯੂ ਪਰਿਵਰਤਨ ਅਤੇ ਸਾਈਬਰ ਯੁੱਧ ਵਰਗੀਆਂ ਧਮਕੀਆਂ ਕਾਰਨ ਵਿਦੇਸ਼ੀ ਅਤੇ ਸੁਰੱਖਿਆ ਨੀਤੀਆਂ ਵਿੱਚ ਤਬਦੀਲੀਆਂ ਕੀਤੀਆਂ ਗਈਆਂ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ



ਰਾਸ਼ਟਰੀ ਸੁਰੱਖਿਆ ਰਣਨੀਤੀਆਂ ਤੋਂ ਲੈ ਕੇ ਰੱਖਿਆ ਸਮੀਖਿਆਵਾਂ ਤੱਕ, ਯੂਰਪ ਭਰ ਵਿੱਚ ਕਈ ਰਣਨੀਤਕ ਨੀਤੀ ਐਲਾਨਾਂ ਵਿੱਚ, ਇਨ੍ਹਾਂ ਉੱਭਰ ਰਹੀਆਂ ਸੁਰੱਖਿਆ ਚੁਣੌਤੀਆਂ ਨੂੰ ਹੱਲ ਕਰਨ ਅਤੇ ਯੂਰਪੀਅਨ ਸੁਰੱਖਿਆ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰਨ ਲਈ ਇੰਡੋ-ਪੈਸੀਫਿਕ ਵਿੱਚ ਸਮਾਨ ਵਿਚਾਰਧਾਰਾ ਵਾਲੇ ਰਾਜਾਂ ਦੇ ਸਹਿਯੋਗ ਵੱਲ ਇਸ਼ਾਰਾ ਕੀਤਾ ਗਿਆ ਹੈ ।

### ਏਸ਼ੀਆਈ ਦੇਸ਼ਾਂ 'ਤੇ ਅਮਰੀਕਾ ਅਤੇ ਯੂਰਪ ਦਾ ਵਿਸ਼ੇਸ਼ ਧਿਆਨ

ਰਿਪੋਰਟ ਅਨੁਸਾਰ, ਆਸਟ੍ਰੇਲੀਆ, ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਪ੍ਰਮੁੱਖ ਇੰਡੀਆ-ਪ੍ਰਸ਼ਾਂਤ ਦੇਸ਼ਾਂ ਤੋਂ ਫੌਜੀ, ਵਿੱਤੀ ਅਤੇ ਮਾਨਵਤਾਵਾਦੀ ਰੂਪਾਂ ਵਿੱਚ ਯੂਕਰੇਨ ਦੇ ਸਮਰਥਨ ਨੇ ਸ਼ਕਤੀਸ਼ਾਲੀ ਯੂਰਪੀਅਨ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ। ਗੋਰਾਨਾ ਗਰਗਿਕ ਦੋ ਖੇਤਰਾਂ ਵਿਚਕਾਰ ਹਥਿਆਰਾਂ ਦੇ ਤਬਾਦਲੇ ਦੀ ਪ੍ਰਭਾਵਸ਼ਾਲੀ ਦਰ ਅਤੇ ਮਾਤਰਾ ਨੂੰ ਲੈ ਕੇ ਇੱਕ ਮਹੱਤਵਪੂਰਨ ਮੁੱਦਾ ਉਠਾਉਂਦਾ ਹੈ। 2023 ਵਿੱਚ, ਰੂਸੀ ਖਤਰਿਆਂ ਬਾਰੇ ਵਧਦੀਆਂ ਚਿੰਤਾਵਾਂ ਦੇ ਵਿਚਕਾਰ, ਯੂਰਪੀਅਨ ਨਾਟੋ ਰਾਜਾਂ ਨੇ ਕੁੱਲ ਹਥਿਆਰਾਂ ਦੀ ਦਰਾਮਦ ਵਿੱਚ 65 ਪ੍ਰਤੀਸ਼ਤ ਦਾ ਕਾਫ਼ੀ ਵਾਧਾ ਦੇਖਿਆ। ਇਸੇ ਤਰ੍ਹਾਂ, ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਹਥਿਆਰਾਂ ਦੀ ਦਰਾਮਦ ਵਿੱਚ ਵੀ ਵਾਧਾ ਹੋਇਆ ਹੈ, ਜਿਸ ਵਿੱਚ ਆਸਟਰੇਲੀਆ, ਜਾਪਾਨ ਅਤੇ ਦੱਖਣੀ ਕੋਰੀਆ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ।

### ਬੰਗਲਾਦੇਸ਼ ਨੇ ਡਰੈਗਨ ਦੀ ਮਦਦ ਨਾਲ ਬਣਾਇਆ ਨੇਵਲ ਬੇਸ, ਜੋ ਪਣਡੁੱਬੀਆਂ ਨੂੰ ਰੋਕ ਸਕੇਗਾ

ਚੀਨ ਬੰਗਲਾਦੇਸ਼ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਚੀਨ ਦੀ ਮਦਦ ਨਾਲ ਬੰਗਲਾਦੇਸ਼ ਵਿੱਚ ਪਣਡੁੱਬੀਆਂ ਅਤੇ ਜੰਗੀ ਬੇੜਿਆਂ ਲਈ ਇੱਕ ਨੇਵੀ ਡੌਕ ਬਣਾਇਆ ਗਿਆ ਹੈ। ਗਲੋਬਲ ਇੰਟੈਲੀਜੈਂਸ ਰਿਸਰਚ ਨੈਟਵਰਕ ਦਿ ਇੰਟੈੱਲ ਲੈਬ ਦੇ ਖੋਜਕਰਤਾ ਡੈਮਿਅਨ ਸਾਈਮਨ ਨੇ ਕੁਝ ਸਮਾਂ ਪਹਿਲਾਂ ਭਾਰਤੀ ਸਰਹੱਦ ਨੇੜੇ ਬੰਗਲਾਦੇਸ਼ ਵਿੱਚ ਬਣੀ ਡਰਾਈ ਡੌਕ ਦੀਆਂ ਸੈਟੇਲਾਈਟ ਤਸਵੀਰਾਂ ਜਾਰੀ ਕੀਤੀਆਂ ਸਨ। ਇਸ ਕਾਰਨ ਭਾਰਤ ਦੇ ਵਿਹੜੇ ਵਿੱਚ ਬੀਜਿੰਗ ਦਾ ਖਤਰਾ ਵਧਿਆ ਹੈ। ਡੈਮੀਅਨ ਸਾਈਮਨ ਨੇ ਨੇਵੀ ਡੌਕ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਅਤੇ ਕਿਹਾ ਸੀ ਕਿ ਚੀਨ ਦੁਆਰਾ ਰੱਖਿਆ ਸਹਿਯੋਗ ਦਾ ਇਹ ਪ੍ਰਭਾਵਸ਼ਾਲੀ ਯਤਨ ਬੀਜਿੰਗ ਨੂੰ ਬੰਗਲਾਦੇਸ਼ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ?ਕਰਨ ਵਿੱਚ ਮਦਦ ਕਰੇਗਾ।ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਮੁਤਾਬਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਸਮੇਂ ਇਸ ਜਲ ਸੈਨਾ ਡੌਕ ਨੂੰ ਲੈ ਕੇ ਬਹੁਤ ਚਿੰਤਤ ਹੋਣ ਦੀ ਲੋੜ ਹੈ ,ਕਿਉਂਕਿ ਇਹ ਬੰਗਲਾਦੇਸ਼ ਦੀਆਂ ਆਪਣੀਆਂ ਜਲ ਸੈਨਾਵਾਂ ਨੂੰ ਮਜ਼ਬੂਤ ਕਰਨ ਦਾ ਉਦਮ ਹੈ। ਹਾਲਾਂਕਿ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਦਿੱਲੀ ਨੂੰ ਇਸ ਖੇਤਰ ਵਿੱਚ ਚੀਨ ਦੀ ਵਧਦੀ ਮੌਜੂਦਗੀ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਜਲ ਸੈਨਾ ਡੌਕ ਰਾਹੀਂ ਚੀਨ ਨਾ ਸਿਰਫ਼ ਬੰਗਲਾਦੇਸ਼ ਨਾਲ ਰੱਖਿਆ ਸਬੰਧ ਵਧਾਏਗਾ ਸਗੋਂ ਬੰਗਾਲ ਦੀ ਖਾੜੀ ਵਿੱਚ ਆਪਣੀਆਂ ਪਣਡੁੱਬੀਆਂ ਲਈ ਨਵਾਂ ਬੇਸ ਵੀ ਹਾਸਲ ਕਰੇਗਾ।

### ਪਿਛਲੇ ਸਾਲ ਸ਼ੇਖ ਹਸੀਨਾ ਨੇ ਕੀਤਾ ਸੀ ਉਦਘਾਟਨ

ਯੂਨੀਵਰਸਿਟੀ ਆਫ ਵੈਸਟਰਨ ਆਸਟ੍ਰੇਲੀਆ ਦੇ ਡਿਫੈਂਸ ਐਂਡ ਸਕਿਓਰਿਟੀ ਇੰਸਟੀਚਿਊਟ ਦੇ ਰਿਸਰਚ ਫੈਲੋ ਟਰੌਏ ਲੀ ਬ੍ਰਾਊਨ ਨੇ ਕਿਹਾ ਕਿ ਬੰਗਲਾਦੇਸ਼ ਨੇਵੀ ਕਾਕਸ ਬਾਜ਼ਾਰ ਵਿੱਚ ਸ਼ੇਖ ਹਸੀਨਾ ਨਵੇਂ ਪਣਡੁੱਬੀ ਬੇਸ 'ਤੇ ਡਰਾਈ ਡੌਕ ਦਾ ਨਿਰਮਾਣ ਕਰ ਰਹੀ ਹੈ। ਇਸ ਨੂੰ ਲਗਭਗ 1.21 ਬਿਲੀਅਨ ਅਮਰੀਕੀ ਡਾਲਰ ਨਾਲ ਤਿਆਰ ਕੀਤਾ ਗਿਆ ਹੈ। ਇਸ ਦਾ ਉਦਘਾਟਨ ਪਿਛਲੇ ਸਾਲ ਮਾਰਚ ਵਿੱਚ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਚੀਨੀ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਇੱਕ ਸਮਾਰੋਹ ਦੌਰਾਨ ਕੀਤਾ ਸੀ। ਉਦਘਾਟਨ ਮੌਕੇ ਬੋਲਦਿਆਂ ਹਸੀਨਾ ਨੇ ਕਿਹਾ ਕਿ ਬੇਸ ਬੰਗਲਾਦੇਸ਼ ਦੀ ਆਪਣੀ ਸਮੁੰਦਰੀ ਸਰਹੱਦ ਦੀ ਰੱਖਿਆ ਕਰਨ ਦੀ ਸਮਰੱਥਾ ਨੂੰ ਮਜ਼ਬੂਤ ਕਰੇਗਾ। ਇਹ ਇੱਕ ਸਮੇਂ ਵਿੱਚ ਛੇ ਪਣਡੁੱਬੀਆਂ ਅਤੇ ਅੱਠ ਜੰਗੀ ਜਹਾਜ਼ਾਂ ਦੀ ਮੇਜ਼ਬਾਨੀ ਕਰਨ ਦੇ ਯੋਗ ਹੋਵੇਗਾ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਲੋਕ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਫਿਰ ਹੋਇਆ ਸਰਗਰਮ

## ਕਿਸੇ ਵੀ ਸਿਆਸੀ ਆਗੂ ਨੇ ਨਹੀਂ ਕੀਤੀ ਸਤਿਸੰਗ 'ਚ ਸ਼ਿਰਕਤ



ਬਠਿੰਡਾ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਇੱਕ ਵਾਰ ਫਿਰ ਪੂਰੀ ਤਰ੍ਹਾਂ ਸਰਗਰਮ ਦਿਖਾਈ ਦੇ ਰਿਹਾ ਹੈ। ਡੇਰਾ ਸਿਰਸਾ ਦੇ ਪੰਜਾਬ ਵਿਚਲੇ ਮੁੱਖ ਡੇਰਾ ਸਲਾਬਤਪੁਰਾ ਵਿੱਚ ਡੇਰਾ ਪ੍ਰੇਮੀਆਂ ਨੇ ਸਤਿਸੰਗ ਭੰਡਾਰੇ ਦੇ ਬਹਾਨੇ ਵੱਡਾ ਸ਼ਕਤੀ ਪ੍ਰਦਰਸ਼ਨ ਕੀਤਾ। ਕੋਈ ਸਮਾਂ ਸੀ ਜਦੋਂ ਵੱਖ-ਵੱਖ ਰਾਜਸੀ ਪਾਰਟੀਆਂ ਦੇ ਵੱਡੇ ਆਗੂ ਵੋਟਾਂ ਲਈ ਡੇਰਾ ਸਿਰਸਾ ਵਿੱਚ ਜਾਇਆ ਕਰਦੇ ਸਨ ਅਤੇ ਸਿਰਸਾ ਸਮੇਤ ਪੰਜਾਬ 'ਚ ਹੋਣ ਵਾਲੇ ਡੇਰਾ ਪ੍ਰੇਮੀਆਂ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਦੇ ਸਨ ਪਰ ਜਦੋਂ ਤੋਂ ਡੇਰਾ ਸਿਰਸਾ 'ਤੇ ਬੇਅਦਬੀ ਦੇ ਦੋਸ਼ ਲੱਗੇ ਹਨ, ਉਸ ਤੋਂ ਬਾਅਦ ਡੇਰੇ ਵਿੱਚ ਸਿਆਸੀ ਆਗੂਆਂ ਦੀ ਹਾਜ਼ਰੀ ਬਹੁਤ ਘੱਟ ਗਈ ਸੀ। ਡੇਰਾ ਸਿਰਸਾ ਤੋਂ ਹਮਾਇਤ ਲੈਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਨੇ ਕਈ ਅਕਾਲੀ ਤੇ ਕਾਂਗਰਸੀ ਆਗੂਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਵੀ ਤਲਬ ਕੀਤਾ ਸੀ। ਇਸ ਦਾ ਹੀ ਅਸਰ ਸੀ ਕਿ ਐਤਵਾਰ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਸਲਾਬਤਪੁਰਾ ਵਿੱਚ ਹੋਏ ਵੱਡੇ ਸਮਾਗਮ ਦੌਰਾਨ ਸਿਆਸੀ ਲੀਡਰਾਂ ਨੇ ਇਸ ਤੋਂ ਦੂਰੀ ਬਣਾਈ ਰੱਖੀ। ਕੋਈ ਵੀ ਸਿਆਸੀ ਲੀਡਰ ਲੋਕ ਸਭਾ ਚੋਣ ਸਿਰ 'ਤੇ ਹੋਣ ਦੇ ਬਾਵਜੂਦ ਡੇਰਾ ਸਲਾਬਤਪੁਰਾ ਨਹੀਂ ਪੁੱਜਾ। ਇਸ ਭੰਡਾਰੇ ਵਿੱਚ ਵੱਡੀ ਗਿਣਤੀ 'ਚ ਸਾਧ ਸੰਗਤ ਪੁੱਜੀ। ਇਸ ਮੌਕੇ ਮਾਨਵਤਾ ਭਲਾਈ ਦੇ ਕਾਰਜਾਂ ਤਹਿਤ ਲੋੜਵੰਦ ਪਰਿਵਾਰਾਂ ਦੇ 76 ਬੱਚਿਆਂ ਨੂੰ ਕੱਪੜੇ ਵੰਡੇ ਗਏ। ਦੱਸਣਯੋਗ ਹੈ ਕਿ ਸਾਧ ਸੰਗਤ ਮਈ ਮਹੀਨੇ ਨੂੰ ਪਵਿੱਤਰ ਐੱਮਐੱਸਜੀ ਸਤਿਸੰਗ ਭੰਡਾਰਾ ਮਹੀਨੇ ਵਜੋਂ ਮਨਾਉਂਦੀ ਹੈ। ਇਸ ਮੌਕੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੇ ਰਿਕਾਰਡਿਡ ਪਵਿੱਤਰ ਅਨਮੋਲ ਬਚਨ ਵੀ ਸੰਗਤ ਨੂੰ ਸੁਣਾਏ ਗਏ। ਇਸ ਮੌਕੇ ਡੇਰਾ ਮੁਖੀ ਵੱਲੋਂ ਅਪ੍ਰੈਲ ਮਹੀਨੇ ਵਿੱਚ ਭੇਜੀ ਗਈ ਸ਼ਾਹੀ ਚਿੱਠੀ ਇੱਕ ਵਾਰ ਫਿਰ ਸਾਧ ਸੰਗਤ ਨੂੰ ਪੜ੍ਹ ਕੇ ਸੁਣਾਈ ਗਈ। ਇਸ ਮੌਕੇ ਡੇਰਾ ਮੁਖੀ ਵੱਲੋਂ ਨਸ਼ਿਆਂ ਖ਼ਿਲਾਫ਼ ਗਾਏ ਗੀਤ 'ਦੇਸ਼ ਦੀ ਜਵਾਨੀ' ਤੇ 'ਜਾਗੋ ਦੇਸ਼ ਦੇ ਲੋਕੋ' ਵੀ ਚਲਾਏ ਗਏ। ਇਸ ਤੋਂ ਇਲਾਵਾ ਰਾਹਗੀਰਾਂ ਦੀ ਪਿਆਸ ਬੁਝਾਉਣ ਦਾ ਸੰਦੇਸ਼ ਦਿੰਦੀ ਡਾਕੂਮੈਂਟਰੀ ਵੀ ਦਿਖਾਈ ਗਈ।

**ਕੋਈ ਸਿਆਸੀ ਆਗੂ ਨਹੀਂ ਪੁੱਜਾ ਡੇਰੇ**

ਭਾਵੇਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਪ੍ਰੇਮੀਆਂ ਨੇ ਖੁੱਲ੍ਹ ਕੇ ਕਿਸੇ ਇੱਕ ਪਾਰਟੀ ਦੀ ਮਦਦ ਨਹੀਂ ਕੀਤੀ ਪਰ ਸਮਝਿਆ ਜਾਂਦਾ ਸੀ ਕੀ ਡੇਰਾ ਪ੍ਰੇਮੀਆਂ ਵੱਲੋਂ ਜ਼ਿਆਦਾਤਰ ਭਾਜਪਾ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਗਈਆਂ ਸਨ। ਇਸ ਵਾਰ ਡੇਰਾ ਸਲਾਬਤਪੁਰਾ ਵਿੱਚ ਹੋਏ ਪ੍ਰੋਗਰਾਮ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਸ਼ਾਮਲ ਨਾ ਹੋਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਦੱਸਿਆ ਜਾਂਦਾ ਹੈ ਕਿ ਬੇਅਦਬੀ ਮਾਮਲੇ ਵਿੱਚ ਸਿਰਸਾ ਡੇਰੇ ਦਾ ਨਾਂ ਜੁੜਨ ਅਤੇ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ 'ਤੇ ਛੱਡਣ ਕਾਰਨ ਸਿੱਖ ਕੌਮ ਵਿੱਚ ਗੁੱਸੇ ਦੀ ਲਹਿਰ ਹੈ ਜਿਸ ਕਾਰਨ ਕੋਈ ਵੀ ਸਿਆਸੀ ਆਗੂ ਇਸ ਵਾਰ ਡੇਰੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋਇਆ। ਵਾਰ-ਵਾਰ ਪੈਰੋਲ 'ਤੇ ਰਿਹਾਅ ਹੋਣ ਤੋਂ ਬਾਅਦ ਡੇਰਾ ਮੁਖੀ ਨਜ਼ਰਾਂ ਵਿੱਚ ਵੀ ਨਹੀਂ ਚੜ੍ਹਿਆ ਹੋਇਆ ਸਗੋਂ ਆਮ ਲੋਕ ਇਸ ਦਾ ਵਿਰੋਧ ਕਰ ਰਹੇ ਹਨ। ਇੱਥੋਂ ਤਕ ਕਿ ਸਿਰਫ਼ ਸਿੱਖ ਹੀ ਵਿਰੋਧ ਨਹੀਂ ਕਰ ਰਹੇ ਸਗੋਂ ਹੋਰ ਧਰਮਾਂ ਦੇ ਲੋਕ ਵੀ ਡੇਰੇ ਦਾ ਵਿਰੋਧ ਕਰ ਰਹੇ ਹਨ।

**ਡੇਰੇ ਨੇ 2012 'ਚ ਕਾਂਗਰਸ ਦੇ ਹੱਕ 'ਚ ਦਿੱਤਾ ਸੀ ਫ਼ਤਵਾ**

ਸਾਲ 2012 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਵੀ ਡੇਰੇ ਦੇ ਸਿਆਸੀ ਵਿੰਗ ਨੇ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਫਤਵਾ ਦਿੱਤਾ ਸੀ ਪਰ ਉਸ ਸਮੇਂ ਕਾਂਗਰਸ ਪਾਰਟੀ ਨੂੰ ਸੂਬੇ ਅੰਦਰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਰਾਜਸੀ ਵਿੰਗ ਵੱਲੋਂ ਅਕਾਲੀ-ਭਾਜਪਾ ਪਾਰਟੀਆਂ ਦੇ ਗੱਠਜੋੜ ਦੇ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਪਰ ਇਨ੍ਹਾਂ ਚੋਣਾਂ 'ਚ ਅਕਾਲੀ-ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਸਾਲ 2014 ਦੀਆਂ ਲੋਕ ਸਭਾ ਚੋਣਾਂ ਮੌਕੇ ਡੇਰੇ ਦੇ ਸਿਆਸੀ ਵਿੰਗ ਵੱਲੋਂ ਅਕਾਲੀ-ਭਾਜਪਾ ਉਮੀਦਵਾਰਾਂ ਨੂੰ ਹਮਾਇਤ ਦਿੱਤੀ ਗਈ ਸੀ। ਇਸ ਵਾਰ ਡੇਰਾ ਪ੍ਰੇਮੀਆਂ ਨੇ ਉਮੀਦਵਾਰਾਂ ਦੀ ਚੋਣ ਕਰ ਕੇ ਹਮਾਇਤ ਕੀਤੀ ਗਈ ਸੀ, ਜਦੋਂ ਕਿ ਡੇਰਾ ਮੁਖੀ ਦੇ ਕੁੜਮ ਸਾਬਕਾ ਮੰਤਰੀ ਹਰਮੰਦਰ ਸਿੰਘ ਜੱਸੀ ਦੀ ਤਲਵੰਡੀ ਸਾਬੋ ਹਲਕੇ ਤੋਂ ਖੁੱਲਮ-ਖੁੱਲ੍ਹਾ ਮਦਦ ਕੀਤੀ ਸੀ ਪਰ ਉਹ ਚੌਥੇ ਸਥਾਨ 'ਤੇ ਰਹੇ ਸਨ।

**44 ਆਗੂ ਅਕਾਲ ਤਖ਼ਤ 'ਤੇ ਕੀਤੇ ਸੀ ਤਲਬ**

ਪੰਜਾਬ ਵਿਧਾਨ ਸਭਾ ਚੋਣਾਂ-2017 ਦੌਰਾਨ ਡੇਰਾ ਸਿਰਸਾ ਦਾ ਸਮੱਰਥਨ ਲੈਣ ਵਾਲੇ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਗਿਆ ਸੀ। ਅਜਿਹੇ 44 ਉਮੀਦਵਾਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ੀ ਪਾਇਆ ਗਿਆ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ 17 ਅਪ੍ਰੈਲ 2017 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਸਨ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸਿਰਸਾ ਦਾ ਸਮੱਰਥਨ ਲੈਣ ਲਈ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ 28 ਜਨਵਰੀ 2017 ਨੂੰ ਡੇਰਾ ਸਿਰਸਾ ਦਾ ਦੌਰਾ ਕੀਤਾ ਸੀ, ਜਿੱਥੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਉਨ੍ਹਾਂ ਨਾਲ ਸਾਂਝੀ ਮੀਟਿੰਗ ਕੀਤੀ ਸੀ।

# ਡੰਕੀ ਉਡਾਣ: 200 ਭਾਰਤੀਆਂ ਵਾਲਾ ਜਹਾਜ਼ ਜਮਾਇਕਾ ਤੋਂ ਵਾਪਸ ਭੇਜਿਆ

## ਦੁਬਈ ਤੋਂ ਚਾਰਟਰਡ ਉਡਾਣ ਰਾਹੀਂ ਪੰਜ ਦਿਨਾਂ ਟੂਰ 'ਤੇ ਪੁੱਜੇ ਸੀ ਜਮਾਇਕਾ



ਨਵੀਂ ਦਿੱਲੀ/ਏ.ਟੀ.ਨਿਊਜ਼ :ਇਮੀਗ੍ਰੇਸ਼ਨ ਅਧਿਕਾਰੀਆਂ ਨੇ ਦੁਬਈ ਤੋਂ ਚਾਰਟਰਡ ਉਡਾਣ ਰਾਹੀਂ ਜਮਾਇਕਾ ਪੁੱਜੇ 200 ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜ ਦਿੱਤਾ ਹੈ। ਜਮਾਇਕਾ ਦੇ ਪੰਜ ਦਿਨਾ ਟੂਰ 'ਤੇ ਆਏ ਇਨ੍ਹਾਂ ਭਾਰਤੀਆਂ ਦੇ ਦਸਤਾਵੇਜ਼ ਚੈੱਕ ਕਰਨ ਮੌਕੇ ਅਧਿਕਾਰੀਆਂ ਨੂੰ ਜਦੋਂ ਤਸੱਲੀ ਹੋ ਗਈ ਕਿ ਇਹ ਟੂਰਿਸਟ ਨਹੀਂ ਹਨ ਤਾਂ ਉਨ੍ਹਾਂ ਯਾਤਰੀਆਂ ਸਣੇ ਜਹਾਜ਼ ਮੋੜ ਦਿੱਤਾ। ਇਸ ਘਟਨਾ ਨੇ ਪਿਛਲੇ ਸਾਲ ਫਰਾਂਸ ਵਿੱਚ ਘਟੀ ਮਿਲਦੀ ਜੁਲਦੀ ਘਟਨਾ ਚੇਤੇ ਕਰਵਾ ਦਿੱਤੀ।

ਜਮਾਇਕਾ ਦੇ 'ਦਿ ਗਲੀਨਰ ਬਰੌਡਸ਼ੀਟ' ਵਿੱਚ ਛਪੀ ਰਿਪੋਰਟ ਮੁਤਾਬਕ, "ਆਲਮੀ ਪੱਧਰ 'ਤੇ ਭਾਰਤੀ ਨਾਗਰਿਕਾਂ 'ਤੇ ਨਿਗਰਾਨੀ ਰੱਖੀ ਜਾਂਦੀ ਹੈ, ਉਨ੍ਹਾਂ ਦੇ ਜੋਖ਼ਮ ਵਾਲੇ ਪ੍ਰੋਫਾਈਲ ਕਰਕੇ ਜਮਾਇਕਾ ਪੁੱਜਣ 'ਤੇ ਇੱਕ ਅਧਿਕਾਰੀ ਵੱਲੋਂ ਮੈਨੂਅਲੀ ਉਨ੍ਹਾਂ ਦੇ ਦਸਤਾਵੇਜ਼ ਚੈੱਕ ਕੀਤੇ ਜਾਂਦੇ ਹਨ।" ਸਥਾਨਕ ਮੀਡੀਆ ਰਿਪੋਰਟ ਵਿੱਚ ਕਿਹਾ ਗਿਆ ਕਿ ਭਾਰਤੀ ਨਾਗਰਿਕ, ਜਿਨ੍ਹਾਂ ਵਿਚੋਂ ਬਹੁਤੇ ਪੁਰਸ਼ ਸਨ, ਪੰਜ ਦਿਨਾ ਟੂਰ ਲਈ ਜਮਾਇਕਾ ਪੁੱਜੇ ਸਨ, ਪਰ ਜਦੋਂ ਉਨ੍ਹਾਂ ਦੇ ਕਾਗਜ਼ ਪੱਤਰ ਦੇਖੇ ਤਾਂ ਪਤਾ ਲੱਗਾ ਕਿ ਟੂਰ ਸਿਰਫ ਇੱਕ ਦਿਨ ਦਾ ਸੀ। ਕੁਝ ਭਾਰਤੀਆਂ ਦੇ ਯਾਤਰਾ ਦਸਤਾਵੇਜ਼ਾਂ ਵਿੱਚ ਵੀ ਗੜਬੜ ਸੀ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਭਾਰਤੀ ਨਾਗਰਿਕਾਂ ਨੂੰ ਮੁਲਕ ਵਿੱਚ ਦਾਖ਼ਲੇ ਤੋਂ ਨਾਂਹ ਕਰ ਦਿੱਤੀ, ਪਰ ਅਥਾਰਿਟੀਜ਼ ਨੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਜ਼ਰੂਰੀ ਪ੍ਰਬੰਧ ਕੀਤੇ ਜਾਣ ਤੱਕ ਮਾਨਵੀ ਅਧਾਰ 'ਤੇ ਕਿੰਗਸਟਨ ਦੇ ਹੋਟਲ ਵਿੱਚ ਰੁਕਣ ਦੀ ਖੁੱਲ੍ਹ ਦਿੱਤੀ।

ਕਾਬਿਲੇਗੌਰ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਫਰੈਂਚ ਅਥਾਰਿਟੀਜ਼ ਨੇ ਮਾਨਵੀ ਤਸਕਰੀ ਦੇ ਸ਼ੱਕ ਕਰਕੇ 303 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਸੀ, ਜਿਨ੍ਹਾਂ ਵਿਚੋਂ ਬਹੁਗਿਣਤੀ ਭਾਰਤੀਆਂ ਦੀ ਸੀ।'ਦਿ ਗਲੀਨਰ' ਦੀ ਰਿਪੋਰਟ ਮੁਤਾਬਕ ਦੁਬਈ ਤੋਂ ਆਈ ਚਾਰਟਰਡ ਉਡਾਣ ਵਿੱਚ 253 ਭਾਰਤੀ, ਜਰਮਨ ਚਾਲਕ ਦਲ ਦੇ ਮੈਂਬਰ ਅਤੇ ਫਰਾਂਸ, ਉਜ਼ਬੇਕਿਸਤਾਨ ਤੇ ਰੂਸ ਦਾ ਇੱਕ ਇੱਕ ਨਾਗਰਿਕ ਸਵਾਰ ਸਨ। ਜਮਾਇਕਾ ਦੇ ਕੌਮੀ ਸੁਰੱਖਿਆ ਬਾਰੇ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਮਾਇਕਾ ਪੁੱਜੀ ਉਡਾਣ ਕਾਨੂੰਨੀ ਰੂਪ ਵਿੱਚ ਵੈਧ ਸੀ, ਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਵਾਈ ਅੱਡੇ 'ਤੇ ਯਾਤਰਾ ਦਸਤਾਵੇਜ਼ਾਂ ਦੀ ਪੜਤਾਲ ਦੌਰਾਨ ਸੁਰੱਖਿਆ ਫ਼ਿਕਰਾਂ ਦੇ ਹਵਾਲੇ ਨਾਲ ਯਾਤਰੀਆਂ ਨੂੰ ਮੁਲਕ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ। ਮੰਤਰਾਲੇ ਨੇ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਯਾਤਰੀਆਂ ਸਬੰਧੀ ਪਹਿਲਾਂ ਤੋਂ ਜਮ੍ਹਾਂ ਸੂਚੀ ਵਿੱਚ ਦੋ ਮੁਸਾਫ਼ਰਾਂ ਦੇ ਨਾਮ ਨਹੀਂ ਸਨ, ਜਿਸ ਕਰਕੇ ਉਨ੍ਹਾਂ (ਦੋਵਾਂ ਯਾਤਰੀਆਂ) ਨੂੰ ਜਮਾਇਕਾ ਵਿੱਚ ਦਾਖਲ ਨਾ ਹੋਣ ਦੇਣ ਦਾ ਫੈਸਲਾ ਕੀਤਾ ਗਿਆ।

**ਵਿਦੇਸ਼ ਮੰਤਰਾਲੇ ਵੱਲੋਂ ਘਟਨਾ ਦੀ ਪੁਸ਼ਟੀ**

ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ, "ਦੁਬਈ ਤੋਂ ਇਕ ਚਾਰਟਰਡ ਉਡਾਣ, ਜਿਸ ਵਿੱਚ ਕਈ ਭਾਰਤੀ ਨਾਗਰਿਕ ਸਵਾਰ ਸਨ, ਜਮਾਇਕਾ ਉਤਰੀ ਸੀ। ਭਾਰਤੀ ਨਾਗਰਿਕਾਂ ਨੇ ਪਹਿਲਾਂ ਤੋਂ ਹੀ ਯਾਤਰਾ ਤੇ ਹੋਟਲ ਬੁਕਿੰਗਜ਼ ਕਰਵਾਈਆਂ ਹੋਈਆਂ ਸਨ, ਪਰ ਸਥਾਨਕ ਅਥਾਰਿਟੀਜ਼ ਉਨ੍ਹਾਂ ਦੇ ਦਸਤਾਵੇਜ਼ਾਂ ਤੋਂ ਸੰਤੁਸ਼ਟ ਨਹੀਂ ਸਨ। ਕੁਝ ਦਿਨਾਂ ਮਗਰੋਂ 7 ਮਈ ਨੂੰ ਉਨ੍ਹਾਂ ਭਾਰਤੀ ਨਾਗਰਿਕਾਂ ਨੂੰ ਵਾਪਸ ਦੁਬਈ ਭੇਜ ਦਿੱਤਾ।"

# ਲੋਕ ਸਭਾ ਚੋਣਾਂ: ਘੱਟ ਰਹੀ ਹੈ ਵੋਟਿੰਗ, ਕਿਸਦਾ ਨੁਕਸਾਨ ?

ਭਾਰਤ ਵਿੱਚ ਲੋਕ ਸਭਾ ਚੋਣਾਂ ਦੇ ਪਹਿਲੇ ਤਿੰਨ ਪੜਾਵਾਂ ਦੀ ਤਰ੍ਹਾਂ ਚੌਥੇ ਪੜਾਅ ਵਿੱਚ ਵੀ 2019 ਦੇ ਮੁਕਾਬਲੇ ਘੱਟ ਵੋਟਿੰਗ ਹੋਈ। ਭਾਜਪਾ ਦਾ ਕਹਿਣਾ ਹੈ ਕਿ ਇਸ ਨਾਲ ਵਿਰੋਧੀ ਧਿਰ ਨੂੰ ਚਿੰਤਾ ਕਰਨੀ ਚਾਹੀਦੀ ਹੈ ਪਰ ਪਾਰਟੀ ਦੇ ਨਵੇਂ ਇਸ਼ਤਿਹਾਰ ਕੁਝ ਹੋਰ ਹੀ ਬਿਆਨ ਕਰ ਰਹੇ ਹਨ।

ਚੋਣ ਕਮਿਸ਼ਨ ਦੇ ਤਾਜ਼ਾ ਅੰਕੜਿਆਂ ਮੁਤਾਬਕ ਚੌਥੇ ਪੜਾਅ ਦੀ ਵੋਟਿੰਗ 'ਚ ਹੁਣ ਤੱਕ ਕਰੀਬ 67 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ। ਟਾਈਮਜ਼ ਆਫ ਇੰਡੀਆ ਅਖਬਾਰ ਦੇ ਅਨੁਸਾਰ, 2019 ਵਿੱਚ ਇਨ੍ਹਾਂ ਸੀਟਾਂ 'ਤੇ ਵੋਟਿੰਗ ਪ੍ਰਤੀਸ਼ਤਤਾ 69.6 ਸੀ, ਜਿਸਦਾ ਮਤਲਬ ਹੈ ਕਿ ਇਸ ਵਾਰ ਇਹ ਅੰਕੜਾ ਲਗਭਗ ਦੋ ਪ੍ਰਤੀਸ਼ਤ ਘੱਟ ਹੈ।

ਇਸ ਦੇ ਨਾਲ ਹੀ ਇੰਡੀਅਨ ਐਕਸਪ੍ਰੈਸ ਅਖਬਾਰ ਦਾ ਦਾਅਵਾ ਹੈ ਕਿ 2019 'ਚ ਇਨ੍ਹਾਂ ਸੀਟਾਂ 'ਤੇ 68.8 ਫੀਸਦੀ ਵੋਟਿੰਗ ਹੋਈ ਸੀ, ਯਾਨੀ ਇਸ ਵਾਰ ਤੋਂ ਸਿਰਫ ਇੱਕ ਫੀਸਦੀ ਜ਼ਿਆਦਾ।

ਸਭ ਤੋਂ ਵੱਧ ਮਤਦਾਨ ਪੱਛਮੀ ਬੰਗਾਲ (78.44 ਪ੍ਰਤੀਸ਼ਤ) ਅਤੇ ਆਂਧਰਾ ਪ੍ਰਦੇਸ਼ (78.25 ਪ੍ਰਤੀਸ਼ਤ) ਅਤੇ ਸਭ ਤੋਂ ਘੱਟ ਜੰਮੂ-ਕਸ਼ਮੀਰ (37.98 ਪ੍ਰਤੀਸ਼ਤ) ਵਿੱਚ ਹੋਇਆ। ਜੰਮੂ-ਕਸ਼ਮੀਰ ਦੀ ਸ੍ਰੀਨਗਰ ਲੋਕ ਸਭਾ ਸੀਟ ਦੀ ਕਹਾਣੀ ਦਿਲਚਸਪ ਹੈ।ਸ੍ਰੀਨਗਰ ਵਿੱਚ ਇਸ ਵਾਰ 38 ਫੀਸਦੀ ਵੋਟਿੰਗ ਦਰਜ ਕੀਤੀ ਗਈ, ਜੋ ਕਿ ਉਥੇ ਪਿਛਲੀਆਂ ਚੋਣਾਂ ਦੇ ਮੁਕਾਬਲੇ ਚੰਗਾ ਪ੍ਰਦਰਸ਼ਨ ਹੈ। ਪਿਛਲੀ ਵਾਰ ਇੰਨੀ ਬਿਹਤਰ ਵੋਟ ਪ੍ਰਤੀਸ਼ਤਤਾ 1996 ਵਿੱਚ ਦਰਜ ਕੀਤੀ ਗਈ ਸੀ, ਜਦੋਂ ਲਗਭਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਸੀ।

2019 ਵਿੱਚ ਇੱਥੇ ਸਿਰਫ਼ 14.4 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਉਂਝ ਪਿਛਲੀਆਂ ਚੋਣਾਂ ਅਤੇ ਇਸ ਚੋਣ ਵਿੱਚ ਵੱਡਾ ਫ਼ਰਕ ਹੈ।

(ਬਾਕੀ ਸਫ਼ਾ 30 'ਤੇ)

# ਭਾਰਤ-ਇਰਾਨ ਨੇ ਚਾਬਹਾਰ ਆਪ੍ਰੇਸ਼ਨ ਲਈ ਸਮਝੌਤੇ 'ਤੇ ਕੀਤੇ ਦਸਤਖ਼ਤ




ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਤੇ ਇਰਾਨ ਨੇ ਚਾਬਹਾਰ ਸਥਿਤ ਸ਼ਾਹਿਦ ਬੇਹਸ਼ਤੀ ਬੰਦਰਗਾਹ ਦੇ ਟਰਮੀਨਲ ਦੇ ਸੰਚਾਲਨ ਲਈ ਲੰਬੇ ਸਮੇਂ ਦੇ ਇਕਰਾਰਨਾਮੇ 'ਤੇ ਦਸਤਖ਼ਤ ਕੀਤੇ। ਬੰਦਰਗਾਹਾਂ, ਜਹਾਜ਼ਰਾਨੀ ਤੇ ਜਲਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਦੀ ਮੌਜੂਦਗੀ 'ਚ ਇੰਡੀਆ ਪੋਰਟਸ ਗਲੋਬਲ ਲਿਮਟਿਡ ਤੇ ਇਰਾਨ ਦੇ ਬੰਦਰਗਾਹਾਂ ਤੇ ਸਮੁੰਦਰੀ ਸੰਗਠਨ ਵੱਲੋਂ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ।

ਇਹ ਪਹਿਲੀ ਵਾਰ ਹੈ ਜਦੋਂ ਭਾਰਤ ਵਿਦੇਸ਼ 'ਚ ਸਥਿਤ ਕਿਸੇ ਬੰਦਰਗਾਹ ਦਾ ਪ੍ਰਬੰਧ ਸੰਭਾਲੇਗਾ। ਚਾਬਹਾਰ ਬੰਦਰਗਾਹ ਇਰਾਨ ਦੇ ਦੱਖਣੀ ਤੱਟ 'ਤੇ ਸਿਸਤਾਨ-ਬਲੋਚਿਸਤਾਨ ਸੂਬੇ 'ਚ ਸਥਿਤ ਹੈ। ਭਾਰਤ ਤੇ ਇਰਾਨ ਮਿਲ ਕੇ ਇਸ ਬੰਦਰਗਾਹ ਦਾ ਵਿਕਾਸ ਕਰ ਰਹੇ ਹਨ ।ਭਾਰਤੀ ਕੰਪਨੀਆਂ ਨੂੰ ਲਾਗੂ ਪਾਬੰਦੀਆਂ ਤੋਂ ਕੋਈ ਛੋਟ ਨਹੀਂ : ਅਮਰੀਕਾ

ਭਾਰਤ ਤੇ ਇਰਾਨ ਦੇ ਚਾਬਹਾਰ ਬੰਦਰਗਾਹ ਸਮਝੌਤੇ 'ਤੇ ਦਸਤਖ਼ਤ ਕੀਤੇ ਜਾਣ ਦੇ ਕੁਝ ਘੰਟਿਆਂ ਬਾਅਦ ਅਮਰੀਕਾ ਨੇ ਕਿਹਾ ਕਿ ਇਰਾਨ ਨਾਲ ਕੰਮ ਕਰਨ ਵਾਲੀਆਂ ਭਾਰਤੀ ਕੰਪਨੀਆਂ ਨੂੰ ਪਹਿਲਾਂ ਤੋਂ ਹੀ ਲਾਗੂ ਪਾਬੰਦੀਆਂ ਤੋਂ ਕੋਈ ਛੋਟ ਨਹੀਂ ਮਿਲੇਗੀ। ਇਹ 2018 'ਚ ਟਰੰਪ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਪਾਬੰਦੀਆਂ ਤੋਂ ਪਿਛਲੀ ਛੋਟ ਤੋਂ ਇਕ ਨਾਟਕੀ ਤਬਦੀਲੀ ਦਾ ਸੰਕੇਤ ਦਿੰਦਾ ਹੈ, ਜਦੋਂ ਤੱਤਕਾਲੀਨ ਰਾਸ਼ਟਰਪਤੀ ਨੇ ਆਪਣੇ ਤੋਂ ਪਹਿਲੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਦਸਤਖ਼ਤ ਕੀਤੇ ਇਰਾਨ ਪ੍ਰਮਾਣੂ ਸਮਝੌਤੇ ਨੂੰ ਰੱਦ ਕਰ ਦਿੱਤਾ ਸੀ।

## ਦਰਪਣ ਝੂਠ ਨਹੀਂ ਬੋਲਦਾ

# ਭਾਰਤ ਵਿੱਚ ਲੋਕ ਸਭਾ ਚੋਣਾਂ ’ਚ ਵਿਦੇਸ਼ ਨੀਤੀ ਸਭ ਤੋਂ ਵੱਡਾ ਮੁੱਦਾ

## ਚੀਨ, ਪਾਕਿਸਤਾਨ ਨਾਲ ਤਕਰਾਰ ਜਾਰੀ, ਅਮਰੀਕਾ- ਕੈਨੇਡਾ ਵੱਲੋਂ ਵੀ ਘੇਰਾਬੰਦੀ

### ਕੈਨੇਡਾ ਦੀ ਸੁਰੱਖਿਆ ਖ਼ੁਫ਼ੀਆ ਏਜੰਸੀ ਵੱਲੋਂ ਦੋਸ਼ ਕਿ ਭਾਰਤੀ ਖ਼ੁਫ਼ੀਆ ਨੈਟਵਰਕ ਸਿੱਖਾਂ ਉੱਪਰ ਹਮਲੇ ਕਰਨ ਲਈ ਉਤਾਰੂ

ਭਾਰਤ ਦੀਆਂ ਆਮ ਚੋਣਾਂ ਵਿੱਚ, ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਮੁੱਖ ਵਿਰੋਧੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਆਪਣੇ 10 ਸਾਲਾਂ ਦੇ ਸਿਆਸੀ ਜਲਾਵਤਨੀ ਨੂੰ ਖਤਮ ਕਰਨ ਦੀ ਤਿਆਰੀ ਕਰ ਰਹੀ ਹੈ। ਦੋਵੇਂ ਵੱਡੀਆਂ ਪਾਰਟੀਆਂ ਜਨਤਾ ਨੂੰ ਲੁਭਾਉਣ ਲਈ ਆਪੋ-ਆਪਣੀਆਂ ਚਾਲਾਂ ਚੱਲ ਰਹੀਆਂ ਹਨ। ਇਸ ਲੜੀ ਵਿੱਚ ਵਿਦੇਸ਼ ਨੀਤੀ ਵੀ ਇੱਕ ਮੋਰਚਾ ਹੈ ਅਤੇ ਭਾਰਤ ਦੀ ਭੂਗੋਲਿਕ ਸਥਿਤੀ ਅਤੇ ਬਦਲਦੇ ਆਲਮੀ ਢਾਂਚੇ ਵਿੱਚ ਇਸ ਦੀ ਵਧਦੀ ਭੂਮਿਕਾ ਅਤੇ ਇੱਛਾਵਾਂ ਕਾਰਨ ਚੋਣਾਂ ਵਿੱਚ ਵਿਦੇਸ਼ ਨੀਤੀ ਦੀ ਚਰਚਾ ਪਹਿਲਾਂ ਨਾਲੋਂ ਵੱਧ ਹੋਣ ਲੱਗੀ ਹੈ। ਵਰਤਮਾਨ ਵਿੱਚ, ਦੁਨੀਆਂ ਦੇ ਕਈ ਹਿੱਸਿਆਂ ਵਿੱਚ ਤਣਾਅ ਅਤੇ ਸੰਘਰਸ਼ ਦੀ ਸਥਿਤੀ ਕਾਰਨ ਵਿਦੇਸ਼ ਨੀਤੀ ਦੀ ਮਹੱਤਤਾ ਵਧ ਗਈ ਹੈ। ਭਾਜਪਾ ਦੇ ਨਾਲ-ਨਾਲ ਭਾਰਤੀ ਕਾਂਗਰਸ ਨੇ ਵੀ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਿਦੇਸ਼ ਨੀਤੀ ਨੂੰ ਵਿਸ਼ੇਸ਼ ਤਰਜੀਹ ਦਿੱਤੀ ਹੈ।



ਸੈਂਟਰ ਫਾਰ ਪਾਲਿਸੀ ਰਿਸਰਚ ਦੇ ਫੈਲੋ ਸਿਆਸੀ ਵਿਸ਼ਲੇਸ਼ਕ ਰਾਹੁਲ ਵਰਮਾ ਅਨੁਸਾਰ ਕੁਝ ਸਮੇਂ ਪਹਿਲਾਂ ਤਕ ਭਾਰਤ ਵਿੱਚ ਵਿਦੇਸ਼ ਨੀਤੀ ਮੁੱਖ ਤੌਰ ’ਤੇ ਭਾਰਤ-ਪਾਕਿਸਤਾਨ ਟਕਰਾਅ, ਜਾਂ ਉਸ ਸੰਦਰਭ ਵਿੱਚ ਕਸ਼ਮੀਰ ’ਤੇ ਕੇਂਦਰਿਤ ਸੀ, ਕਦੇ-ਕਦਾਈਂ ਚੀਨ ਨਾਲ ਤਣਾਅ ਜਾਰੀ ਰਹਿੰਦਾ ਸੀ ਪਰ ਪਿਛਲੇ ਦਸ-ਪੰਦਰਾਂ ਸਾਲਾਂ ਵਿੱਚ ਵਿਦੇਸ਼ ਨੀਤੀ ਨਾਲੋਂ ਜ਼ਿਆਦਾ ਰਾਸ਼ਟਰਵਾਦ, ਹਿੰਦੂਤਵ, ਮੁੱਖ ਧਾਰਾ ਅਤੇ ਘਰੇਲੂ ਰਾਜਨੀਤੀ ਬਾਰੇ ਵਧੇਰੇ ਚਰਚਾ ਹੋਣ ਲੱਗੀ ਸੀ।

ਵਿਦੇਸ਼ ਨੀਤੀ ’ਤੇ ਦੋਹਾਂ ਪਾਰਟੀਆਂ ਦੇ ਨਜ਼ਰੀਏ ਵਿੱਚ ਫਰਕ ਦੇ ਸਵਾਲ ’ਤੇ ਰਾਹੁਲ ਵਰਮਾ ਕਹਿੰਦੇ ਹਨ, ਦੋਵਾਂ ਪਾਰਟੀਆਂ ਦੇ ਲਹਿਜੇ ਵਿੱਚ ਵਿਚਾਰਧਾਰਕ ਫਰਕ ਹੋ ਸਕਦਾ ਹੈ ਪਰ ਉਨ੍ਹਾਂ ਦਾ ਰਵੱਈਆ ਵੱਖਰਾ ਨਹੀਂ ਹੈ। ਵਰਮਾ ਨੇ ਇਹ ਵੀ ਕਿਹਾ, ਮੈਨੀਫੈਸਟੋ ਵਿੱਚ, ਦੋਵੇਂ ਪਾਰਟੀਆਂ ਨੇ ਵੱਖੋ-ਵੱਖਰੇ ਤਰੀਕਿਆਂ ਨਾਲ ਇੱਕੋ ਜਿਹੀਆਂ ਗੱਲਾਂ ਕਹੀਆਂ ਹਨ। ਜਿਸ ਤਰ੍ਹਾਂ ਕਾਂਗਰਸ ਗੱਲਬਾਤ ਆਧਾਰਿਤ ਪਹੁੰਚ ਨਾਲ ਅੱਤਵਾਦ ਨੂੰ ਖਤਮ ਕਰਨ ਦੀ ਗੱਲ ਕਰਦੀ ਹੈ, ਉਸੇ ਤਰ੍ਹਾਂ ਭਾਜਪਾ ਹਮਲਾਵਰ ਰੁਖ ਦਿਖਾਉਂਦੀ ਹੈ। ਗੋਲੀ ਬਦਲੇ ਗੋਲੀ ਦੀ ਨੀਤੀ ਅਪਨਾਉਂਦੀ ਹੈ

ਭਾਰਤ ਦੀ ਸਰਹੱਦ ਚੀਨ ਅਤੇ ਪਾਕਿਸਤਾਨ ਨਾਲ ਲਗਦੀ ਹੈ। ਦੋਵਾਂ ਨਾਲ ਨਵੀਂ ਦਿੱਲੀ ਦੇ ਰਿਸ਼ਤੇ ਬਹੁਤੇ ਸੁਖਾਵੇਂ ਨਹੀਂ ਸਨ। ਚੀਨ ਭਾਰਤ ਦੇ ਗੁਆਂਢੀ ਦੇਸ਼ਾਂ ’ਤੇ ਆਪਣਾ ਪ੍ਰਭਾਵ ਵਧਾ ਰਿਹਾ ਹੈ ਅਤੇ ਇਸ ਨਾਲ ਭਾਰਤ ’ਤੇ ਦਬਾਅ ਵੀ ਵਧ ਰਿਹਾ ਹੈ। ਮਾਲਦੀਵ ਨਾਲ ਭਾਰਤ ਦੇ ਤਣਾਅਪੂਰਨ ਸਬੰਧ ਇਸ ਦੀ ਇੱਕ ਉਦਾਹਰਣ ਹਨ। ਭਾਜਪਾ ਨੇ ਭਰੋਸਾ ਦਿੱਤਾ ਹੈ ਕਿ ਉਹ ਇੱਕ ਜ਼ਿੰਮੇਵਾਰ ਅਤੇ ਭਰੋਸੇਮੰਦ ਗੁਆਂਢੀ ਦੀ ਭੂਮਿਕਾ ਵਿੱਚ ‘ਨੇਬਰਹੁਡ ਫਸਟ’ ਦੀ ਨੀਤੀ ’ਤੇ ਕਾਇਮ ਰਹੇਗੀ। ਦੂਜੇ ਪਾਸੇ ਕਾਂਗਰਸ ਨੇ ਭੂਟਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਨਾਲ ਸਬੰਧਾਂ ਵਿੱਚ ਨਵੀਂ ਤਾਜ਼ਗੀ ਲਿਆਉਣ ਦਾ ਵਾਅਦਾ ਕੀਤਾ ਹੈ।

# ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਬਦਲੇ ਸਿਆਸੀ ਸਮੀਕਰਨ

## ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਕਾਗਜ਼ ਦਾਖ਼ਲ

ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਤੇ ਪੰਥਕ ਉਮੀਦਵਾਰ ਵਜੋਂ ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਸਿਆਸੀ ਸਮੀਕਰਨ ਬਦਲਣ ਲੱਗੇ ਹਨ। ਉਸ ਕਾਰਨ ਆਮਦ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪਣੀ ਜਿੱਤ ਹਾਰ ਦਾ ਧੁੜਕੂ ਲਗਾ ਹੋਇਆ ਨੂੰ ਹੈ। ਇਸ ਲੋਕ ਸਭਾ ਹਲਕੇ ਵਿੱਚ ਹੁਣ ਤੱਕ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਪੰਜ ਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿੱਚ ਕਾਂਗਰਸ ਵੱਲੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ‘ਆਪ’ ਵੱਲੋਂ ਮੌਜੂਦਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਭਾਜਪਾ ਵੱਲੋਂ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਤੇ ਖੱਬੇ ਪੱਖੀ ਧਿਰਾਂ ਸੀ.ਪੀ.ਆਈ. ਵੱਲੋਂ ਗੁਰਦਿਆਲ ਸਿੰਘ ਸ਼ਾਮਿਲ ਹਨ।



ਇਸ ਕਾਰਨ ਇਸ ਲੋਕ ਸਭਾ ਹਲਕੇ ਵਿੱਚ ਵੀ ਇਸ ਵਾਰ ਬਹੁਕੋਣਾ ਮੁਕਾਬਲਾ ਹੋਵੇਗਾ। ਪਿਛੋਕੜ ’ਤੇ ਜੇਕਰ ਝਾਤ ਮਾਰੀ ਜਾਵੇ ਤਾਂ 2008 ਤੋਂ ਪਹਿਲਾਂ ਇਹ ਹਲਕਾ ਤਰਨ ਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ 2009 ਵਿੱਚ ਇਸ ਨੂੰ ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਰੂਪ ਵਿੱਚ ਬਦਲ ਦਿੱਤਾ ਗਿਆ ਅਤੇ ਇਸ ਵਿੱਚ ਕਈ ਨਵੇਂ ਵਿਧਾਨ ਸਭਾ ਹਲਕੇ ਸ਼ਾਮਲ ਕੀਤੇ ਗਏ। ਇਸ ਲੋਕ ਸਭਾ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕੇ ਵੱਖ- ਵੱਖ ਚਾਰ ਜ਼ਿਲ੍ਹਿਆਂ ਤੋਂ ਹਨ ਜਿਨ੍ਹਾਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਵਿਧਾਨ ਸਭਾ ਹਲਕੇ ਜੰਡਿਆਲਾ ਅਤੇ ਬਾਬਾ ਬਕਾਲਾ, ਤਰਨ ਤਾਰਨ ਜ਼ਿਲ੍ਹੇ ਦੇ ਚਾਰ ਤਰਨ ਤਾਰਨ, ਖਡੂਰ ਸਾਹਿਬ, ਪੱਟੀ ਅਤੇ ਖੇਮਕਰਨ, ਕਪੂਰਥਲਾ ਜ਼ਿਲ੍ਹੇ ਦੇ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਜ਼ੀਰਾ ਹਲਕਾ ਸ਼ਾਮਲ ਹੈ। ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਸੱਤ ਵਿੱਚ ‘ਆਪ’ ਵਿਧਾਇਕ ਕਾਬਜ਼ ਹਨ ਜਦਕਿ ਇੱਕ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਤੇ ਇੱਕ ਵਿਧਾਨ ਸਭਾ ਹਲਕੇ ਵਿੱਚ ਆਜ਼ਾਦ ਵਿਧਾਇਕ ਕਾਬਜ਼ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਇਸ ਵੇਲੇ ਲੋਕ ਸਭਾ ਹਲਕੇ ’ਤੇ ‘ਆਪ’ ਦਾ ਦਬਦਬਾ ਹੈ।

ਸਾਲ 1952 ਤੋਂ ਲੈ ਕੇ 2019 ਤੱਕ ਇਸ ਹਲਕੇ ਵਿੱਚ ਹੋਈਆਂ ਲੋਕ ਸਭਾ ਚੋਣਾਂ ਅਤੇ ਉਪ ਚੋਣਾਂ ਦੌਰਾਨ ਸੱਤ ਵਾਰ ਕਾਂਗਰਸੀ ਉਮੀਦਵਾਰ ਅਤੇ 11 ਵਾਰ ਅਕਾਲੀ ਉਮੀਦਵਾਰ ਜਿੱਤੇ ਹਨ ਜਿਨ੍ਹਾਂ ਵਿੱਚ 1989 ਵਿੱਚ ਸਿਮਰਨਜੀਤ ਸਿੰਘ ਮਾਨ ਵੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਵਜੋਂ ਚੋਣ ਜਿੱਤ ਚੁੱਕੇ ਹਨ। ਇਸ ਤੋਂ ਇਲਾਵਾ 10 ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚੋਣ ਜਿੱਤੇ ਹਨ ਜਿਸ ਵਿੱਚ ਸਭ ਤੋਂ ਵਧੇਰੇ ਤੁੜ ਪਰਿਵਾਰ ਦੇ ਜੀਅ ਸ਼ਾਮਲ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਜਦੋਂ ਇੱਕ ਵਾਰ ਮੁੜ ਕਾਂਗਰਸ ਦੇ ਜਸਬੀਰ ਸਿੰਘ ਡਿੰਪਾ ਨੇ ਇਸ ਹਲਕੇ ਵਿੱਚ ਸੰਨ੍ਹ ਲਾਈ ਸੀ ਤਾਂ ਉਸ ਵੇਲੇ ਵੀ ਪੰਥਕ ਵੋਟ ਵੰਡੀ ਗਈ ਸੀ। ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਜਗੀਰ ਕੌਰ ਅਤੇ ਪੰਥਕ ਉਮੀਦਵਾਰ ਵਜੋਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਚੋਣ ਲੜੀ ਸੀ। ਜੇ ਦੋਵਾਂ ਉਮੀਦਵਾਰਾਂ ਦੀ ਵੋਟ ਫੀਸਦ ਨੂੰ ਜੋੜਿਆ ਜਾਵੇ ਤਾਂ ਉਨ੍ਹਾਂ ਨੇ 50 ਫੀਸਦ ਵੋਟ ਪ੍ਰਾਪਤ ਕੀਤੀ ਸੀ ਜਦਕਿ ਕਾਂਗਰਸ ਦੇ ਉਮੀਦਵਾਰ ਨੇ 43 ਫੀਸਦ ਵੋਟ ਪ੍ਰਾਪਤ ਕੀਤੀ ਸੀ ਪਰ ਸਿੱਖ ਵੋਟ ਵੰਡੇ ਜਾਣ ਕਾਰਨ ਕਾਂਗਰਸੀ ਉਮੀਦਵਾਰ ਨੂੰ ਲਾਹਾ ਮਿਲਿਆ ਸੀ। ਇਸ ਵਾਰ ਪੰਥਕ ਵੋਟਰਾਂ ਦਾ ਝੁਕਾਅ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖ਼ਾਲਸਾ ਵੱਲ ਵਧ ਰਿਹਾ ਹੈ। ਪਿੰਡਾਂ ਵਿਚ ਅੰਮ੍ਰਿਤ ਪਾਲ ਸਿੰਘ ਨੂੰ ਵੋਟ ਪਾਉਣ ਲਈ ਮਤੇ ਪਾਸ ਕੀਤੇ ਜਾ ਰਹੇ ਹਨ। ਕਈ ਥਾਵਾਂ ਉੱਪਰ ਕਾਂਗਰਸ , ਆਪ ਤੇ ਅਕਾਲੀ ਦਲ ਦੇ ਵਰਕਰ ਅੰਮ੍ਰਿਤ ਪਾਲ ਸਿੰਘ ਦੀ ਮੁਹਿੰਮ ਵਿੱਚ ਸ਼ਾਮਿਲ ਹਨ। ਅੰਮ੍ਰਿਤਪਾਲ ਸਿੰਘ ਇਸ ਵੇਲੇ ਐੱਨ.ਐੱਸ.ਏ. ਹੇਠ ਅਸਾਮ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਨਿਤਰਨ ਕਾਰਨ ਪਿਛਲੀ ਵਾਰ ਚੋਣ ਲੜ ਚੁੱਕੀ ਬੀਬੀ ਪਰਮਜੀਤ ਕੌਰ ਖਾਲੜਾ ਵੀ ਉਸ ਦੇ ਹੱਕ ਵਿੱਚ ਆ ਗਈ ਹੈ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਅੰਮ੍ਰਿਤ ਪਾਲ ਸਿੰਘ ਦੀ ਹਮਾਇਤ ਕਰ ਦਿੱਤੀ ਹੈ। ਪਿੰਡਾਂ ਵਿੱਚ ਇਹ ਵੀ ਅਪੀਲਾਂ ਜਾਰੀ ਹਨ ਕਿ ਬਾਦਲ ਦਲ ਆਪਣਾ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਆਪਣਾ ਉਮੀਦਵਾਰ ਬਿਠਾ ਲਵੇ।

# ਫਰਜ਼ੀ ਪੁਲਿਸ ਮੁਕਾਬਲਿਆਂ ਦੀ ਜਾਂਚ ਤੋਂ ਸੀ.ਬੀ.ਆਈ. ਨੇ ਕੀਤੇ ਹੱਥ ਖੜ੍ਹੇ

## ਹਾਈਕੋਰਟ ਨੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਮੰਗਿਆ ਜਵਾਬ

ਪੰਜਾਬ ਵਿੱਚ 1984 ਤੋਂ ਲੈ ਕੇ 1996 ਦੇ ਦੌਰ ਦੌਰਾਨ ਪੁਲਿਸ ਵੱਲੋਂ ਮਾਰੇ ਗਏ ਬੇਦੋਸ਼ੇ ਹਜ਼ਾਰਾਂ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਨ ਤੋਂ ਹੱਥ ਖੜੇ ਕਰ ਦਿੱਤੇ ਹਨ। ਸੀ.ਬੀ.ਆਈ. ਨੇ ਹਾਈ ਕੋਰਟ ਵਿੱਚ ਜਵਾਬ ਦਾਖ਼ਲ ਕਰ ਕੇ ਕਿਹਾ ਹੈ ਕਿ ਸੀ.ਬੀ.ਆਈ. ਕੋਲ ਸੀਮਤ ਸਰੋਤ ਹਨ ਤੇ ਜੇਕਰ ਹਾਈ ਕੋਰਟ ਸਾਲ 1984 ਤੋਂ 1996 ਦਰਮਿਆਨ ਗ਼ੈਰ ਕਾਨੂੰਨੀ ਢੰਗ ਨਾਲ ਮਾਰੇ ਗਏ ਤੇ ਅਣਪਛਾਤੇ ਦਸ ਕੇ ਸਸਕਾਰ ਕਰਨ ਦੇ 6733 ਮਾਮਲਿਆਂ ਦੀ ਜਾਂਚ ਕਰਵਾਉਣਾ ਚਾਹੁੰਦੀ ਹੈ ਤਾਂ ਪੰਜਾਬ ਪੁਲਿਸ ਕੋਲੋਂ ਅਮਲਾ ਮੁਹਈਆ ਕਰਵਾਇਆ ਜਾਵੇ।

ਸੀ.ਬੀ.ਆਈ. ਨੇ ਕਿਹਾ ਹੈ ਕਿ ਅਜਿਹੇ ਹੀ ਮਾਮਲਿਆਂ ਦੀ ਜਾਂਚ ਦੀ ਮੰਗ ਨੂੰ ਲੈ ਕੇ ਸਾਲ 1994 ਵਿੱਚ ਦਾਖ਼ਲ ਦੋ ਪਟੀਸ਼ਨਾਂ ’ਤੇ ਸੁਪਰੀਮ ਕੋਰਟ ਨੇ 11 ਦਸੰਬਰ 1996 ਨੂੰ ਸੀ.ਬੀ.ਆਈ. ਨੂੰ ਜਾਂਚ ਦਾ ਹੁਕਮ ਦਿਤਾ ਸੀ ਜਿਸ ’ਤੇ ਪੀੜਤ ਪ੍ਰਵਾਰਾਂ ਕੋਲੋਂ ਸ਼ਿਕਾਇਤਾਂ ਮੰਗੀਆਂ ਗਈਆਂ ਤੇ 199 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਦੀ ਪੜਤਾਲ ਉਪਰੰਤ ਕੁਲ 62 ਮਾਮਲੇ ਦਰਜ ਕੀਤੇ ਗਏ। ਸੀ.ਬੀ.ਆਈ. ਨੇ ਦੱਸਿਆ ਕਿ ਇਨ੍ਹਾਂ ਵਿਚੋਂ ਅੰਮ੍ਰਿਤਸਰ, ਤਰਨਤਾਰਨ ਤੇ ਮਜੀਠਾ ਜ਼ਿਲ੍ਹਿਆਂ ਦੇ ਸ਼ਮਸ਼ਾਨ ਘਾਟਾਂ ਵਿੱਚ ਸਾੜੀਆਂ ਲਾਸ਼ਾਂ ਦੇ ਸਬੰਧ ਵਿੱਚ 46 ਮਾਮਲੇ ਦਰਜ ਕੀਤੇ ਗਏ ਤੇ ਬਾਕੀ 16 ਮਾਮਲੇ ਪੰਜਾਬ ਦੇ ਹਨ ਤੇ ਇਹ ਕਹਿਣਾ ਗ਼ਲਤ ਹੋਵੇਗਾ ਕਿ ਤਿੰਨ ਜ਼ਿਲ੍ਹਿਆਂ ਤੋਂ ਬਾਹਰ ਦੇ ਮਾਮਲਿਆਂ ਵਿੱਚ ਜਾਂਚ ਨਹੀਂ ਹੋਈ। ਸੀ.ਬੀ.ਆਈ. ਨੇ ਕਿਹਾ ਕਿ ਤਿੰਨ ਦਹਾਕਿਆਂ ਉਪਰੰਤ ਲਾਸ਼ਾਂ ਦੇ ਸੈਂਪਲ ਨਹੀਂ ਮਿਲਣਗੇ ਜਿਸ ਨਾਲ ਮ੍ਰਿਤਕਾਂ ਦੇ ਪੀੜਤਾਂ ਨਾਲ ਡੀ.ਐਨ.ਏ. ਟੈਸਟ ਕਰਵਾਇਆ ਜਾਣਾ ਹੈ ਤੇ ਨਾ ਹੀ ਸ਼ਮਸ਼ਾਨ ਘਾਟਾਂ ਤੇ ਹਸਪਤਾਲਾਂ ਵਿਚੋਂ ਰਿਕਾਰਡ ਮਿਲਣਾ ਹੈ ਤੇ ਪਟੀਸ਼ਨਰ ਵੱਲੋਂ ਇਕੱਲੇ ਘਟਨਾਵਾਂ ਦਾ ਹਵਾਲਾ ਦਿਤੇ ਜਾਣ ਨਾਲ ਜਾਂਚ ਨਹੀਂ ਹੋ ਸਕੇਗੀ।ਇਹ ਵੀ ਕਿਹਾ ਕਿ ਸੁਪਰੀਮ ਕੋਰਟ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ ’ਤੇ ਪੀੜਤ ਪਰਿਵਾਰਾਂ ਨੂੰ ਸਮੇਂ-ਸਮੇਂ ਸਿਰ ਮੁਆਵਜ਼ਾ ਦਿੱਤਾ ਗਿਆ ਹੈ। ਇਸ ਸਭ ਦੇ ਬਾਵਜੂਦ ਵੀ ਸੀ.ਬੀ.ਆਈ. ਜਾਂਚ ਲਈ ਤਿਆਰ ਹੈ ਪਰ ਪੰਜਾਬ ਪੁਲਿਸ ਕੋਲੋਂ ਅਮਲਾ ਮੁਹਈਆ ਕਰਵਾਇਆ ਜਾਵੇ। ਐਕਟਿੰਗ ਚੀਫ਼ ਜਸਟਿਸ ਜੀ.ਐਸ. ਸੰਧਾਵਾਲੀਆ ਤੇ ਜਸਟਿਸ ਲਪਿਤਾ ਬੈਨਰਜੀ ਦੀ ਬੈਂਚ ਨੇ ਜਵਾਬ ਰਿਕਾਰਡ ’ਤੇ ਲੈਂਦਿਆਂ ਸੁਣਵਾਈ ਅੱਗੇ ਪਾ ਦਿਤੀ ਹੈ।ਜ਼ਿਕਰਯੋਗ ਹੈ ਕਿ ਦੋਸ਼ੀ ਪੁਲਿਸ ਮੁਲਾਜ਼ਮਾਂ ’ਤੇ ਕਾਰਵਾਈ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਕਰਦੀ ਚਾਰ ਸਾਲ ਪੁਰਾਣੀ ਲੋਕਹਿਤ ਪਟੀਸ਼ਨ ’ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਕਟਿੰਗ ਚੀਫ਼ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਤੇ ਜਸਟਿਸ ਲਪਿਤਾ ਬੈਨਰਜੀ ਦੀ ਡਵੀਜ਼ਨ ਬੈਂਚ ਨੇ ਸੀ.ਬੀ.ਆਈ. ਤੇ ਪੰਜਾਬ ਸਰਕਾਰ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਸੀ।ਯਾਦ ਰਹੇ ਕਿ ਪੰਜਾਬ ਡਾਕੂਮੈਂਟ ਐਡਵੋਕੇਸੀ ਪ੍ਰੋਜੈਕਟ (ਪੀ.ਪੀ.ਪੀ.) ਦੇ ਸਤਨਾਮ ਸਿੰਘ ਬੈਂਸ ਨੇ ਐਡਵੋਕੇਟ ਆਰ.ਐਸ ਬੈਂਸ ਰਾਹੀਂ ਦਾਖ਼ਲ ਪਟੀਸ਼ਨ ਵਿੱਚ ਹਾਈ ਕੋਰਟ ਦਾ ਧਿਆਨ ਦਿਵਾਇਆ ਸੀ ਕਿ 1984 ਤੋਂ 1994 ਤਕ ਦੇ 10 ਸਾਲਾਂ ਦੌਰਾਨ ਪੰਜਾਬ ਵਿੱਚ ਕਾਲੇ ਦੌਰ ਦੌਰਾਨ ਪੁਲਿਸ ਵੱਲੋਂ ਕੀਤੇ ਗਏ ਹਜ਼ਾਰਾਂ ਗ਼ੈਰ-ਨਿਆਇਕ ਕਤਲਾਂ ਅਤੇ ਉਨ੍ਹਾਂ ਦੇ ਗੁਪਤ ਸਸਕਾਰ ਅਤੇ ਲਾਪਤਾ ਹੋਣ ਦੇ ਮਾਮਲਿਆਂ ਦੀ ਸੁਪਰੀਮ ਕੋਰਟ ਨੇ ਵੀ ਜਾਂਚ ਦੇ ਹੁਕਮ ਦਿਤੇ ਸਨ।

ਸਾਲ 1995 ਵਿੱਚ, ਸੁਪਰੀਮ ਕੋਰਟ ਨੇ ਜੀ ਐਸ ਟੌਹੜਾ ਵੱਲੋਂ ਇਸੇ ਤਰ੍ਹਾਂ ਦੇ ਇੱਕ ਕੇਸ ਬਾਰੇ ਭੇਜੇ ਪੱਤਰ ਦਾ ਨੋਟਿਸ ਲਿਆ ਅਤੇ ਕੇਸ ਸੀ.ਬੀ.ਆਈ. ਨੂੰ ਤਬਦੀਲ ਕਰ ਦਿੱਤਾ ਤੇ ਜਾਂਚ ਦੇ ਹੁਕਮ ਦਿਤੇ ਸਨ। ਸੀ.ਬੀ.ਆਈ. 1996 ਵਿੱਚ ਇਸ ਨੇ ਸੁਪਰੀਮ ਕੋਰਟ ਵਿੱਚ ਅਪਣੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 1984 ਤੋਂ 1994 ਦਰਮਿਆਨ ਇਕੱਲੇ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਸ਼ਮਸ਼ਾਨਘਾਟ ਵਿੱਚ 984 ਲੋਕਾਂ ਦਾ ਗ਼ੈਰ-ਕਾਨੂੰਨੀ ਢੰਗ ਨਾਲ ਸਸਕਾਰ ਕੀਤਾ ਗਿਆ ਸੀ।

ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਦਸਿਆ ਕਿ ਇਹ ਮਸਲਾ ਮਨੁੱਖੀ ਹਕੂਕ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿੱਚ ਆਇਆ ਸੀ ਜਦੋਂ (ਬਾਕੀ ਸਫ਼ਾ 30 ’ਤੇ)

# ਲੋਕ ਸਭਾ ਚੋਣਾਂ ਵਿੱਚ ਸਿੱਧੂ ਮੂਸੇਵਾਲਾ ਕਤਲ ਕਾਂਡ ਕਾਰਨ 'ਆਪ' ਸਰਕਾਰ ਘਿਰੀ

## ਪੰਜਾਬ ਸਰਕਾਰ ਉੱਪਰ ਲੱਗੇ ਦੋਸ਼, ਮੂਸੇਵਾਲ ਦੀ ਸੁਰੱਖਿਆ ਕਿਉਂ ਵਾਪਸ ਲਈ ?

## ਭਾਜਪਾ ਤੇ ਕਾਂਗਰਸ ਸਿੱਧੂ ਮੂਸੇਵਾਲ ਦੇ ਕਤਲ ਲਈ ਠਹਿਰਾ ਰਹੇ ਹਨ 'ਆਪ' ਸਰਕਾਰ ਨੂੰ ਦੋਸ਼ੀ

ਲੁਧਿਆਣਾ/ਏ.ਟੀ.ਨਿਊਜ਼ : ਮਰਹੂਮ ਪੰਜਾਬੀ ਗਾਇਕ ਤੇ ਕਾਂਗਰਸ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਨਾਮ ਲੋਕ ਸਭਾ ਚੋਣਾਂ ਦੌਰਾਨ ਗੂੰਜ ਰਿਹਾ ਹੈ। ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਵਿਰੋਧੀ ਧਿਰਾਂ ਸਰਕਾਰ ਨੂੰ ਘੇਰ ਰਹੀਆਂ ਹਨ। ਸਿੱਧੂ ਮੂਸੇਵਾਲਾ ਪਰਿਵਾਰ ਦੇ ਨਜ਼ਦੀਕੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤਾਂ ਲੁਧਿਆਣਾ ਦੇ ਨਾਲ ਨਾਲ ਜਿੱਥੇ ਵੀ ਚੋਣ ਜਲਸਾ ਕਰਦੇ ਹਨ, ਉਹ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹਨ ਤੇ ਸਾਫ਼ ਤੌਰ 'ਤੇ ਦੋਸ਼ ਲਾਉਂਦੇ ਹਨ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਈ ਹੈ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਹੀ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ। ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਸਰਕਾਰ ਨੂੰ ਘੇਰਦੇ ਹੋਏ ਨਾਲ ਹੀ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਤੇ ਅਕਾਲੀ ਉਮੀਦਵਾਰ ਰਣਜੀਤ ਸਿੰਘ ਢਿੱਲੋਂ 'ਤੇ ਵੀ ਇਸ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਘੇਰਨ ਤੋਂ ਪਿੱਛੇ ਹਟਣ ਦੇ ਦੋਸ਼ ਲਾਏ।



ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿਹਾਤੀ ਖੇਤਰਾਂ ਦੇ ਨਾਲ ਨਾਲ ਸ਼ਹਿਰੀ ਇਲਾਕਿਆਂ ਵਿੱਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਝਾੜੂ ਦੀ ਸਰਕਾਰ ਨੇ ਹੀ ਸਿੱਧੂ ਮੂਸੇਵਾਲਾ ਮਰਵਾ ਦਿੱਤਾ ਹੈ। ਹੁਣ ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆ ਤਾਂ ਸਰਕਾਰ ਨੇ ਪੁਲਿਸ ਭੇਜੀ ਤੇ ਪੁੱਛ-ਪੜਤਾਲ ਕਰਵਾਉਣੀ ਸ਼ੁਰੂ ਕਰ ਦਿੱਤੀ ਕਿ ਲੜਕਾ ਕਿਵੇਂ ਤੇ ਕਿਉਂ ਪੈਦਾ ਹੋਇਆ ਹੈ। ਇਸ ਸਮੇਂ ਵਿੱਚ ਕਿਵੇਂ ਬੱਚਾ ਪੈਦਾ ਹੋ ਸਕਦਾ ਹੈ। ਇਸ ਨਾਲ ਸਰਕਾਰ ਧੱਕੇਸ਼ਾਹੀ ਕਰਨ ਲੱਗ ਗਈ ਹੈ। ਉਹ ਲੋਕਾਂ ਨੂੰ ਆਖ ਰਹੇ ਹਨ ਕਿ ਕੇਂਦਰ ਵਿੱਚ ਜੇਕਰ ਕਾਂਗਰਸ ਦੀ ਸਰਕਾਰ ਆਵੇਗੀ ਤਾਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਧਰ, ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੀ ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਸਰਕਾਰ ਅਤੇ ਕਾਂਗਰਸੀਆਂ ਨੂੰ ਘੇਰ ਰਹੇ ਹਨ।

ਉਹ ਆਖ ਰਹੇ ਹਨ ਕਿ ਕਾਂਗਰਸ ਆਗੂਆਂ ਕਾਰਨ ਹੀ ਇਨਸਾਫ਼ ਮਿਲਣ ਵਿੱਚ ਦੇਰੀ ਹੋ ਰਹੀ ਹੈ। ਬਿੱਟੂ ਆਖਦੇ ਹਨ ਕਿ ਕੇਂਦਰ 'ਚ ਮੋਦੀ ਸਰਕਾਰ ਆਉਣ 'ਤੇ ਚਾਰ ਜੂਨ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਉਹ ਖੁਦ ਲੈ ਕੇ ਜਾਣਗੇ ਅਤੇ ਇਨਸਾਫ਼ ਦਿਵਾਉਣਗੇ। ਉਧਰ, ਰਣਜੀਤ ਸਿੰਘ ਢਿੱਲੋਂ ਵੀ ਮਾਨ ਸਰਕਾਰ ਨੂੰ ਇਸ ਮੁੱਦੇ 'ਤੇ ਘੇਰ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦੋ ਅਹਿਮ ਟਿੱਪਣੀਆਂ ਕਰਦਿਆਂ ਬੀਤੇ ਦਿਨੀਂ ਮੰਨਿਆ ਸੀ ਕਿ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਹਟਾਏ ਜਾਣ ਕਾਰਨ ਉਸ ਦੀ ਹੱਤਿਆ ਹੋਈ ਸੀ । ਨਾਲ ਹੀ ਪੰਜਾਬ ਦੇ ਸੁਰੱਖਿਆ ਹਾਲਾਤਾਂ ਨੂੰ ਲੈ ਕੇ ਇਹ ਵੀ ਕਿਹਾ ਕਿ ਸੂਬੇ ਵਿੱਚ ਸੁਰੱਖਿਆ ਹਾਲਾਤ ਠੀਕ ਨਹੀਂ ਹਨ । ਪੰਜਾਬ ਵਿੱਚ ਗੈਂਗਸਟਰਾਂ ਦਾ ਬੋਲਬਾਲਾ ਹੈ ਅਤੇ ਅੱਤਵਾਦੀ ਹਮਲੇ ਹੋ ਰਹੇ ਹਨ ।

ਜਦ ਕਿ ਕਾਂਗਰਸ ਦੇ ਸੀਨੀਅਰ ਨੇਤਾ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਸਿੱਧੂ ਮੂਸੇਵਾਲ ਦੀ ਹਤਿਆ ਦਾ ਕਾਰਨ ਉਸਦੀ ਸੁਰੱਖਿਆ ਵਾਪਸ ਲਈ ਜਾਣੀ ਹੈ। ਅਪਰਾਧ ਕੰਟਰੋਲ ਕਰਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਸਫਲ ਸਿੱਧ ਹੋਇਆ ਹੈ। ਖਾੜਕੂਵਾਦ ਜਦ ਕਿ ਪੰਜਾਬ ਵਿੱਚ ਨਹੀਂ ਹੈ ਤਾਂ ਭਗਵੰਤ ਸਰਕਾਰ ਆਪਣੀਆਂ ਗਲਤੀਆਂ ਨੂੰ ਛੁਪਾਉਣ ਲਈ ਇਸ ਦਾ ਸਹਾਰਾ ਲੈ ਰਹੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਦਰਮਿਆਨ ਆਮ ਆਦਮੀ ਪਾਰਟੀ ਵੱਲੋਂ ਕੀਤਾ ਗਿਆ ਇਹ 'ਕਬੂਲਨਾਮਾ' ਉਸ ਦਾ ਕਾਫੀ ਨੁਕਸਾਨ ਕਰ ਸਕਦਾ ਹੈ, ਕਿਉਂਕਿ ਪਹਿਲਾਂ ਵੀ ਵਿਰੋਧੀ ਧਿਰਾਂ ਸੂਬਾ ਸਰਕਾਰ 'ਤੇ ਇਹ ਇਲਜ਼ਾਮ ਲਾਉਂਦੀਆਂ ਰਹੀਆਂ ਹਨ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਹਟਾਏ ਜਾਣ ਕਾਰਨ ਹੀ ਸਿੱਧੂ ਮੂਸੇਵਾਲਾ ਦੀ ਹੱਤਿਆ ਹੋਈ ਸੀ, ਪਰ ਇਹ ਪਹਿਲੀ ਵਾਰ ਹੈ ਜਦੋਂ ਸੂਬਾ ਸਰਕਾਰ ਨੇ ਅਧਿਕਾਰਤ ਤੌਰ 'ਤੇ ਇਹ ਗੱਲ ਮੰਨੀ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਉਸ ਦੀ ਸੁਰੱਖਿਆ ਹਟਾਉਣ ਕਾਰਨ ਹੋਈ ਸੀ।

# ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਹਿੰਸਕ ਗੀਤਾਂ ਤੋਂ ਹਾਈਕੋਰਟ ਨਾਰਾਜ਼

## ਹਾਈਕੋਰਟ ਨੇ ਡੀ.ਜੀ.ਪੀ. ਤੋਂ ਮੰਗਿਆ ਜਵਾਬ, ਕਿਉਂ ਨਹੀਂ ਕੀਤੀ ਜਾ ਰਹੀ ਕਾਰਵਾਈ ?

## 5 ਸਾਲ ਦੀ ਕਾਰਵਾਈ ਦਾ ਵੇਰਵਾ ਹਲ.ਫਨਾਮੇ ਰਾਹੀਂ ਅਦਾਲਤ ਵਿੱਚ ਪੇਸ਼ ਕਰਨ ਦੇ ਦਿੱਤੇ ਹੁਕਮ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬੀ ਗੀਤਾਂ ਵਿੱਚ ਨਸ਼ਿਆਂ, ਹਥਿਆਰਾਂ ਅਤੇ ਗੈਂਗਵਾਦ ਦੀ ਮਹਿਮਾ ਗਾਉਂਦੇ ਗੀਤਾਂ ਦਾ ਪਿਛਲੇ ਕਈ ਸਾਲਾਂ ਤੋਂ ਹੜ੍ਹ ਜਿਹਾ ਆਇਆ ਹੋਇਆ ਹੈ। ਦੂਜੇ ਪਾਸੇ ਸਮਾਜ ਵਿੱਚ ਵੀ ਹਿੰਸਾ, ਨਸ਼ੇ, ਹਥਿਆਰਾਂ ਅਤੇ ਗੈਂਗਵਾਦ ਦੇ ਵਰਤਾਰੇ ਪਿਛਲੇ ਸਮੇਂ ਵਿੱਚ ਤੇਜ਼ੀ ਨਾਲ਼ ਵਧੇ ਹਨ। ਸਿੱਟੇ ਵਜੋਂ ਹਰੇਕ ਸੋਚਣ-ਸਮਝਣ ਵਾਲ਼ਾ ਇਨਸਾਨ ਇਹਨਾਂ ਵਰਤਾਰਿਆਂ ਨੂੰ ਲੈ ਕੇ ਚਿੰਤਾਤੁਰ ਵੀ ਹੈ, ਅਤੇ ਇਹਨਾਂ ਵਰਤਾਰਿਆਂ ਤੇ ਗੀਤਾਂ ਵਿੱਚ ਇਹਨਾਂ ਦੇ ਗੁਣਗਾਨ ਵਿਚਾਲੇ ਸਬੰਧ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦਾ ਹੈ। ਲੱਗਭੱਗ ਸਾਰੀਆਂ ਚਰਚਾਵਾਂ, ਗੱਲਾਂਬਾਤਾਂ ਵਿੱਚ ਗੀਤਾਂ ਨੂੰ ਮੁੱਢ ਮੰਨਿਆ ਜਾਂਦਾ ਹੈ ਅਤੇ ਸਮਾਜਿਕ ਵਰਤਾਰਿਆਂ ਨੂੰ ਇਹਨਾਂ ਗੀਤਾਂ ਦਾ ਪ੍ਰਭਾਵ, ਉਕਤ ਸਮਾਜਿਕ ਬਿਮਾਰੀਆਂ ਲਈ ਗਾਇਕਾਂ/ਗੀਤਕਾਰਾਂ ਨੂੰ ਜ਼ਿੰਮੇਵਾਰ ਗਰਦਾਨ ਕੇ ਕੰਮ ਨਿਬੇੜ ਲਿਆ ਜਾਂਦਾ ਹੈ। ਪਰ ਅਸਲ ਕਾਰਨ ਸਮਾਜ ਵਿੱਚ ਅਨਿਆਂ ਤੇ ਫੁਕਰਪੁਣਾ ਇਸ ਦੀ ਜੜ੍ਹ ਹੈ। ਸਰਕਾਰਾਂ ਕਿਸੇ ਪਖੋਂ ਧਿਆਨ ਨਹੀਂ ਦੇ ਰਹੀਆਂ।

ਹੁਣੇ ਜਿਹੇ ਪੰਜਾਬ ਵਿੱਚ ਵਿਆਹਾਂ ਜਾਂ ਹੋਰ ਸਮਾਗਮਾਂ ਵਿੱਚ ਗੋਲੀਬਾਰੀ ਜਾਂ ਹਥਿਆਰਾਂ ਦੀ ਪ੍ਰਦਰਸ਼ਨੀ ਦਾ ਮਾਮਲਾ ਫਿਰ ਤੋਂ ਹਾਈਕੋਰਟ ਵਿੱਚ ਸੁਣਵਾਈ ਲਈ ਆਇਆ ਤਾਂ ਜਸਟਿਸ ਹਰਕੇਸ਼ ਮਨੂਜਾ ਨੇ ਪੰਜਾਬ ਸਰਕਾਰ ਨੂੰ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ ਕਿ ਹਥਿਆਰਾਂ ਦੀ ਵਡਿਆਈ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਦਰਜ ਹੋਈ ਐੱਫ਼. ਆਈ. ਆਰ. ਤੋਂ ਬਾਅਦ ਅਤੇ ਚਾਰਜਸ਼ੀਟ ਵਿੱਚ ਨਾਮਜ਼ਦ ਵਿਅਕਤੀਆਂ ਦੇ ਅਸਲਾ ਲਾਇਸੈਂਸ ਰੱਦ ਕਰਨ ਲਈ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਦਾਲਤ ਨੇ ਸਮਾਗਮ ਵਿੱਚ ਹਥਿਆਰਾਂ ਦੀ ਪ੍ਰਦਰਸ਼ਨੀ ਅਤੇ ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ ਕਰਨ ਵਾਲਿਆਂ ਖ਼ਿਲਾਫ਼ 5 ਸਾਲ ਦੀ ਕਾਰਵਾਈ ਦਾ ਵੇਰਵਾ ਹਲ.ਫਨਾਮੇ ਰਾਹੀਂ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਮਨੂਜਾ ਨੇ ਪੁੱਛਿਆ ਹੈ ਕਿ ਪਿਛਲੇ 5 ਸਾਲਾਂ ਵਿੱਚ ਸੋਸ਼ਲ ਮੀਡੀਆ ਜਿਵੇਂ ਵਟਸਐਪ, ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਹਥਿਆਰਾਂ ਦੀ ਵਡਿਆਈ ਕਰਦੇ ਆਪਣੀਆਂ ਤਸਵੀਰਾਂ ਅਪਲੋਡ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਕਿੰਨੀਆਂ ਐੱਫ.ਆਈ.ਆਰ.ਦਰਜ ਕੀਤੀਆਂ ਗਈਆਂ ਹਨ। ਅਦਾਲਤ ਵਿੱਚ ਪੇਸ਼ ਹੋਏ ਸਰਕਾਰੀ ਵਕੀਲ ਨੇ ਸਬੰਧਿਤ ਅਥਾਰਟੀ ਵੱਲੋਂ ਅਸਲਾ ਲਾਇਸੈਂਸਾਂ 'ਤੇ ਮੁੜ ਵਿਚਾਰ ਕਰਨ ਅਤੇ ਸਬੰਧਿਤ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਸਪੱਸ਼ਟੀਕਰਨ ਦੇਣ ਲਈ ਵਾਧੂ ਸਮੇਂ ਦੀ ਮੰਗ ਕੀਤੀ, ਜਿਸ 'ਤੇ ਅਦਾਲਤ ਨੇ ਕਿਹਾ ਕਿ ਇਹ 1 ਅਕਤੂਬਰ 2019 ਤੋਂ 31 ਦਸੰਬਰ 2023 ਤੱਕ 34,768 ਹਥਿਆਰਾਂ ਦੇ ਲਾਇਸੈਂਸ ਜਾਰੀ ਕੀਤੇ ਗਏ ਹਨ।ਜਸਟਿਸ ਮਨੂਜਾ ਨੇ ਪਹਿਲਾਂ ਹੀ ਰਾਜ ਨੂੰ ਇੱਕ ਹਲ.ਫਨਾਮੇ ਵਿਚ ਇਹ ਦੱਸਣ ਲਈ ਕਿਹਾ ਸੀ ਕਿ ਕੀ ਇਸ ਸਮੇਂ ਦੌਰਾਨ ਜਾਰੀ ਕੀਤੇ ਗਏ ਲਾਇਸੈਂਸਾਂ ਦੀ ਸਬੰਧਿਤ ਅਥਾਰਟੀ ਵੱਲੋਂ ਸਮੀਖਿਆ ਕੀਤੀ ਗਈ ਹੈ। ਸੂਬੇ ਦੇ ਪੁਲਿਸ ਡਾਇਰੈਕਟਰ ਜਨਰਲ ਨੂੰ ਵੀ ਪ੍ਰੋਟੋਕਾਲ ਦੀ ਮੌਜੂਦਗੀ 'ਤੇ ਆਪਣਾ ਹਲ.ਫਨਾਮਾ ਦਾਇਰ ਕਰਨ ਲਈ ਕਿਹਾ ਗਿਆ ਹੈ। ਰਾਜ ਵਿੱਚ 'ਆਰਮਜ਼ ਲਾਇਸੈਂਸ' ਦੇਣ ਲਈ ਆਰਮਜ਼ ਐਕਟ 1959 ਤਹਿਤ ਦਿਸ਼ਾ-ਨਿਰਦੇਸ਼ ਜਾਂ ਮਾਪਦੰਡ ਪੂਰੇ ਕੀਤੇ ਗਏ ਹਨ ਪਰ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ, ਜਿਸ 'ਤੇ ਅਦਾਲਤ ਨੇ ਪੰਜਾਬ ਦੇ ਡੀਜੀਪੀ ਨੂੰ ਹਰ ਜ਼ਿਲ੍ਹੇ ਵਿੱਚ ਕੀਤੇ ਗਏ ਅਚਨਚੇਤ ਦੌਰੇ ਦੀ ਗਿਣਤੀ ਅਤੇ ਨਵੰਬਰ 2022 ਤੋਂ ਜਨਤਕ ਤੌਰ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਨੂੰ ਰੋਕਣ ਲਈ ਕੀਤੀ ਗਈ ਕਾਰਵਾਈ ਦਾ ਵੇਰਵਾ ਅਦਾਲਤ ਸਾਹਮਣੇ ਪੇਸ਼ ਕਰਨ ਦਾ ਵੀ ਹੁਕਮ ਦਿੱਤਾ ਗਿਆ ਹੈ।ਅਦਾਲਤ ਨੂੰ ਇਹ ਯਕੀਨੀ ਬਣਾਉਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਵਿਆਖਿਆ ਕਰਨ ਲਈ ਕਿਹਾ ਗਿਆ ਸੀ ਕਿ 'ਆਰਮਜ਼ ਐਕਟ, 1959 ਦੀ ਧਾਰਾ 13 (2) ਦੇ ਤਹਿਤ ਲੋੜੀਂਦੇ ਨਜ਼ਦੀਕੀ ਪੁਲਿਸ ਸਟੇਸ਼ਨ ਦੇ ਇੰਚਾਰਜ ਦੀ ਰਿਪੋਰਟ ਨਾਲ ਛੇੜਛਾੜ ਨਹੀਂ ਕੀਤੀ ਜਾ ਰਹੀ ਹੈ।' ਅਦਾਲਤ ਨੇ ਕਿਹਾ ਕਿ ਅਦਾਲਤ ਨੂੰ ਸੂਚਿਤ ਕੀਤਾ ਗਿਆ ਸੀ ਕਿ ਪੰਜਾਬ ਸਰਕਾਰ ਨੇ 13 ਨਵੰਬਰ, 2022 ਨੂੰ ਜਨਤਕ ਥਾਵਾਂ 'ਤੇ ਅਤੇ ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਵਰਤੋਂ ਅਤੇ ਪ੍ਰਦਰਸ਼ਨ 'ਤੇ ਪਾਬੰਦੀ ਲਗਾਉਣ ਦੇ ਹੁਕਮ/ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ।ਮੀਡੀਆ ਵਿੱਚ ਵੀ ਇਸ ਦਾ ਕਾਫੀ ਪ੍ਰਚਾਰ ਕੀਤਾ ਗਿਆ ਸੀ। ਇਸ ਤਹਿਤ ਅਧਿਕਾਰੀਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਆਉਂਦੇਖੇਤਰਾਂ ਵਿਚ ਵਿਸ਼ੇਸ਼ ਅਤੇ ਅਚਨਚੇਤ ਨਿਰੀਖਣ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਸਨ। ਇਸ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਕੋਈ ਬਦਲਾਅ ਨਜ਼ਰ ਨਹੀਂ ਆ ਰਿਹਾ ਅਤੇ ਇੱਕ ਪਾਸੇ ਵਿਆਹਾਂ ਅਤੇ ਜਨਤਕ ਸਮਾਗਮਾਂ ਵਿਚ ਹਥਿਆਰਾਂ ਦੀ ਵਰਤੋਂ ਵੱਡੇ ਪੱਧਰ 'ਤੇ ਹੋ ਰਹੀ ਹੈ। ਦੂਜੇ ਪਾਸੇ ਅਪਰਾਧ ਕਰਨ ਲਈ ਲਾਇਸੈਂਸੀ ਹਥਿਆਰਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।




ਪੰਜਾਬੀ ਗਾਇਕ ਤੇ ਭਾਜਪਾ ਆਗੂ ਹੰਸ ਰਾਜ ਹੰਸ ਨੇ ਇਸ ਬਾਰੇ ਟਿਪਣੀ ਕਰਦਿਆਂ ਕਿਹਾ ਕਿ, 'ਇਹ ਸਿਰਫ ਸਰਕਾਰਾਂ ਦਾ ਹੀ ਫਰਜ਼ ਨਹੀਂ , ਲੋਕ ਵੀ ਦੇਖਣ ਕਿ ਸਾਨੂੰ ਸਾਡੇ ਬਜ਼ੁਰਗਾਂ, ਸੂਫ਼ੀਆਂ, ਸੰਤਾਂ, ਗੁਰੂਆਂ ਨੇ ਸਿਖਾਇਆ ਕੀ ਹੈ। ਅਸੀਂ ਕਿੱਥੋਂ ਨਫ਼ਰਤ ਸਿੱਖ ਗਏ।'

## ਹਥਿਆਰ ਦਾ ਲਾਇਸੈਂਸ ਕਿਵੇਂ ਮਿਲਦਾ ਹੈ ?



ਪੂਰੇ ਭਾਰਤ ਵਿੱਚ ਆਰਮਜ਼ ਐਕਟ ਦੇ ਨਿਯਮ ਇੱਕੋ ਜਿਹੇ ਹਨ। ਕੁਝ ਹਥਿਆਰ ਸਿਰਫ਼ ਪੁਲਿਸ ਅਧਿਕਾਰੀਆਂ, ਫੌਜ ਜਾਂ ਪੈਰਾਮਿਲਟਰੀ ਫੋਰਸਜ਼ ਨੂੰ ਹੀ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਰੇਂਜ ਜ਼ਿਆਦਾ ਹੁੰਦੀ ਹੈ, ਉਹ ਆਮ ਲੋਕਾਂ ਨੂੰ ਨਹੀਂ ਦਿੱਤੇ ਜਾ ਸਕਦੇ। ਆਮ ਲੋਕ 32 ਬੋਰ ਤੱਕ ਦੇ ਹਥਿਆਰਾਂ ਦਾ ਹੀ ਲਾਇਸੈਂਸ ਲੈ ਸਕਦੇ ਹਨ।

ਇਸ ਦੇ ਲਈ ਇੱਕ ਤੈਅ ਪ੍ਰਕਿਰਿਆ ਦਾ ਪਾਲਣ ਕਰਨਾ ਹੁੰਦਾ ਹੈ। ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਕੋਈ ਵੀ ਸ਼ਖ਼ਸ ਹਥਿਆਰ ਲੈਣ ਲਈ ਲਾਇਸੈਂਸ ਲਈ ਅਪਲਾਈ ਕਰ ਸਕਦਾ ਹੈ। ਪਰ ਉਸ ਨੂੰ ਇਹ ਦੱਸਣਾ ਪਵੇਗਾ ਕਿ ਹਥਿਆਰ ਚਾਹੀਦਾ ਕਿਉਂ ਹੈ। ਇਸ ਦੇ ਲਈ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਜਾਂਦੀ ਹੈ। ਇਸ ਮਗਰੋਂ ਡੀਸੀ ਜ਼ਿਲ੍ਹੇ ਦੇ ਐੱਸਐੱਸਪੀ ਕੋਲੋਂ ਜਾਂਚ ਕਰਵਾਉਂਦਾ ਹੈ ਜਿਵੇਂ ਉਸ ਦੇ ਘਰ ਦਾ ਪਤਾ ਠੀਕ ਹੈ ਜਾਂ ਨਹੀਂ, ਉਸ ਉੱਤੇ ਕੋਈ ਅਪਰਾਧਿਕ ਮਾਮਲੇ ਤਾਂ ਦਰਜ ਨਹੀਂ ਹਨ, ਜਿਨ੍ਹਾਂ ਕਾਰਨਾਂ ਦਾ ਹਵਾਲਾ ਦੇ ਕੇ ਲਾਇਸੈਂਸ ਅਪਲਾਈ ਕੀਤਾ ਜਾ ਰਿਹਾ ਹੈ, ਉਹ ਸਹੀ ਵੀ ਹਨ ਜਾਂ ਨਹੀਂ। ਲਾਇਸੈਂਸ ਦੀ ਮਿਆਦ ਉਸ ਦੇ ਮੁਹੱਈਆ ਹੋਣ ਤੋਂ ਲੈ ਕੇ ਅਗਲੇ 5 ਸਾਲ ਤੱਕ ਹੁੰਦੀ ਹੈ ਪਰ ਜੇਕਰ ਹਥਿਆਰ ਦੀ ਵਰਤੋਂ ਅਪਰਾਧ ਕਰਨ ਲਈ ਹੁੰਦੀ ਹੈ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

## ਕੀ ਹਨ ਹਥਿਆਰ ਰੱਖਣ ਦੇ ਨਿਯਮ

ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਵੀ ਕਿਸੇ ਸ਼ਖ਼ਸ ਨੂੰ ਲਾਇਸੈਂਸ ਦਿੱਤਾ ਜਾਂਦਾ ਹੈ ਤਾਂ ਉਸ ਵੇਲੇ ਜ਼ਬਾਨੀ ਉਸ ਨੂੰ ਕਿਸੇ ਵੀ ਤਰ੍ਹਾਂ ਦੀਆਂ ਹਦਾਇਤਾਂ ਨਹੀਂ ਦਿੱਤੀ ਜਾਂਦੀਆਂ। ਪਰ ਆਰਮਜ਼ ਐਕਟ ਦੇ ਤਹਿਤ ਲਾਇਸੈਂਸੀ ਹਥਿਆਰ ਰੱਖਣ ਵਾਲਿਆਂ ਲਈ ਲਈ ਕੁਝ ਨਿਯਮ ਤੈਅ ਕੀਤੇ ਗਏ ਹਨ। ਇਹ ਹੇਠ ਲਿਖੇ ਅਨੁਸਾਰ ਹਨ:

ਜਿਸ ਵਿਅਕਤੀ ਦੇ ਨਾਮ ਉੱਤੇ ਹਥਿਆਰ ਹੈ ਸਿਰਫ਼ ਉਹੀ ਆਤਮ-ਰੱਖਿਆ ਲਈ ਉਸ ਨੂੰ ਚਲਾ ਸਕਦਾ ਹੈ। ਲਾਇਸੈਂਸੀ ਹਥਿਆਰ ਦੀ ਵਰਤੋਂ ਦਿਖਾਵੇ ਲਈ ਨਹੀਂ ਕੀਤੀ ਜਾ ਸਕਦੀ। ਕਿਸੇ ਵਿਆਹ ਸਮਾਗਮ, ਪਾਰਟੀ ਜਾਂ ਖੁਸ਼ੀ ਦੇ ਮੌਕੇ ਉੱਤੇ ਵੀ ਇਸ ਦੀ ਵਰਤੋਂ ਨਹੀਂ ਹੋ ਸਕਦੀ। ਕਿਸੇ ਨੂੰ ਡਰਾਉਣ-ਧਮਕਾਉਣ ਲਈ ਲਾਇਸੈਂਸੀ ਹਥਿਆਰ ਨੂੰ ਨਹੀਂ ਵਰਤਿਆ ਜਾ ਸਕਦਾ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਣ ਲਈ ਐਪਲ ਅਧਾਰਿਤ ਐਪ ਜਾਰੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਣ ਹੁੰਦਾ ਗੁਰਬਾਣੀ ਕੀਰਤਨ ਹੁਣ ਐਪਲ ਦੇ ਫੋਨ, ਲੈਪਟਾਪ, ਆਈ-ਪੈਡ ਅਤੇ ਕੰਪਿਊਟਰ ਵਰਤਣ ਵਾਲੇ ਵੀ ਆਡੀਓ ਰੂਪ ਵਿੱਚ ਸੁਣ ਸਕਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਐਪਲ ਆਈਓਐੱਸ ਅਧਾਰਿਤ ਐਪਲੀਕੇਸ਼ਨ ਜਾਰੀ ਕੀਤੀ ਹੈ।

ਇਸ ਐਪ ਦਾ ਨਾਮ 'ਐਸਜੀਪੀਸੀ ਗੁਰਬਾਣੀ ਕੀਰਤਨ' ਹੈ, ਜੋ ਕਿ ਐਪਲ ਐਪਲੀਕੇਸ਼ਨ ਸਟੋਰ ਤੋਂ ਸ਼ਰਧਾਲੂ ਡਾਊਨਲੋਡ ਕਰ ਸਕਣਗੇ। ਐਪ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੀਆਂ ਸੰਗਤਾਂ ਲਈ ਆਸਥਾ ਦਾ ਕੇਂਦਰ ਹੈ ਅਤੇ ਹਰ ਸ਼ਰਧਾਲੂ ਦੀ ਇਸ ਪਾਵਨ ਅਸਥਾਨ ਤੋਂ ਗੁਰਬਾਣੀ ਕੀਰਤਨ ਸਰਵਣ ਕਰਨ ਦੀ



ਤਾਂਘ ਹੁੰਦੀ ਹੈ। ਸੰਗਤ ਦੀ ਇਸ ਭਾਵਨਾ ਦਾ ਸਤਿਕਾਰ ਕਰਦਿਆਂ ਐਪ ਜਾਰੀ ਕੀਤੀ ਗਈ ਹੈ, ਕਿਉਂਕਿ ਮੌਜੂਦਾ ਸਮੇਂ ਹਰ ਵਿਅਕਤੀ ਮੋਬਾਈਲ ਆਦਿ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਐਪਲ ਦੇ ਫੋਨ ਰੱਖਣ ਵਾਲਿਆਂ ਲਈ ਜਾਰੀ ਕੀਤੀ ਇਸ ਗੁਰਬਾਣੀ ਐਪ ਤੋਂ ਪਹਿਲਾਂ ਐਂਡ੍ਰਾਇਡ ਫੋਨ ਵਰਤਣ ਵਾਲਿਆਂ ਵਾਸਤੇ ਵੀ ਐਪ ਕਾਰਜਸ਼ੀਲ ਹੈ, ਜਿਸ ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਐਡਵੋਕੇਟ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਅਧਿਕਾਰਤ ਐਪ ਦੀ ਵਰਤੋਂ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਹੋਣ ਵਾਲੇ ਪੂਰੇ ਦਿਨ ਦਾ ਸਿੱਧਾ ਆਡੀਓ ਪ੍ਰਸਾਰਣ ਸਰਵਣ ਕਰਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵਡ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੌਂਪਿਆ ਵਾਤਾਵਰਨ ਏਜੰਡਾ

ਚੰਡੀਗੜ੍ਹ/ਏ.ਟੀ.ਨਿਊਜ਼ : ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਾਤਾਵਰਨ ਏਜੰਡਾ ਸੌਂਪਿਆ। ਸੰਤ ਸੀਚੇਵਾਲ ਨੇ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਦੌਰਾਨ ਹੋਈ ਗੱਲਬਾਤ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਸਤਲੁਜ ਦਰਿਆ ਦੇ ਗਿੱਦੜਪਿੰਡੀ ਦੇ ਰੇਲਵੇਂ ਪੁਲ ਹੇਠਾਂ 15 ਤੋਂ 18 ਫੁੱਟ ਤੱਕ ਮਿੱਟੀ ਜੰਮੀ ਹੋਈ ਹੈ, ਜਿਸ ਨੂੰ ਕੱਢਣ ਦਾ ਮਾਮਲਾ ਮੁੱਖ ਮੰਤਰੀ ਪੰਜਾਬ ਕੋਲ ਚੁੱਕਿਆ ਗਿਆ ਹੈ।ਸੰਤ ਸੀਚੇਵਾਲ ਨੇ ਮੁੱਖ ਮੰਤਰੀ ਨੂੰ ਮਾਮਲੇ ਦੀ ਗੰਭੀਰਤਾ ਦੱਸਦਿਆ ਕਿਹਾ ਕਿ ਮਈ ਦਾ ਸਾਰਾ ਮਹੀਨਾ ਚੋਣਾਂ ਵਿੱਚ ਲੰਘ ਜਾਵੇਗਾ ਅਤੇ ਜੂਨ-ਜੁਲਾਈ ਵਿੱਚ ਮੀਂਹ ਪੈਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਅਜਿਹੀ ਸਥਿਤੀ ਵਿੱਚ ਮਿੱਟੀ ਚੁੱਕਣ ਵਿੱਚ ਮੁਸ਼ਕਿਲ ਪੇਸ਼ ਆਵੇਗੀ। ਸੰਤ ਸੀਚੇਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਭਰੋਸਾ ਦਿੱਤਾ ਕਿ ਇਹ ਲੋਕਾਂ ਦੇ



ਜੀਵਨ ਨਾਲ ਜੁੜਿਆ ਹੋਇਆ ਸਿੱਧਾ ਮਸਲਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਸੀਨੀਅਰ ਅਧਿਕਾਰੀਆਂ ਨਾਲ ਗੱਲ ਕਰਕੇ ਕੰਮ ਸ਼ੁਰੂ ਕਰਵਾ ਦੇਣਗੇ ਤਾਂ ਜੋ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕੀਤਾ ਜਾ ਸਕੇ।

ਇਸੇ ਦੌਰਾਨ ਸੰਤ ਸੀਚੇਵਾਲ ਨੇ ਹੜ੍ਹ ਰੋਕੂ ਕਮੇਟੀ ਵੱਲੋਂ ਵੀ ਇੱਕ ਮੈਮਰੰਡਮ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਸੌਂਪਿਆ, ਜਿਸ ਵਿੱਚ ਦਰਜਨ ਤੋਂ ਵੱਧ ਪਿੰਡਾਂ ਦੇ ਪੰਚਾਂ ਤੇ ਸਰਪੰਚਾਂ ਨੇ ਦਸਤਖਤ ਕਰਕੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਹੜ੍ਹਾਂ ਨਾਲ ਹੋਣ ਵਾਲੀ ਤਬਾਹੀ ਤੋਂ ਬਚਾਇਆ ਜਾਵੇ। ਸੰਤ ਸੀਚੇਵਾਲ ਨੇ ਦੱਸਿਆ ਕਿ ਵਾਤਾਵਰਨ ਦਾ ਏਜੰਡਾ ਉਨ੍ਹਾਂ ਵੱਲੋਂ ਸਾਰਿਆਂ ਨੂੰ ਦਿੱਤਾ ਜਾ ਰਿਹਾ ਹੈ ਤਾਂ ਜੋ ਰਾਜਨੀਤਿਕ ਪਾਰਟੀਆਂ ਇਸ ਗੰਭੀਰ ਮੁੱਦੇ 'ਤੇ ਚੋਣਾਂ ਦੌਰਾਨ ਚਰਚਾ ਕਰ ਸਕਣ। ਸੰਤ ਸੀਚੇਵਾਲ ਨੇ ਦੱਸਿਆ ਕਿ ਫਰੀਦਕੋਟ ਤੋਂ ਚੋਣ ਲੜ ਰਹੇ ਕਰਮਜੀਤ ਸਿੰਘ ਅਨਮੋਲ ਵਾਤਾਵਰਨ ਦੇ ਮੁੱਦੇ ਨੂੰ ਸੁਚੱਜੇ ਢੰਗ ਨਾਲ ਉਠਾ ਰਹੇ ਹਨ। ਉਨ੍ਹਾਂ ਨੇ ਬਾਬਾ ਫਰੀਦ ਦੀ ਧਰਤੀ ਫਰੀਦਕੋਟ ਨੂੰ ਹਰਿਆ-ਭਰਿਆ ਕਰਨ ਦਾ ਅਹਿਦ ਲਿਆ ਹੈ।

ਇਸ ਮੌਕੇ ਹਲਕਾ ਸ਼ਾਹਕੋਟ ਦੇ ਇੰਚਾਰਜ ਪਿੰਦਰ ਪੰਡੋਰੀ ਵੀ ਹਾਜ਼ਰ ਸਨ। ਉਨ੍ਹਾਂ ਨੇ ਵੀ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਗਿੱਦੜਪਿੰਡੀ ਦੇ ਰੇਲਵੇ ਪੁਲ ਹੇਠੋਂ ਮਿੱਟੀ ਕੱਢਣੀ ਬੇਹੱਦ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਉੱਥੇ ਕੁਝ ਲੋਕ ਦਰਿਆ ਦੀ ਜ਼ਮੀਨ 'ਤੇ ਨਜ਼ਾਇਜ ਕਬਜ਼ਾ ਕਰਕੇ ਬੈਠੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦੱਸਿਆ ਕਿ ਹੜ੍ਹਾਂ ਨਾਲ ਸਾਲ 2019 ਵਿੱਚ ਪੰਜਾਬ ਸਰਕਾਰ ਦਾ 1200 ਕਰੋੜ ਦਾ ਨੁਕਸਾਨ ਹੋਇਆ ਸੀ, ਜਦ ਕਿ ਦਰਿਆ ਦੇ ਅੰਦਰ ਨਜ਼ਾਇਜ ਕਬਜ਼ਾ ਕਰੀ ਬੈਠੇ ਲੋਕਾਂ ਦੀਆਂ ਫਸਲਾਂ ਬਚ ਗਈਆਂ ਸਨ ਤੇ ਧੁੱਸੀ ਬੰਨ੍ਹ ਤੋਂ ਬਾਹਰ ਬੈਠੇ ਦਰਜਨਾਂ ਪਿੰਡਾਂ ਦੀਆਂ ਹਜ਼ਾਰਾਂ ਏਕੜ ਫਸਲ ਤਬਾਹ ਹੋ ਗਈ ਸੀ।

ਯਾਤਰਾ ਹੇਮਕੁੰਟ ਸਾਹਿਬ

## ਗੋਚਰ ਤੋਂ ਗੁ. ਗੋਬਿੰਦ ਘਾਟ ਤੱਕ ਹੈਲੀਕਾਪਟਰ ਸੇਵਾ ਹੋਵੇਗੀ ਸ਼ੁਰੂ



ਅੰਮ੍ਰਿਤਸਰ/ਏ.ਟੀ.ਨਿਊਜ਼ : 25 ਮਈ ਤੋਂ ਆਰੰਭ ਹੋ ਰਹੀ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਸਾਲ ਸ਼ਰਧਾਲੂਆਂ ਲਈ ਹੋਰ ਵੀ ਸੁਖਾਲੀ ਹੋ ਜਾਵੇਗੀ। ਇਸ ਸਾਲ ਉੱਤਰਾਖੰਡ ਦੇ ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਨਵੀਂ ਹੈਲੀਕਾਪਟਰ ਸੇਵਾ ਸ਼ੁਰੂ ਹੋ ਰਹੀ ਹੈ।

ਇਸ ਤੋਂ ਇਲਾਵਾ ਅੰਮ੍ਰਿਤਸਰ ਤੋਂ ਦੇਹਰਾਦੂਨ ਵਿਚਾਲੇ ਹਵਾਈ ਸੇਵਾ ਚੱਲ ਰਹੀ ਹੈ। ਇਸ ਤੋਂ ਪਹਿਲਾਂ ਹਰ ਸਾਲ ਗੁਰਦੁਆਰਾ ਗੋਬਿੰਦ ਘਾਟ ਤੋਂ ਘਾਂਗਰੀਆਂ ਤੱਕ ਹੈਲੀਕਾਪਟਰ ਸੇਵਾ ਚੱਲ ਰਹੀ ਸੀ।

ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਸ਼ੁਰੂਆਤ ਲਈ ਚੱਲ ਰਹੇ ਪ੍ਰਬੰਧਾਂ ਬਾਰੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਲਗਪਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਤਹਿਤ ਗੁਰਦੁਆਰੇ ਦੇ ਕਿਵਾੜ 25 ਮਈ ਨੂੰ ਸੰਗਤ ਵਾਸਤੇ ਅਰਦਾਸ ਮਗਰੋਂ ਖੋਲ੍ਹੇ ਜਾਣਗੇ, ਜਿਸ ਤਹਿਤ (ਬਾਕੀ ਸਫ਼ਾ 30 'ਤੇ)

# ਲੋਕ ਸਭਾ ਚੋਣਾਂ : ਹਲਵਾਈ ਤੇ ਦਰਜੀ ਵੀ ਹੋਏ ਬਾਗੋ-ਬਾਗ

ਚੰਡੀਗੜ੍ਹ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਨੂੰ ਲੈ ਕੇ ਮਾਹੌਲ ਪੂਰੀ ਤਰ੍ਹਾਂ ਭਖ ਚੁੱਕਿਆ ਹੈ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਚੋਣ ਪ੍ਰਚਾਰ ਲਈ ਰੈਲੀਆਂ ਕੱਢੀਆਂ ਜਾ ਰਹੀਆਂ ਹਨ। ਹਰ ਕੋਈ ਆਪਣੀ ਪਾਰਟੀ ਨੂੰ ਜਿਤਾਉਣ ਲਈ ਵੱਖ-ਵੱਖ ਹੱਥਕੰਡੇ ਅਪਣਾ ਰਿਹਾ ਹੈ। ਚੋਣਾਂ ਦੇ ਮਾਹੌਲ 'ਚ ਕੁੱਝ ਲੋਕਾਂ ਦੇ ਰੁਕੇ ਹੋਏ ਕਾਰੋਬਾਰ ਵੀ ਚੱਲਣ ਲੱਗ ਪਏ ਹਨ। ਇਸੇ ਤਰ੍ਹਾਂ ਦਰਜੀ ਤੇ ਹਲਵਾਈ ਦੀ ਬੁੱਕਤ 'ਚ ਵਾਧਾ ਹੋਇਆ ਹੈ। ਚੋਣਾਂ ਕਰਕੇ ਸਿਆਸੀ ਪਾਰਟੀਆਂ ਦੇ ਆਗੂ ਚੋਣ ਰੈਲੀਆਂ ਤੇ ਡੋਰ-ਟੂ-ਡੋਰ ਪ੍ਰਚਾਰ ਕਰਨ 'ਚ ਰੁੱਝ ਗਏ ਹਨ, ਜਿਸ ਲਈ ਉਨ੍ਹਾਂ ਨੂੰ ਨਿੱਤ ਨਵੇਂ ਸੂਟ ਤਿਆਰ ਕਰਵਾਉਣ ਲਈ ਦਰਜੀ ਦੀ ਲੋੜ ਪੈਂਦੀ ਹੈ। ਇਸ ਲਈ ਉਹ ਦਰਜੀਆਂ ਨੂੰ ਕੁੜਤਾ-ਪਜਾਮਾ, ਨਹਿਰੂ ਜੈਕੇਟ ਅਤੇ ਪੱਗਾਂ ਆਦਿ ਦੇ ਆਰਡਰ ਐਡਵਾਂਸ 'ਚ ਦੇ ਰਹੇ ਹਨ, ਜਿਸ ਨਾਲ ਦਰਜੀਆਂ ਦੀ ਮੰਗ ਵਧੀ ਹੈ। ਇਸ ਤੋਂ ਇਲਾਵਾ ਟਿਕਟ ਮਿਲਣ ਤੋਂ ਲੈ ਕੇ ਚੋਣ ਪ੍ਰਚਾਰ ਤੇ ਜਿੱਤਣ ਦੀ ਖ਼ੁਸ਼ੀ ਸਾਂਝੀ ਕਰਨ ਲਈ ਖਾਣ-ਪੀਣ ਤੇ ਮਠਿਆਈ ਦਾ ਪ੍ਰਬੰਧ ਕਰਨ ਲਈ ਹਲਵਾਈ ਦੀ ਵੀ ਬੇਹੱਦ ਲੋੜ ਰਹਿੰਦੀ ਹੈ। ਪ੍ਰਚਾਰ ਦੌਰਾਨ ਵੋਟਰਾਂ ਲਈ ਖਾਣ-ਪੀਣ ਦਾ ਪ੍ਰਬੰਧ ਤੇ ਵੋਟਾਂ 'ਚ ਜਿੱਤ ਦਰਜ ਕਰਨ ਤੋਂ ਬਾਅਦ ਮਠਿਆਈ ਦੇ ਆਰਡਰ ਲਈ ਹਲਵਾਈ ਵੀ ਪਹਿਲਾਂ ਹੀ ਬੁੱਕ ਕੀਤੇ ਜਾ ਰਹੇ ਹਨ।

**ਸੂਤੀ ਕੁੜਤੇ-ਪਜਾਮੇ ਦੀ ਵਧੀ ਮੰਗ**

ਚੰਡੀਗੜ੍ਹ ਸੈਕਟਰ-17 ਦੇ ਨਾਮੀ ਦਰਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੁੜਤੇ-ਪਜਾਮੇ, ਨਹਿਰੂ ਜੈਕੇਟਾਂ ਦੇ ਆਰਡਰ ਆ ਰਹੇ ਹਨ। ਇਸ ਲਈ ਕਈ (ਬਾਕੀ ਸਫ਼ਾ 30 'ਤੇ)

# ਸ਼੍ਰੋਮਣੀ ਕਮੇਟੀ ਨੇ ਚੱਪੜਚਿੜੀ ਤੋਂ ਸਰਹਿੰਦ ਤੱਕ ਸਜਾਇਆ ਫ਼ਤਹਿ ਮਾਰਚ

## ਗੁਰਦੁਆਰਾ ਪ੍ਰਬੰਧਾਂ ਉੱਪਰ ਕਬਜ਼ਾ ਕਰਨਾ ਚਾਹੁੰਦੀਆਂ ਨੇ ਸਰਕਾਰਾਂ: ਧਾਮੀ

ਫਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ : ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ 'ਸਰਹਿੰਦ ਫ਼ਤਹਿ ਮਾਰਚ' ਬੀਤੇ ਦਿਨੀਂ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਫ਼ਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੱਕ ਸਜਾਇਆ ਗਿਆ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਰਵਾਨਾ ਕੀਤਾ। ਫ਼ਤਹਿ ਮਾਰਚ ਵਿੱਚ ਨਿਹੰਗ ਸਿੰਘ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ, ਬੈਂਡ ਤੇ ਗਤਕਾ ਪਾਰਟੀਆਂ ਨੇ ਖ਼ਾਲਸਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਬੁੱਢਾ ਦਲ (96 ਕਰੋੜੀ) ਦੇ ਪ੍ਰਧਾਨ ਬਾਬਾ ਬਲਬੀਰ ਸਿੰਘ, ਐੱਸ.ਜੀ.ਪੀ.ਸੀ. ਮੈਂਬਰ ਪਰਮਜੀਤ



ਕੌਰ ਲਾਂਡਰਾਂ, ਚਰਨਜੀਤ ਸਿੰਘ ਕਾਲੇਵਾਲ, ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਨ ਨੇ ਵੀ ਸੰਬੋਧਨ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਸਮੇਸ਼ ਪਿਤਾ ਤੋਂ ਥਾਪੜਾ ਲੈ ਕੇ ਜ਼ੁਲਮ ਦਾ ਖ਼ਾਤਮਾ ਕਰਨ ਤੁਰੇ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਚੱਪੜਚਿੜੀ ਦੀ ਧਰਤੀ 'ਤੇ ਜ਼ਾਲਮ ਹਕੂਮਤ ਉੱਤੇ ਫ਼ਤਹਿ ਹਾਸਲ ਕਰ ਕੇ ਜਿੱਥੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ, ਉੱਥੇ ਹੀ ਉਨ੍ਹਾਂ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਇਸ ਸ਼ਾਨਾਂਮੱਤੇ ਇਤਿਹਾਸ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਦੀਆਂ ਸੰਸਥਾਵਾਂ ਨੂੰ ਤੋੜਨ ਦੇ ਯਤਨ ਹੋ ਰਹੇ ਹਨ। ਸਮੇਂ-ਸਮੇਂ ਦੀਆਂ ਸਰਕਾਰਾਂ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਆਪਣੇ ਹੱਥ ਵਿੱਚ ਲੈਣਾ ਚਾਹੁੰਦੀਆਂ ਹਨ, ਜਿਸ ਨੂੰ ਸਿੱਖ ਕੌਮ ਕਦੇ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਸਰਕਾਰਾਂ ਦੀਆਂ ਅਜਿਹੀਆਂ ਚਾਲਾਂ ਖ਼ਿਲਾਫ਼ ਇਕਜੁੱਟ ਹੋਣ ਦੀ ਅਪੀਲ ਕੀਤੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ, ਕਿ ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿਰਜਿਆ ਖਾਲਸਾ ਰਾਜ ਨਿਆਂ ਪੱਖੀ ਰਾਜ ਸੀ। ਸਿੱਖ ਯੋਧਿਆਂ ਨੇ ਇਸ ਪਵਿੱਤਰ ਧਰਤੀ 'ਤੇ ਇਤਿਹਾਸ ਸਿਰਜਿਆ, ਜਿਸ ਤੋਂ ਸਾਨੂੰ ਪ੍ਰੇਰਣਾ ਲੈਣ ਦੀ ਲੋੜ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

15 ਮਈ ਤੋਂ 21 ਮਈ 2024

## ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅਤੇ ਸਿੱਖਾਂ ਦੀ ਭੂਮਿਕਾ

ਭਾਰਤ ਦੀ ਸਭ ਤੋਂ ਵੱਡੀ ਪੰਚਾਇਤ ਮੰਨੀ ਜਾਂਦੀ ਲੋਕ ਸਭਾ ਲਈ ਇਸ ਸਮੇਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਸਰਗਰਮੀਆਂ ਹੋ ਰਹੀਆਂ ਹਨ, ਜਿਸ ਤਹਿਤ ਪੰਜਾਬ ਵਿੱਚ 1 ਜੂਨ ਨੂੰ ਵੋਟਾਂ ਪੈਣਗੀਆਂ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅਤੇ ਸਿੱਖਾਂ ਦੀ ਭੂਮਿਕਾ ਕਾਫ਼ੀ ਅਹਿਮੀਅਤ ਰੱਖਦੀ ਹੈ। ਅਸਲ ਵਿੱਚ ਇਹ ਲੋਕ ਸਭਾ ਚੋਣਾਂ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਲਈ ਵੱਡਾ ਮੌਕਾ ਹਨ ਕਿ ਉਹ ਵੋਟਾਂ ਪਾ ਕੇ ਆਪਣਾ ਫਤਵਾ ਪੂਰੇ ਦੇਸ਼ ਨੂੰ ਸੁਣਾ ਸਕਦੇ ਹਨ।

ਪੰਜਾਬ ਦੇ ਲੋਕ ਕ੍ਰਾਂਤੀਕਾਰੀ ਮੰਨੇ ਜਾਂਦੇ ਹਨ, ਜੋ ਕਿ ਨਵੇਂ ਬਦਲਾਓ ਨੂੰ ਬਹੁਤ ਜਲਦੀ ਅਪਨਾਅ ਲੈਂਦੇ ਹਨ। ਦੋ ਕੁ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਭਾਰੀ ਗਿਣਤੀ ਵਿੱਚ ਵੋਟਾਂ ਪਾ ਕੇ ਪੰਜਾਬ ਦੀ ਸੱਤਾ ਸੌਂਪ ਦਿੱਤੀ ਸੀ ਅਤੇ ਪੰਜਾਬ ਦੀ ਸਿਆਸਤ ਵਿੱਚ ਤੀਜਾ ਸਿਆਸੀ ਬਦਲ ਲੈ ਆਂਦਾ ਸੀ। ਕੁਝ ਇਸੇ ਤਰ੍ਹਾਂ ਦੇ ਵੱਡੇ ਬਦਲਾਓ ਦੀ ਉਮੀਦ ਪੰਜਾਬ ਤੇ ਸਿੱਖਾਂ ਤੋਂ ਹੁਣ ਲੋਕ ਸਭਾ ਚੋਣਾਂ ਦੌਰਾਨ ਕੀਤੀ ਜਾ ਰਹੀ ਹੈ।

ਪੰਜਾਬ, ਭਾਰਤ ਦਾ ਇੱਕ ਅਜਿਹਾ ਇਲਾਕਾ ਹੈ, ਜੋ ਹਮੇਸ਼ਾ ਹੀ ਹਰ ਗੱਲ ਵਿੱਚ ਭਾਰਤ ਦਾ ਮੋਹਰੀ ਸੂਬਾ ਬਣ ਕੇ ਪੂਰੇ ਦੇਸ਼ ਦੀ ਅਗਵਾਈ ਕਰਦਾ ਆਇਆ ਹੈ। ਪੰਜਾਬ ਨੇ ਹੀ ਭਾਰਤ ਨੂੰ ਅੰਨ ਪੱਖੋਂ ਆਤਮ ਨਿਰਭਰ ਬਣਾਇਆ ਅਤੇ ਪੰਜਾਬ ਨੇ ਹੀ ਭਾਰਤ ਦੇ ਅੰਨ ਭੰਡਾਰ ਭਰੇ। ਇਲਾਕੇ ਪੱਖੋਂ ਪੰਜਾਬ ਇੱਕ ਅਜਿਹਾ ਥਾਂ ਹੈ ਜਿਥੇ ਦਰਿਆ ਵਗਦੇ ਹਨ, ਜਮੀਨ ਪੱਧਰੀ ਅਤੇ ਹਰੀ ਭਰੀ ਹੈ, ਨਾਲ ਹੀ ਪੰਜਾਬ ਦੇ ਇਹਨਾਂ ਉਪਜਾਊ ਮੈਦਾਨਾਂ ਦੇ ਉੱਤਰ ਵੱਲ ਉੱਚੇ ਬਰਫ਼ੀਲੇ ਪਹਾੜ ਹਨ, ਦੱਖਣ ਵੱਲ ਰੇਤੀਲੇ ਗਰਮ ਮਾਰੂ ਮੈਦਾਨ ਹਨ। ਪੰਜਾਬ ਦਾ ਇਲਾਕਾ ਪੂਰਬ ਅਤੇ ਪੱਛਮ ਦੇ ਦੁਨੀਆਂ ਦੇ ਵੱਡੇ ਇਲਾਕਿਆਂ ਨੂੰ ਜੋੜਦਾ ਹੈ। ਸਦੀਆਂ ਤੋਂ ਪੰਜਾਬ ਫੌਜਾਂ ਅਤੇ ਵਪਾਰ ਦੇ ਲਈ ਵੱਡਾ ਲਾਂਘਾ ਰਿਹਾ ਹੈ। ਮੁਗਲ ਸਲਤਨਤ ਦੇ ਬਣਨ ਤੋਂ ਪਹਿਲਾਂ ਅਤੇ ਕਮਜ਼ੋਰ ਹੋਣ ’ਤੇ ਪੱਛਮ ਤੋਂ ਆਉਣ ਵਾਲੇ ਸਾਰੇ ਧਾੜਵੀ ਅਬਦਾਲੀ, ਨਾਦਰ ਸ਼ਾਹ ਆਦਿ ਪੰਜਾਬ ਵਿਚੋਂ ਦੀ ਹੋ ਕੇ ਹਿੰਦੁਸਤਾਨ ਦੇ ਵੱਡੇ ਇਲਾਕੇ ਵਿੱਚ ਵੜਦੇ ਰਹੇ ਹਨ। ਵਾਪਸੀ ’ਤੇ ਹਿੰਦੁਸਤਾਨ ਦੀ ਤਬਾਹੀ ਦੇ ਨਾਲ ਇਨ੍ਹਾਂ ਧਾੜਵੀਆਂ ਨੇ ਪੰਜਾਬ ਨੂੰ ਵੀ ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਵਜੂਦ ਪੰਜਾਬ ਹਰ ਜ਼ੁਲਮ ਅਤੇ ਬਿਪਤਾ ਅੱਗੇ ਨਿਡਰ ਖਲੋਤਾ ਰਿਹਾ ਅਤੇ ਪੰਜਾਬ ਨੇ ਅੰਦਰੂਨੀ ਤੇ ਬਾਹਰੀ ਹਰ ਚੁਣੌਤੀ ਦਾ ਡਟ ਕੇ ਸਾਹਮਣਾ ਕੀਤਾ। ਲੋਕ ਸਭਾ ਚੋਣਾਂ ਦੌਰਾਨ ਵੀ ਪੰਜਾਬ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਮੇਂ ਵੀ ਪੰਜਾਬੀਆਂ/ਸਿੱਖਾਂ ਅੱਗੇ ਲੋਕ ਸਭਾ ਚੋਣਾਂ ਇੱਕ ਚੁਣੌਤੀ ਬਣ ਕੇ ਖੜੀਆਂ ਹਨ। ਭਾਵੇਂ ਕਿ ਲੋਕ ਸਭਾ ਚੋਣਾਂ ਲੜ ਰਹੀਆਂ ਸਾਰੀਆਂ ਧਿਰਾਂ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਵਾਉਣ ਦੇ ਦਾਅਵੇ ਕਰ ਰਹੀਆਂ ਹਨ ਪਰ ਇਸ ਦੇ ਬਾਵਜੂਦ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ, ਬੰਜਰ ਹੁੰਦੀ ਜਾਂਦੀ ਧਰਤੀ ਦਾ ਮਸਲਾ, ਬੇਰੁਜ਼ਗਾਰੀ, ਨਸ਼ੇ ਅਤੇ ਹੋਰ ਅਲਾਮਤਾਂ, ਖ਼ੂਨ ਪੀਣੀਆਂ ਸੜਕਾਂ, ਦੂਜੇ ਦੇਸ਼ਾਂ ਹੋ ਰਹੇ ਪਰਵਾਸ ਵਰਗੇ ਮਸਲੇ ਮੂੰਹ ਅੱਡੀ ਖੜੇ ਹਨ, ਜਿਨ੍ਹਾਂ ਨੂੰ ਹੱਲ ਕਰਨ ਲਈ ਕੋਈ ਵੀ ਸਿਆਸੀ ਧਿਰ ਸੁਹਿਰਦ ਨਹੀਂ ਜਾਪ ਰਹੀ। ਭਾਵੇਂ ਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਵੱਖ- ਵੱਖ ਉਮੀਦਵਾਰ ਆਪਣੇ ਆਪ ਨੂੰ ਪੰਥਕ ਸੋਚ ਨੂੰ ਪਰਨਾਏ ਹੋਏ ਹੋਣ ਅਤੇ ਕੁਰਬਾਨੀ ਵਾਲੇ ਪਰਿਵਾਰਾਂ ਨਾਲ ਸਬੰਧਿਤ ਹੋਣ ਦਾ ਦਾਅਵਾ ਕਰ ਰਹੇ ਹਨ ਪਰ ਪੰਜਾਬੀ ਸਭ ਕੁਝ ਜਾਣਦੇ ਹਨ ਕਿ ਕਿਹੜੇ ਆਗੂ ਨੇ ਕਿੰਨੀ ਕੁਰਬਾਨੀ ਪੰਜਾਬੀਆਂ ਲਈ ਕੀਤੀ ਹੈ।

ਅੱਜ ਅਜਿਹਾ ਸਮਾਂ ਆ ਗਿਆ ਹੈ ਕਿ ਪੂਰੇ ਵਿਸ਼ਵ ਦੀ ਸਿਆਸਤ ਲਈ ਪੰਜਾਬ ਅਤੇ ਸਿੱਖ ਮਹੱਤਵਪੂਰਨ ਬਣ ਗਏ ਹਨ। ਇਸ ਦੇ ਨਾਲ ਹੀ ਪੰਜਾਬ ਵਿੱਚ ਪੰਥਕ ਵੋਟਾਂ ਦੀ ਗਿਣਤੀ ਵੀ ਪਰਿਵਾਰਾਂ ਵਿੱਚ ਵਾਧਾ ਹੋਣ ਕਾਰਨ ਵਧ ਗਈ ਹੈ। ਪੰਜਾਬ ਦੀਆਂ ਇਹ ਪੱਕੀਆਂ ਪੰਥਕ ਵੋਟਾਂ ਚੋਣਾਂ ਦੌਰਾਨ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਵੱਡਾ ਫ਼ੈਸਲਾ ਕਰ ਦਿੰਦੀਆਂ ਹਨ। ਇਸ ਸਮੇਂ ਚੋਣ ਲੜ ਰਹੀਆਂ ਵੱਡੀ ਗਿਣਤੀ ਸਿਆਸੀ ਪਾਰਟੀਆਂ ਦੇ ਯਤਨ ਪੰਜਾਬ ਦੀਆਂ ਪੰਥਕ ਵੋਟਾਂ ਨੂੰ ਆਪਣੀਆਂ ਵੋਟਾਂ ਵਿੱਚ ਬਦਲਣ ਦੀ ਹੈ, ਜਿਸ ਲਈ ਸਿਆਸੀ ਧਿਰਾਂ ਵੱਲੋਂ ਬਹੁਤ ਜੋਰ ਲਗਾਇਆ ਜਾ ਰਿਹਾ ਹੈ ਅਤੇ ਪੰਜਾਬ ਤੇ ਸਿੱਖਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਦੂਜੇ ਪਾਸੇ ਅਨੇਕਾਂ ਪੰਜਾਬ ਦੋਖੀ ਤਾਕਤਾਂ ਅਤੇ ਹਰ ਗੱਲ ਵਿਚੋਂ ਹੀ ਆਪਣਾ ਸਿਆਸੀ ਫ਼ਾਇਦਾ ਲੈਣ ਵਾਲੀਆਂ ਤਾਕਤਾਂ ਵੀ ਪੰਥਕ ਵੋਟਾਂ ਵਿੱਚ ਫੁੱਟ ਪਾਉਣ ਦੇ ਯਤਨ ਕਰ ਰਹੀਆਂ ਹਨ। ਇਹਨਾਂ ਸ਼ਕਤੀਆਂ ਕਾਰਨ ਹੀ ਪੰਥਕ ਸੀਟ ਮੰਨੇ ਜਾਂਦੇ ਤਰਨ ਤਾਰਨ ਲੋਕ ਸਭ ਹਲਕੇ ਵਿੱਚ ਦੋ ਪੰਥਕ ਉਮੀਦਵਾਰ ਹੀ ਆਹਮੋ ਸਾਹਮਣੇ ਚੋਣ ਲੜ ਰਹੇ ਹਨ। ਇਸ ਤਰ੍ਹਾਂ ਪੰਥਕ ਵੋਟਾਂ ਦੇ ਵੀ ਵੰਡੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ, ਜਿਸ ਦਾ ਸਿੱਧਾ ਲਾਭ ਪੰਥ ਤੇ ਪੰਜਾਬ ਵਿਰੋਧੀ ਤਾਕਤਾਂ ਤੇ ਦਿੱਲੀ ਦਰਬਾਰ ਚੁੱਕਣ ਲਈ ਪੂਰੀ ਤਰਾਂ ਤਿਆਰ ਬੈਠੇ ਹਨ।

ਇਸ ਸਮੇਂ ਪੰਥਕ ਏਕਤਾ ਕਰਨ, ਸਾਂਝੇ ਫੈਸਲੇ ਲੈਣ ਅਤੇ ਰੂਹਾਨੀ ਗੁਣਾਂ ਦੇ ਸਦਕਾ ਹੀ ਸਿੱਖ ਸਿਆਸੀ ਤੌਰ ’ਤੇ ਮਜ਼ਬੂਤ ਹੋ ਸਕਦੇ ਹਨ ਅਤੇ ਆਉਣ ਵਾਲੇ ਸਮਿਆਂ ਵਿੱਚ ਸਰਬੱਤ ਦੇ ਭਲੇ ਦੇ ਪ੍ਰਥਾਏ ਕਾਰਜ ਕਰ ਸਕਦੇ ਹਨ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਵੋਟ ਦੀ ਵਰਤੋਂ ਪੂਰੀ ਤਰਾਂ ਸੁਚੇਤ ਹੋ ਕੇ ਕਰਨ ਅਤੇ ਪੰਥਕ ਸੋਚ ਵਾਲੇ ਉਮੀਦਵਾਰਾਂ ਦੇ ਹੱਕ ਵਿੱਚ ਫ਼ੈਸਲੇ ਲੈਣ। ਇਸ ਦੇ ਨਾਲ ਚੋਣਾਂ ਲੜ ਰਹੀਆਂ ਪੰਥਕ ਧਿਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਇੱਕ ਦੂਜੇ ਨਾਲ ਮੁਕਾਬਲੇਬਾਜ਼ੀ ਕਰਨ ਦੀ ਥਾਂ ਸਾਂਝੇ ਰੂਪ ਵਿੱਚ ਚੋਣਾਂ ਲੜਨ ਤਾਂ ਕਿ ਪੰਥਕ ਵੋਟਾਂ ਵੰਡੀਆਂ ਨਾ ਜਾ ਸਕਣ। ਸਿੱਖਾਂ ਨੂੰ ਹੁਣ ਪੰਜਾਬ ਦੀ ਭਲਾਈ ਲਈ ਸਾਂਝੇ ਪੰਥਕ ਫ਼ੈਸਲੇ ਲੈਣ ਦੀ ਲੋੜ ਹੈ, ਤਾਂ ਕਿ ਪੰਥ ਵਿੱਚ ਏਕਤਾ ਬਣੀ ਰਹੇ ਅਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਪੰਥਕ ਉਮੀਦਵਾਰਾਂ ਦੀ ਜਿੱਤ ਹੋ ਸਕੇ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅਤੇ ਸਿੱਖਾਂ ਦੀ ਮਹੱਤਵਪੂਰਨ ਭੂਮਿਕਾ ਹੈ, ਜਿਸ ਨੂੰ ਵੇਖਦਿਆਂ ਹਰ ਸਿੱਖ ਨੂੰ ਪੂਰੀ ਸੂਝ ਬੂਝ ਨਾਲ ਆਪਣੀ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਰਾਹ ਦਿਸੇਰਾ ਕਿਸਾਨ ਸੰਘਰਸ਼ ਅਤੇ ਚੋਣਾਂ



PTI

ਸੁੱਚਾ ਸਿੰਘ ਖੱਟੜਾ

ਸਾਲ 2020-2021 ਦੌਰਾਨ ਕਿਸਾਨ ਸੰਘਰਸ਼ ਨੇ ਜਿਸ ਤਰ੍ਹਾਂ ਦੁਨੀਆਂ ਦੇ ਤਾਨਾਸ਼ਾਹਾਂ ਵਿੱਚ ਗਿਣੇ ਜਾਂਦੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਝੁਕਾਅ ਕੇ ਤਿੰਨ ਖੇਤੀ ਕਾਨੂੰਨ ਰੱਦ ਕਰਵਾਏ, ਉਸ ਨਾਲ ਸਾਂਝੇ ਕਿਸਾਨ ਮੋਰਚੇ ਦਾ ਕੱਦ ਪ੍ਰਧਾਨ ਮੰਤਰੀ ਤੋਂ ਵੀ ਉੱਚਾ ਹੋ ਗਿਆ। ਦੇਸ਼ ਵਿਦੇਸ਼ ਦਾ ਮੀਡੀਆ ਡੌਰ-ਭੌਰ ਹੋ ਕੇ ਸਭ ਕੁਝ ਜਗਿਆਸੂ ਨਜ਼ਰਾਂ ਨਾਲ ਦੇਖ ਰਿਹਾ ਸੀ। ਅਨੇਕ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਾਲਮ ਨਵੀਸਾਂ ਨੇ ਲੰਮੇ-ਲੰਮੇ ਲੇਖ ਲਿਖੇ। ਟੀਵੀ ਅਤੇ ਸੋਸ਼ਲ ਮੀਡੀਆ ਦੇ ਪਲੈਟਫਾਰਮਾਂ ਉੱਤੇ ਕਿਸਾਨ ਆਗੂਆਂ ਨਾਲ ਸੰਵਾਦ ਸ਼ੁਰੂ ਹੋਏ। ਇਸੇ ਕਲਮ ਤੋਂ ਅਜਿਹਾ ਵੀ ਲਿਖਿਆ ਗਿਆ ਕਿ ਇਸ ਕਿਸਾਨੀ ਸੰਘਰਸ਼ ਤੋਂ ਹੋਰ ਸੰਘਰਸ਼ ਕਰਦੇ ਤਬਕਿਆਂ ਨੂੰ ਸਫਲਤਾ ਤਕ ਪਹੁੰਚਣ ਦੇ ਗੁਰ ਸਿੱਖਣੇ ਚਾਹੀਦੇ ਹਨ ਪਰ ਇਹ ਨੀਂਦ ਦੀ ਝਪਕੀ ਵਿੱਚ ਆਇਆ ਸੁਫ਼ਨਾ ਜਿਹਾ ਲੱਗਣ ਨੂੰ ਦੇਰ ਨਾ ਲੱਗੀ।

ਕੁਝ ਸੂਬਿਆਂ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਸੀ। ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਚੋਣ ਸਰਗਰਮੀਆਂ ਸ਼ੁਰੂ ਹੋ ਰਹੀਆਂ ਸਨ। ਦਿੱਲੀ ਬਾਰਡਰ ਵਿਹਲੇ ਹੋਣ ਲੱਗੇ। ਚੋਣਾਂ ਬਾਰੇ ਕਿਸਾਨ ਮੋਰਚੇ ਦੀਆਂ ਧਿਰਾਂ ਦੇ ਅਗਾਊਂ ਰਵੱਈਏ ਨੂੰ ਭਾਂਪਦਿਆਂ ਇਸੇ ਕਲਮ ਨੇ ਵਿਚਾਰ ਦਿੱਤਾ ਸੀ ਕਿ ਕਿਸਾਨ ਮੋਰਚੇ ਨੂੰ ਚੋਣਾਂ ਲੜਨ ਦੀ ਥਾਂ ਆਪਣੇ ਚੋਣ ਮੈਨੀਫੈਸਟੋ ਉੱਤੇ ਪੰਜਾਬ ਵਿੱਚ ਚੋਣ ਲੜਾਉਣੀ ਚਾਹੀਦੀ ਹੈ। ਸੁਝਾਅ ਸੀ ਕਿ ਇਸੇ ਚੋਣ ਮੈਨੀਫੈਸਟੋ ਨੂੰ ਅਗਲੇ ਪੰਜ ਸਾਲ ਸੰਘਰਸ਼ਾਂ ਦਾ ਏਜੰਡਾ ਐਲਾਨਣਾ ਚਾਹੀਦਾ ਹੈ। ਇਸ ਦਿਸ਼ਾ ਵਿੱਚ ਚਲਦਿਆਂ ਸਾਂਝੇ ਕਿਸਾਨ ਮੋਰਚੇ ਵਿੱਚ ਪੰਜਾਬ ਦੀ ਸਿਆਸਤ ਦੇ ਭਵਿਖੀ ਬਦਲ ਦੇ ਨੈਣ ਨਕਸ਼ ਦਿਸਣ ਲੱਗ ਪੈਣੇ ਸਨ ਕਿਉਂਕਿ ਕਿਸਾਨਾਂ ਦੇ ਤਿਆਰ ਕੀਤੇ ਚੋਣ ਮੈਨੀਫੈਸਟੋ ਨੇ ਕਿਸਾਨੀ ਦੇ ਮੰਗ ਪੱਤਰ ਦੀ ਥਾਂ ਪੰਜਾਬ ਪ੍ਰਾਂਤ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਅਤੇ ਸੰਭਾਵੀ ਨਤੀਜਿਆਂ ਦਾ ਦਸਤਾਵੇਜ਼ ਹੋਣਾ ਸੀ।

ਉਂਝ, ਇਹ ਸਾਰਾ ਕੁਝ ਬਹੁਤ ਦੂਰ ਦੀ ਕਲਪਨਾ ਬਣ ਕੇ ਰਹਿ ਗਿਆ ਜਦੋਂ ਦਿੱਲੀ ਦੇ ਬਾਰਡਰਾਂ ਤੋਂ ਆਪੋ-ਆਪਣੀ ਦਿਸ਼ਾ ਵੱਲ ਆਪੋ-ਆਪਣੇ ਇਰਾਦਿਆਂ ਨਾਲ ਕਿਸਾਨਾਂ ਨੇ ਵਾਪਸੀ ਚਾਲੇ ਪਾ ਲਏ। ਕਿਸੇ ਨੇ ਕਿਹਾ- ‘ਵੋਟ ਦੀ ਚੋਟ (ਭਾਜਪਾ ਨੂੰ) ਲਗਾਵਾਂਗੇ’। ਕਿਸੇ ਨੇ ਕਿਹਾ- ‘ਅਸੀਂ ਵੋਟਾਂ ਦੀ ਰਾਜਨੀਤੀ ਹੀ ਨਹੀਂ ਕਰਦੇ’। ਕਿਸੇ ਹੋਰ ਨੇ ਕਿਹਾ- ‘ਸਾਨੂੰ ਤਾਂ ਲੋਕ ਵੋਟਾਂ ਦੇ ਭਰੇ ਟੋਕਰੇ ਲੈ ਕੇ ਉਡੀਕ ਰਹੇ ਹਨ, ਅਸੀਂ ਉਨ੍ਹਾਂ ਨੂੰ ਅਗਲੇ ਪੰਜ ਸਾਲ ਤੱਕ ਨਹੀਂ ਉਡੀਕ ਸਕਦੇ’। ਇਉਂ ਤਾਣਾ ਬਾਣਾ ਬਿਖਰ ਗਿਆ। ਨਤੀਜਿਆਂ ਉੱਤੇ ਕੁਝ ਕਹਿਣਾ ਆਪਣੇ ਹੀ ਜ਼ਖ਼ਮ ਕੁਰੇਦਣਾ ਹੋ ਨਿਬੜੇਗਾ।

ਸਾਂਝਾ ਕਿਸਾਨ ਮੋਰਚਾ ਨਾਲ ਨਰਿੰਦਰ ਮੋਦੀ ਦੇ ਕੀਤੇ ਸਮਝੌਤੇ ਵਿੱਚ ਦਰਜ ਫੈਸਲੇ ਜਿਉਂ ਦੇ ਤਿਉਂ ਪਏ ਹਨ। ਕਿਸਾਨਾਂ ਦਾ ਗੁੱਸਾ ਜਾਇਜ਼ ਹੈ ਪਰ ਭਾਜਪਾ ਵਿਰੁੱਧ ਗੁੱਸੇ ਦਾ ਪ੍ਰਗਟਾਓ ਕੋਈ ਸਿੱਟਾ ਨਹੀਂ ਕੱਢੇਗਾ। ਆਪਣੀ ਚਰਚਾ ਨੂੰ ਪੰਜਾਬ ਤੱਕ ਸੀਮਤ ਰੱਖ ਕੇ ਲਿਖਦਿਆਂ ਅੱਜ ਵੀ ਹਾਲਤ ਦਿੱਲੀ ਬਾਰਡਰ ਤੋਂ ਕਿਸਾਨਾਂ ਦੇ ਪਰਤਦਿਆਂ ਵਾਲੀ ਹੀ ਹੈ। ਕੁਝ ਹਰਿਆਣਾ ਬਾਰਡਰ ਉੱਤੇ ਜਾ ਬੈਠੇ ਹਨ। ਕੁਝ ਚੋਣਾਂ ਵਿੱਚ ‘ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ’ ਦੀ ਨੀਤੀ ਉੱਤੇ ਖੜ੍ਹੇ ਹਨ। ਕੁਝ ਭਾਜਪਾ ਦੇ ਉਮੀਦਵਾਰਾਂ ਨੂੰ ਇੱਧਰ ਉੱਧਰ ਘੇਰ ਰਹੇ ਹਨ। ਕਿਧਰੇ-ਕਿਧਰੇ ‘ਆਪ’ ਉਮੀਦਵਾਰ ਵੀ ਨਿਸ਼ਾਨੇ ਹੇਠ ਆ ਜਾਂਦੇ ਹਨ। ਲੱਗਦਾ ਹੈ, 2020-21 ਦੇ ਸੰਘਰਸ਼ ਵਿੱਚੋਂ ਜੋ ਹਾਸਲ ਕੀਤਾ, ਉਹ ਗੁਆਇਆ ਜਾ ਰਿਹਾ ਹੈ। ਸਾਂਝੇ ਕਿਸਾਨ ਮੋਰਚੇ ਨੇ ਤਿੰਨ ਕਾਲੇ ਕਾਨੂੰਨ ਰੱਦ ਹੀ ਨਹੀਂ ਕਰਵਾਏ, ਕੁਝ ਹੋਰ ਮੰਗਾਂ ਉੱਤੇ ਵੀ ‘ਹਾਂ’ ਕਰਵਾਈ ਸੀ। ਇਸ ਸਭ ਕੁਝ ਦੇ ਨਾਲ ਸੰਘਰਸ਼ ਦਾ ਨਵਾਂ ਗੁਰ ਵੀ ਵਿਕਸਤ ਕੀਤਾ ਸੀ। ਇੱਧਰ ਉੱਧਰ ਝੰਡੇ ਚੁੱਕ ਕੇ ਭਾਜਪਾ ਉਮੀਦਵਾਰਾਂ ਦੇ ਘਿਰਾਓ ਵਰਗੇ ਐਕਸ਼ਨਾਂ ਦਾ ਬਿਨਾਂ ਦੇਰੀ ਰਿਵਿਊ ਕਰ ਕੇ ਨਵਾਂ ਪੈਂਤੜਾ ਮੱਲਣਾ ਬਣਦਾ ਹੈ।

ਪੰਜਾਬ ਵਿੱਚ ਲੋਕ ਸਭਾ ਲਈ ਵੋਟਾਂ ਪਹਿਲੀ ਜੂਨ ਨੂੰ ਪੈਣੀਆਂ ਹਨ। 19 ਅਪਰੈਲ ਤੋਂ ਸ਼ੁਰੂ ਲੋਕ ਸਭਾ ਚੋਣਾਂ ਦਾ ਇਹ ਸਿਲਸਿਲਾ ਪੰਜਾਬ ਵਿੱਚ ਵੋਟਾਂ ਪੈਣ ਨਾਲ ਸਮਾਪਤ ਹੋ ਜਾਵੇਗਾ ਅਤੇ ਫਿਰ 4 ਜੂਨ ਨੂੰ ਨਤੀਜੇ ਤੋਂ ਬਾਅਦ ਨਵੀਂ ਸਰਕਾਰ ਐੱਨਡੀਏ ਜਾਂ ਇੰਡੀਆ ਗੱਠਜੋੜ ਵਿਚੋਂ ਕਿਸੇ ਇੱਕ ਦੀ ਬਣਨੀ ਹੈ। ਜਿਹੜਾ ਵੀ ਸਮਝੌਤਾ ਮੋਦੀ ਸਰਕਾਰ ਨਾਲ ਹੋਇਆ ਸੀ, ਉਸ ਉੱਤੇ ਅਗਲੀ ਕਾਰਵਾਈ ਜਿਹੜੀ ਵੀ ਸਰਕਾਰ ਬਣੀ, ਉਸ ਨੇ ਕਰਨੀ ਹੈ। ਇਸ ਲਈ ਹੁਣ ਭਾਜਪਾ ਨੂੰ ਸਬਕ ਇਸ ਤਰ੍ਹਾਂ ਦੇਣਾ ਚਾਹੀਦਾ ਹੈ ਕਿ ਉਹ ਸਬਕ ਹਰ ਸਿਆਸੀ ਪਾਰਟੀ ਲਈ ਹੋ ਨਿਬੜੇ, ਇਹੀ ਸੁਨਹਿਰੀ ਮੌਕਾ ਹੈ।

ਕਿਸਾਨਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਦੇ 2020-21 ਦੇ ਘੋਲ ਵਿੱਚ ਸਾਰੇ ਤਬਕਿਆਂ ਨੇ ਸਾਥ ਦਿੱਤਾ ਸੀ। ਹੁਣ ਮੌਕਾ ਹੈ, ਕਿਸਾਨ ਉਨ੍ਹਾਂ ਸਭਨਾਂ ਵੱਲੋਂ ਉਨ੍ਹਾਂ ਸਭਨਾਂ ਦੀਆਂ ਮੰਗਾਂ ਉੱਤੇ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ। ਯਾਦ ਰਹੇ, ਭਾਰਤੀ ਸੰਵਿਧਾਨ ਹੀ ਉਸ ਸਮੇਂ ਕਿਸਾਨਾਂ ਦੇ ਘੋਲ ਦੀ ਛੱਤਰੀ ਬਣਿਆ ਸੀ ਜਦੋਂ ਸੁਪਰੀਮ ਕੋਰਟ ਨੇ ਸੰਵਿਧਾਨ ਦੇ ਹਵਾਲੇ ਨਾਲ ਦਿੱਲੀ ਬਾਰਡਰ ਖਾਲੀ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਤਿੰਨ ਕਾਲੇ ਕਾਨੂੰਨ ਜਿਸ ਕਾਰਪੋਰੇਟ ਮਾਡਲ ਦੀ ਭੇਟ ਚੜ੍ਹਨੇ ਸਨ, ਉਹ ਕਾਰਪੋਰੇਟ ਮਾਡਲ ਪਹਿਲਾਂ ਹੀ ਬਹੁਤ ਸਾਰੇ ਖੇਤਰਾਂ ਅੰਦਰ ਇਜਾਰੇਦਾਰੀ ਸਥਾਪਤ ਕਰ ਚੁੱਕਾ ਹੈ ਜਿਸ ਦੇ ਸਿੱਟਿਆਂ ਵਿੱਚ ਨੌਜਵਾਨਾਂ ਦੇ ਰੁਜ਼ਗਾਰ, ਨੌਕਰੀਆਂ ਜਾ ਰਹੀਆਂ ਹਨ। ਮਹਿੰਗਾਈ ਦੀ ਵੱਖਰੀ ਮਾਰ ਹੈ। ਇਹ ਸਾਰਾ ਕੁਝ ਕਿਸਾਨ ਅਤੇ ਕਿਸਾਨੀ ਪਰਿਵਾਰ ਹੋਰ ਤਬਕਿਆਂ ਦੇ ਬਰਾਬਰ ਭੁਗਤ ਰਹੇ ਹਨ। ਫਿਰ ਭਾਜਪਾ ਦਾ ਵਿਰੋਧ ਇਕੱਲੇ ਕਿਸਾਨ ਹੀ ਕਿਉਂ ਕਰਨ? ਡਰ ਹੈ ਕਿ ਵਿਰੋਧ ਦਾ ਇਹ ਢੰਗ-ਤਰੀਕਾ ਸਮਾਜ ਦੇ ਦੂਜੇ ਤਬਕਿਆਂ ਨੂੰ ਭਾਜਪਾ ਲਈ ਵੋਟਾਂ ਹਾਸਲ ਕਰਨ ਦੇ ਰਸਤੇ ਨਾ ਖੋਲ੍ਹ ਦੇਵੇ। ਲੋੜਾਂ ਦੀ ਲੋੜ ਤਾਂ ਭਾਜਪਾ ਨੂੰ ਸਮਾਜ ਦੇ ਹਰ ਤਬਕੇ ਤੋਂ ਨਿਖੇੜਨ ਦੀ ਹੈ। ਲੋਕ ਸਭਾ ਦੀ ਚੋਣ ਕਿਸਾਨੀ ਬਨਾਮ ਭਾਜਪਾ ਨਹੀਂ ਹੈ, ਇਹ ਚੋਣ ਭਾਰਤ ਬਨਾਮ ਭਾਜਪਾ ਹੈ। ਕਿਸਾਨ ਜਦੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ ਤਾਂ ਉਨ੍ਹਾਂ ਦੇ ਵਿਰੋਧ ਵਿੱਚ ਇਹ ਚੋਣ ਦੰਗਲ ਭਾਰਤੀ ਲੋਕ ਬਨਾਮ ਭਾਜਪਾ ਹੀ ਨਜ਼ਰ ਪੈਣਾ ਚਾਹੀਦਾ ਹੈ। ਇਸ ਦਿਸ਼ਾ ਵੱਲ ਵਧਣ ਲਈ ਹੇਠਾਂ ਲਿਖੇ ਸੁਝਾਅ ਮਦਦ ਕਰ ਸਕਦੇ ਹਨ:

ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ ਉੱਤੇ ਇਕੱਠੇ ਹੋ ਕੇ ਭਾਜਪਾ ਵਿਰੁੱਧ ਸਾਂਝੀ ਸਮਝ, ਸਾਂਝੇ ਫ਼ੈਸਲੇ ਅਤੇ ਸਾਂਝੇ ਐਕਸ਼ਨ ਤੈਅ ਕਰਨੇ ਚਾਹੀਦੇ ਹਨ। ਅਗਲੇ ਐਕਸ਼ਨ ਸੜਕਾਂ ਦੀ ਥਾਂ ਆਪੋ-ਆਪਣੇ ਪਿੰਡ ਦੀ ਜੂਹ ਵਿੱਚ, ਪਿੰਡ ਦੀ ਫਿਰਨੀ ਉੱਤੇ ਲਿਆਓ। ਭਾਜਪਾ ਉਮੀਦਵਾਰ ਨੂੰ ਫਿਰਨੀ ਉੱਤੇ ਰੋਕਣ ਤੋਂ ਪਹਿਲਾਂ ਅਤੇ ਬਾਅਦ ਪਿੰਡ ਵਿੱਚ ਵਸਦੇ ਹਰ ਪਰਿਵਾਰ ਤੱਕ ਪਹੁੰਚ ਕਰ ਕੇ ਆਪਣੇ ਐਕਸ਼ਨਾਂ ਦੀ ਵਾਜਬੀਅਤ ਸਮਝਾਉਣੀ ਪਏਗੀ। ਕਿਸਾਨਾਂ ਵੱਲੋਂ ਭਾਜਪਾ ਦਾ ਵਿਰੋਧ ਸਮੁੱਚੇ ਪਿੰਡ ਦਾ ਵਿਰੋਧ ਬਣਨਾ ਚਾਹੀਦਾ ਹੈ। ਇਹ ਕਾਰਜ ਵੋਟਰ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਸਹਾਈ ਹੋਵੇਗਾ। ਮੌਕਾ ਹੈ ਕਿ ਲੋਕ ਰਾਜ ਦੀ ਰਾਖੀ ਲਈ ਵੋਟਰਾਂ ਨੂੰ ਜਿਹੜੀ ਸਿੱਖਿਆ ਸਿਆਸੀ ਪਾਰਟੀਆਂ ਨਹੀਂ ਦਿੰਦੀਆਂ, ਉਹ ਕਿਸਾਨ ਦੇ ਸਕਣਗੇ। ਕਿਸਾਨਾਂ ਦੇ ਸਾਂਝੇ ਮੰਚ ਵੋਟਰਾਂ ਲਈ ਸਾਂਝੀ ਅਪੀਲ ਲਿਖਤੀ ਰੂਪ ਵਿੱਚ ਘਰ-ਘਰ ਪਹੁੰਚਾਉਣ। ਸ਼ਹਿਰਾਂ ਦੇ ਸਬੰਧ ਵਿੱਚ ਐਕਸ਼ਨ ਸਾਂਝੇ ਮੋਰਚੇ ਦੀ ਬੈਠਕ ਵਿੱਚ ਵਿਚਾਰੇ ਜਾ ਸਕਦੇ ਹਨ ਪਰ ਜੇ ਪਿੰਡਾਂ ਦੀ ਕਿਲ੍ਹੇਬੰਦੀ ਹੋ ਗਈ ਤਾਂ ਸ਼ਹਿਰੀ ਵੋਟਰ ਖ਼ੁਦ-ਬਖ਼ੁਦ ਇਸ ਰਾਹ ਉੱਤੇ ਚੱਲ ਪੈਣਗੇ। ਯਾਦ ਰੱਖੀਏ, ਸਰਕਾਰ ਜਿਹੜੀ ਵੀ ਬਣੇ, ਸੰਘਰਸ਼ ਕਰਨੇ ਹੀ ਪੈਣੇ ਹਨ। ਜਿੱਤ ਸਾਂਝੇ ਸੰਘਰਸ਼ਾਂ ਦੀ ਹੀ ਹੋਵੇਗੀ। ਪਿੰਡ ਤੋਂ ਤਹਿਸੀਲ, ਜ਼ਿਲ੍ਹਾ ਅਤੇ ਸੂਬਾ ਪੱਧਰ ਦੇ ਹਰ ਆਗੂ ਨੂੰ ਇਨ੍ਹੀਂ ਦਿਨੀਂ ਮੀਡੀਆ ਵਿੱਚ ਰਹਿਣਾ ਪਵੇਗਾ।

ਕਿਸਾਨਾਂ ਦਾ ਭਾਜਪਾ ਉਮੀਦਵਾਰਾਂ ਦੇ ਵਿਰੋਧ ਦਾ ਚਲ ਰਿਹਾ ਢੰਗ-ਤਰੀਕਾ ਚੋਣ ਨਤੀਜਿਆਂ ਵਿੱਚ ਕਿਸਾਨ ਆਗੂਆਂ ਨੂੰ ਨਮੋਸ਼ੀ ਵੀ ਲਿਆ ਸਕਦਾ ਹੈ। ਵਿਰੋਧ ਦਾ ਟੀਚਾ ਭਾਜਪਾ ਉਮੀਦਵਾਰਾਂ ਦਾ ਮੁਕੰਮਲ ਸਫਾਇਆ ਹੋਣਾ ਚਾਹੀਦਾ ਹੈ। ਅਕਾਲੀ, ਕਾਂਗਰਸੀ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਭਾਜਪਾ ਵੱਲ ਜਾਣ ਦਾ ਸਿਲਸਿਲਾ ਜੇ ਅੱਜ ਵੀ ਕਾਇਮ ਹੈ ਤਾਂ ਸਪਸ਼ਟ ਹੈ ਕਿ ਕਿਸਾਨ ਭਾਜਪਾ ਦਾ ਕੁਝ ਨਹੀਂ ਵਿਗਾੜ ਰਹੇ। ਇਸ ਸੰਕੇਤ ਨੂੰ ਪੜ੍ਹਨਾ ਅਤੇ ਸਮਝਣਾ ਜ਼ਰੂਰੀ ਹੈ। ਕਿਸਾਨਾਂ ਦਾ ਭਾਜਪਾ ਦੇ ਵਿਰੋਧ ਦਾ ਮੌਜੂਦਾ ਢੰਗ-ਤਰੀਕਾ ਇਨ੍ਹਾਂ ਦਲ ਬਦਲੂਆਂ ਨੇ ਨਾਪ-ਤੋਲ ਲਿਆ ਜਾਪਦਾ ਹੈ। ਇਨ੍ਹਾਂ ਦਲ ਬਦਲੂਆਂ ਦਾ ਫ਼ੈਸਲਾ ਹੈ ਕਿ ਕਿਸਾਨਾਂ ਦੇ ਵਿਰੋਧ ਦਾ ਇਹ ਤਰੀਕਾ ਜੋਸ਼ ਹੀਣ ਹੋ ਕੇ ਥੱਕ ਜਾਏਗਾ ਅਤੇ ਪੇਤਲਾ ਪੈ ਜਾਏਗਾ ਕਿਉਂਕਿ ਵਿਚਾਰਧਾਰਾ ਤੋਂ ਸੱਖਣੀ ਅਤੇ ਖੰਡਤ ਲੜਾਈ ਗਲੀ ਮੁਹੱਲੇ ਵਰਗੀ ‘ਤੂੰ ਤੂੰ ਮੈਂ ਮੈਂ’ ਵਿੱਚ ਬਦਲ ਕੇ ਠੁੱਸ ਹੋ ਜਾਂਦੀ ਹੈ। ਲੋੜ ਭਾਜਪਾ ਵਿਰੁੱਧ ਵਿਚਾਰਧਾਰਕ ਵਿਰੋਧ ਦੀ ਹੈ। ਦਲ ਬਦਲੂ ਸੱਭਿਆਚਾਰ ਨੂੰ ਵੀ ਜੇ ਨਿਸ਼ਾਨੇ ਉੱਤੇ ਰੱਖ ਲਿਆ ਜਾਵੇ ਤਾਂ ਅਜਿਹੇ ਵਿਰੋਧ ਪਿੱਛੇ ਪੰਜਾਬੀਅਤ ਵੀ ਦਿਸੇਗੀ ਅਤੇ ਲੋਕਤੰਤਰ ਬਾਰੇ ਲੋਕਾਂ ਨੂੰ ਗਿਆਨ ਵੀ ਮਿਲੇਗਾ।

# ਸੌਖਾ ਨਹੀਂ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਣਨ ਦਾ ਸਫ਼ਰ

ਗੁਰਮੀਤ ਸਿੰਘ ਪਲਾਹੀ
9815802070

ਦੁਨੀਆਂ ਵਿੱਚ ਇਸ ਸਮੇਂ ਸੰਯੁਕਤ ਰਾਸ਼ਟਰ ਸੰਘ ਅਨੁਸਾਰ ਗਿਆਰਾਂ ਦੇਸ਼, ਵਿਕਸਤ ਦੇਸ਼ ਹਨ। ਇਹਨਾਂ ਵਿੱਚ ਮੁੱਖ ਤੌਰ 'ਤੇ ਯੂਰਪੀ ਦੇਸ਼ ਹਨ, ਜਿਹੜੇ ਉਦਯੋਗਿਕ ਰੂਪ 'ਚ ਵਿਕਸਤ ਹਨ। ਭਾਰਤ ਨੇ ਜੇਕਰ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਬਨਣਾ ਹੈ ਤਾਂ ਉਸਨੂੰ ਔਖਾ ਸਫ਼ਰ ਤਹਿ ਕਰਨਾ ਹੋਵੇਗਾ।

ਭਾਰਤ ਨੇ 2047 ਤੱਕ ਵਿਕਸਤ ਦੇਸ਼ ਬਨਣ ਦਾ ਸੰਕਲਪ ਲਿਆ ਹੈ। ਮੌਜੂਦਾ ਚੋਣਾਂ 'ਚ ਵੀ ਹਾਕਮ ਧਿਰ ਭਾਜਪਾ ਵਿਕਸਤ ਦੇਸ਼ ਦੇ ਸੰਕਲਪ ਨੂੰ ਇੱਕ ਨਾਰ੍ਹੇ ਵਜੋਂ ਵਰਤ ਰਹੀ ਹੈ। ਜੇਕਰ ਭਾਰਤ ਨੇ 2047 ਤੱਕ ਵਿਕਸਤ ਦੇਸ਼ ਦਾ 'ਖਿਤਾਬ' ਪ੍ਰਾਪਤ ਕਰਨਾ ਹੈ ਤਾਂ ਉਸਨੂੰ ਲਗਾਤਾਰ 8 ਫੀਸਦੀ ਤੋਂ 9 ਫੀਸਦੀ ਸਲਾਨਾ ਵਿਕਾਸ ਦਰ ਪ੍ਰਾਪਤ ਕਰਨੀ ਪਵੇਗੀ। 10 ਅਪ੍ਰੈਲ 2024 ਨੂੰ ਏਸ਼ੀਆਈ ਵਿਕਾਸ ਬੈਂਕ ਨੇ ਸਾਲ 2024-25 ਲਈ ਭਾਰਤ ਦੀ ਜੀਡੀਪੀ ਦਰ 7 ਫੀਸਦੀ ਦਾ ਅਨੁਮਾਨ ਦਿੱਤਾ ਹੈ। ਤਾਂ ਫਿਰ ਕਿਵੇਂ ਆਉਂਦੇ 23 ਸਾਲਾਂ 'ਚ ਭਾਰਤ ਆਪਣੀ ਪ੍ਰਤੀ ਜੀਅ ਔਸਤ ਸਲਾਨਾ ਆਮਦਨ 2600 ਡਾਲਰ ਤੋਂ ਵਧਾਕੇ 12000 ਡਾਲਰ ਕਰੇਗਾ? ਭਾਰਤ ਨੂੰ ਆਰਥਿਕ ਸੁਧਾਰਾਂ ਦੀ ਲੋੜ ਹੈ। ਭਾਰਤ ਨੂੰ ਖੇਤੀ ਅਤੇ ਮਜ਼ਦੂਰੀ ਸੁਧਾਰਾਂ 'ਚ ਅੱਗੇ ਵਧਣਾ ਹੋਏਗਾ। ਭਾਰਤ ਨੂੰ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ ਪਵੇਗਾ। ਭਾਰਤ ਵਿੱਚ ਸੰਸਕ੍ਰਿਤ ਅਤੇ ਰਾਸ਼ਟਰੀ ਵਿਕਾਸ ਦੇ ਮੁੱਲ ਸਥਾਪਤ ਕਰਨੇ ਹੋਣਗੇ। ਭਾਰਤ ਨੂੰ ਸਿੱਖਿਆ, ਸਿਹਤ ਦੇ ਖੇਤਰਾਂ 'ਚ ਗੁਣਾਂ ਪੱਖੋਂ ਪੌੜਾਂ ਪਾਉਣੀਆਂ ਪੈਣਗੀਆਂ ਅਤੇ ਸਭ ਤੋਂ ਵੱਧ ਇਹ ਕਿ ਉਸ ਨੂੰ ਦੇਸ਼ 'ਚੋਂ ਗਰੀਬੀ, ਭ੍ਰਿਸ਼ਟਾਚਾਰ ਖ਼ਤਮ ਕਰਕੇ ਸਿਆਸੀ ਸਥਿਰਤਾ ਨਾਲ ਅੱਗੇ ਕਦਮ ਪੁੱਟਣੇ ਹੋਣਗੇ।



ਪਰ ਕੀ ਇਸ ਸਮੇਂ, ਦੇਸ਼ ਦੇ ਮੌਜੂਦਾ ਹਾਲਤਾਂ ਵਿੱਚ 'ਦੇਸ਼ ਭਾਰਤ' ਇਹ ਚਣੌਤੀਆਂ ਪ੍ਰਵਾਨ ਕਰਨ ਲਈ ਤਿਆਰ ਹੈ?

ਸੰਯੁਕਤ ਰਾਸ਼ਟਰ ਸੰਘ ਵੱਲੋਂ ਜਾਰੀ ਕੀਤੀ ਗਈ ਮਾਨਵ ਵਿਕਾਸ ਸੂਚਾਂਕ (ਐਮ.ਡੀ. ਆਈ.) ਰਿਪੋਰਟ ਅਨੁਸਾਰ ਭਾਰਤ 193 ਦੇਸ਼ਾਂ ਵਿਚੋਂ 134ਵੇਂ ਥਾਂ ਹੈ। ਵਿਸ਼ਵ ਖੁਸ਼ਹਾਲੀ ਰਿਪੋਰਟ 2024 'ਚ ਭਾਰਤ ਨੂੰ 143 ਦੇਸ਼ਾਂ ਵਿਚੋਂ 126 ਵਾਂ ਥਾਂ ਮਿਲਿਆ ਹੈ। ਜੀਡੀਪੀ ਦੇ ਅਨੁਪਾਤ ਵਿੱਚ ਦੇਸ਼ ਦਾ ਖੋਜ ਅਤੇ ਵਿਕਾਸ ਖੇਤਰ ਵਿੱਚ ਕੁਲ ਖਰਚ ਕੇਵਲ 0.64 ਫੀਸਦੀ ਹੈ ਜਦਕਿ ਵਿਸ਼ਵ ਪੱਧਰ 'ਤੇ ਇਹ ਅਨੁਪਾਤ 2.71 ਹੈ, ਜੋ ਕਿ ਵਿਸ਼ਵ ਪੱਧਰ 'ਤੇ ਕਾਫੀ ਘੱਟ ਹੈ। ਭਾਵੇਂ ਭਾਰਤ ਇਸ ਸਮੇਂ ਜੀਡੀਪੀ ਦੇ ਮੱਦੇਨਜ਼ਰ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਭਾਰਤ ਤੋਂ ਅੱਗੇ ਅਮਰੀਕਾ, ਚੀਨ, ਜਰਮਨ ਤੇ ਜਪਾਨ ਹਨ, ਪਰ ਦੇਸ਼ 'ਚ ਭੁੱਖਮਰੀ ਦੀ ਹਾਲਤ ਚਿੰਤਾਜਨਕ ਹੈ।

ਵਰਲਡ ਪਵਰਟੀ ਇੰਡੈਕਸ ਅਨੁਸਾਰ ਭੁੱਖਮਰੀ 'ਚ ਭਾਰਤ 125 ਦੇਸ਼ਾਂ ਵਿੱਚੋਂ 111 ਵੇਂ ਥਾਂ 'ਤੇ ਹੈ। ਲੀਗ ਆਫ਼ ਨੈਸ਼ਨਲਜ਼ ਦੇ ਦੇਸ਼ਾਂ ਵਿੱਚ ਪ੍ਰਤੀ ਜੀਅ ਆਮਦਨ ਦੇ ਮਾਮਲੇ 'ਚ ਭਾਰਤ ਦੀ ਥਾਂ 139 ਵੀਂ ਹੈ ਅਤੇ ਇਹ ਬਰਿਕਸ ਅਤੇ ਜੀ-20 ਦੇਸ਼ਾਂ 'ਚ ਇਸ ਮਾਮਲੇ 'ਚ ਫਾਡੀ ਹੈ।

ਭਾਵੇਂ ਕਿ ਕਿਹਾ ਇਹ ਵੀ ਜਾ ਰਿਹਾ ਹੈ ਕਿ ਪਿਛਲੇ ਦਹਾਕੇ 'ਚ ਗਰੀਬਾਂ ਦੀ ਗਿਣਤੀ 'ਚ ਭਾਰਤ 'ਚ ਕਮੀ ਆਈ ਹੈ ਅਤੇ ਇੱਕ ਰਿਪੋਰਟ ਅਨੁਸਾਰ ਭਾਰਤ 'ਚੋਂ 15 ਕਰੋੜ ਗਰੀਬ ਘਟੇ ਹਨ, ਪਰ 80 ਕਰੋੜ ਤੋਂ ਵੱਧ ਗਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇਣਾ ਆਖ਼ਿਰ ਕੀ ਦਰਸਾਉਂਦਾ ਹੈ? ਕੀ ਇਹ ਭਾਰਤ ਦੇਸ਼ ਦੀ ਤਰੱਕੀ ਦਾ ਚਿੰਨ੍ਹ ਹੈ ਕਿ 19 ਕਰੋੜ ਤੋਂ ਵੱਧ ਔਰਤਾਂ ਸ਼ਸ਼ਕਤੀਕਰਨ ਦੇ ਮੌਕੇ ਦੀ ਭਾਲ ਵਿੱਚ ਹਨ, ਪਰ ਘਰੀਂ ਬੇਕਾਰ ਬੈਠੀਆਂ ਹਨ।

ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ ਵਿੱਤੀ ਅਤੇ ਬੁਨਿਆਦੀ ਸੁਧਾਰਾਂ 'ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਊਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ 'ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ 'ਤੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ 'ਚ ਸਿਆਸੀ ਸਥਿਰਤਾ, ਵਿਕਾਸ ਨੂੰ ਹੁਲਾਰਾ ਦੇਣ 'ਚ ਸਹਾਈ ਹੁੰਦੀ ਹੈ।

ਇਸ ਸਮੇਂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਭਾਰਤੀ ਅਰਥ ਵਿਵਸਥਾ ਬਾਹਰੀ ਝਟਕਿਆਂ ਨੂੰ ਸਹਿਣਯੋਗ ਹੋਈ ਹੈ? ਕਿਉਂਕਿ ਬਾਹਰੀ ਝਟਕਿਆਂ ਤੋਂ ਉਭਾਰ ਹੀ ਕਿਸੇ ਦੇਸ਼ ਦੇ ਟਿਕਾਊ ਵਿਕਾਸ ਲਈ ਸਹਾਈ ਹੁੰਦਾ ਹੈ। ਬਿਨ੍ਹਾਂ ਸ਼ੱਕ ਤੇਜੀ ਨਾਲ ਵਧਦੇ ਭਾਰਤੀ ਬਜ਼ਾਰ ਦੇ ਕਾਰਨ ਭਾਰਤ ਦੇ ਮੁਕਤ ਵਪਾਰ ਸਮਝੌਤੇ (ਐਫ.ਟੀ.ਏ.) ਵਧ ਰਹੇ ਹਨ। ਪ੍ਰਵਾਸੀ ਭਾਰਤੀ ਲਗਾਤਾਰ ਬਾਹਰੋਂ ਧਨ ਭੇਜ ਰਹੇ ਹਨ, ਆਰਥਿਕ ਵਿਕਾਸ ਨੂੰ ਵੀ ਗਤੀ ਮਿਲ ਰਹੀ ਹੈ, ਪਰ ਦੇਸ਼ ਦੀ ਜੀਡੀਪੀ ਵਧਾਉਣ ਦੇ ਨਾਲ ਨਾਲ ਕੀ ਪ੍ਰਤੀ ਜੀਅ ਆਮਦਨ ਅਤੇ ਆਮ ਆਦਮੀ ਦੀ ਖੁਸ਼ਹਾਲੀ ਉਤੇ ਇਸ ਦਾ ਅਸਰ ਪੈ ਰਿਹਾ ਹੈ?

ਕੁਝ ਤੱਥ ਵਿਚਾਰਨ ਯੋਗ ਹਨ। ਕੌਮੀ ਸਿਹਤ ਅਥਾਰਿਟੀ ਦਾ ਪੋਰਟਲ ਖੁਦ ਇਹ ਮੰਨਦਾ ਹੈ ਕਿ ਹਰੇਕ ਸਾਲ ਸਿਹਤ 'ਤੇ ਵਧ ਰਿਹਾ ਖ਼ਰਚ ਤਕਰੀਬਨ ਛੇ ਕਰੋੜ ਭਾਰਤੀਆਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ।

ਦੂਜਾ ਕਿਸਾਨ ਭਾਈਵਾਰੇ ਦੀਆਂ ਕਈ ਪੀੜ੍ਹੀਆਂ ਨੂੰ ਮੈਕਰੋ/ ਵਿਆਪਕ ਅਰਥਚਾਰੇ ਦੇ ਮਿਆਦ ਪੁਗਾ ਚੁਕੇ ਢਾਂਚੇ ਕਾਰਨ ਗਰੀਬੀ ਭੋਗਣੀ ਪੈ ਰਹੀ ਹੈ। ਆਮਦਨ ਵਿੱਚ ਖੜੋਤ ਦਿਖਾਈ ਦੇ ਰਹੀ ਹੈ।

ਦਿਹਾਤੀ ਉਜਰਤਾਂ ਪਿਛਲੇ 10 ਸਾਲਾਂ 'ਚ ਲਗਭਗ ਨਾਂਹ ਦੇ ਬਰਾਬਰ ਵਧੀਆਂ ਹਨ, ਜਿਸ ਕਾਰਨ ਲੋਕ ਗੈਰ-ਜ਼ਮਾਨਤੀ ਨਿੱਜੀ ਕਰਜ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਵਧ ਰਹੇ ਵਿੱਤੀ ਦਬਾਅ, ਬੈਂਕ ਕਰਜ਼ਿਆਂ ਦੀ ਲੋੜ ਪੈਦਾ ਕਰ ਰਹੇ ਹਨ। ਕਿਸਾਨ ਆਪਣੇ ਖੇਤ ਗਿਰਵੀ ਰੱਖ ਰਹੇ ਹਨ। ਇਹ ਸਿਰਫ਼ ਅਸਮਾਨ ਛੂੰਹਦੇ ਖੁਰਾਕੀ ਖਰਚਿਆਂ ਕਾਰਨ ਨਹੀਂ, ਸਗੋਂ ਸਿਹਤ, ਸਿੱਖਿਆ ਅਤੇ ਅਵਾਸ ਉਤੇ ਨਿਰੰਤਰ ਵਧੇ ਖ਼ਰਚਿਆਂ ਦਾ ਨਤੀਜਾ ਹਨ।

ਵਿਸ਼ਵ ਬੈਂਕ ਵੱਲੋਂ ਭਾਰਤ ਨੂੰ 'ਲੋਅਰ ਮਿਡਲ ਇਨਕਮ ਗਰੁੱਪ' (ਹੇਠਲੇ ਮੱਧ ਆਮਦਨ ਗਰੁੱਪ) ਵਿੱਚ ਰੱਖਿਆ ਗਿਆ ਹੈ, ਜਿਸ ਦੀ ਪ੍ਰਤੀ ਨਿਵਾਸੀ ਔਸਤ ਆਮਦਨ ਘੱਟ ਹੈ ਅਤੇ ਵਧੀਆ ਸਿਹਤ ਸੇਵਾਵਾਂ ਅਤੇ ਉੱਚ ਸਿੱਖਿਆ ਦੀ ਪਹੁੰਚ ਅਤਿ ਸੀਮਤ ਹੈ। ਇਥੋਂ ਦੀ ਸਾਖਰਤਾ ਦਰ ਵਿਕਸਤ ਦੇਸ਼ ਦੇ ਮੁਕਾਬਲੇ ਘੱਟ ਹੈ ਅਤੇ ਦੇਸ਼ ਉਦਯੋਗਿਕ ਖੇਤਰ ਤੋਂ ਉਤਨਾ ਮਾਲੀਆ ਪੈਦਾ ਨਹੀਂ ਕਰਦਾ ਜਿੰਨਾ ਸੇਵਾ ਖੇਤਰ ਤੋਂ ਕਰਦਾ ਹੈ।

ਵਿਕਸਤ ਦੇਸ਼ ਅਰਥਾਤ ਉਦਯੋਗਿਕ ਦੇਸ਼ ਉਹ ਗਿਣੇ ਜਾਂਦੇ ਹਨ, ਜਿਹਨਾ ਦੀ ਉੱਚੀ ਵਿਕਾਸ ਦਰ ਹੈ। ਜਿਥੇ ਅਧਿਕ ਵਿਕਸਤ ਲੋਕਤੰਤਰ ਹੈ ਅਤੇ ਜਿਹੜਾ ਸਭ ਤੋਂ ਵੱਧ ਇਨਸਾਫ਼ ਪਸੰਦ ਹੈ। ਇਸ ਸ਼੍ਰੇਣੀ ਵਿੱਚ ਦੁਨੀਆਂ ਦਾ ਸਭ ਤੋਂ ਪਹਿਲਾ ਦੇਸ਼ ਨਾਰਵੇ ਹੈ, ਜਿਸਨੂੰ ਲੋਕਤੰਤਰੀ ਕਦਰਾਂ ਕੀਮਤਾਂ ਵਾਲਾ ਨਿਆਇਕ ਦੇਸ਼ ਮੰਨਿਆ ਜਾਂਦਾ ਹੈ। ਅਮਰੀਕਾ, ਬਰਤਾਨੀਆ, ਜਪਾਨ, ਜਰਮਨੀ, ਕੈਨੇਡਾ, ਫਰਾਂਸ, ਰੂਸ, ਅਸਟਰੇਲੀਆ, ਇਟਲੀ, ਸਵੀਡਨ ਅਤੇ ਸਵਿੱਟਰਜਲੈਂਡ ਵੀ ਇਸੇ ਸ਼੍ਰੇਣੀ ਦੇ ਭਾਵ ਵਿਕਸਤ ਦੇਸ਼ ਹਨ।

ਭਾਵੇਂ ਆਈ ਐਮ ਐਫ ਦੇ ਅਨੁਸਾਰ ਭਾਰਤ ਦੀ ਇਸ ਵਕਤ ਜੀਡੀਪੀ 3.74 ਟ੍ਰਿਲੀਅਨ ਡਾਲਰ ਹੈ, ਪਰ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਨਿਆਇਕ ਦੇਸ਼ ਪੱਖੋਂ ਇਸ ਦੇਸ਼ 'ਤੇ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਸਵਾਲ ਉਠ ਰਹੇ ਹਨ।

ਦੇਸ਼ ਵਿਸ਼ਵ ਗੁਰੂ ਦਾ ਲਕਬ ਵਰਤ ਰਿਹਾ ਹੈ, ਪਰ ਮਹਿੰਗਾਈ, ਬੇਰੁਜ਼ਗਾਰੀ, ਆਰਥਿਕ ਨਾਬਰਾਬਰੀ ਦਾ ਸ਼ਿਕੰਜਾ ਦੇਸ਼ ਉਤੇ ਸਿਖ਼ਰਾਂ ਦਾ ਹੈ। ਨਫ਼ਰਤੀ ਵਰਤਾਰੇ, ਨਫ਼ਰਤੀ ਭਾਸ਼ਨ, ਧਰਮ ਧਰੁਵੀਕਰਨ ਦੀ ਸਿਆਸਤ ਨੇ ਦੇਸ਼ ਦਾ ਨਾਂਅ, ਲੋਕਤੰਤਰੀ ਕਦਰਾਂ ਕੀਮਤਾਂ 'ਚ ਧੁੰਦਲਾ ਕੀਤਾ ਹੈ। ਦੇਸ਼ 'ਚ ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਘੱਟ ਗਿਣਤੀਆਂ ਸਮੇਤ ਮੁਸਲਮਾਨਾਂ ਨਾਲ ਵਿਵਹਾਰ ਹਾਕਮਾਂ ਦੇ ਵੰਡ ਪਾਊ ਰਵੱਈਏ ਦੀ ਵੱਡੀ ਉਦਾਹਰਨ ਹਨ।

ਦੇਸ਼ ਵਿੱਚ ਜਿਸ ਢੰਗ ਨਾਲ ਫਿਰਕੂ ਨਫ਼ਰਤ, ਆਪਸੀ ਬੇਭਰੋਸਗੀ, ਸ਼ੱਕ -ਸ਼ੁਬਹਾ ਅਤੇ ਜ਼ਹਿਰ ਵਧ ਰਿਹਾ ਹੈ, ਉਹ ਕਿਸੇ ਵੀ ਨਿਆਇਕ ਮੁਲਕ ਵਿੱਚ ਤਰਕ ਸੰਗਤ ਨਹੀਂ, ਸਗੋਂ ਅਨਿਆ ਹੈ, ਬੇਇੰਨਸਾਫੀ ਹੈ।

ਦੇਸ਼ ਵਿੱਚ ਬਦਲਦੀਆਂ ਡਿਕਟੇਟਰਾਨਾ ਸਮੀਕਰਨਾਂ ਕਾਰਨ ਨਵੀਆਂ ਸਮੱਸਿਆਵਾਂ, ਮੁੱਦੇ ਅਤੇ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਹਨ।

(ਬਾਕੀ ਸਫ਼ਾ 31 'ਤੇ)

# ਪੰਜਾਬ ਦੇ ਦਲਿਤ ਭਾਈਚਾਰੇ ਨਾਲ ਸਿਆਸੀ ਤੇ ਸਮਾਜਿਕ ਵਧੀਕੀ ਦਾ ਮਾਮਲਾ

ਵਿਨਾਇਕ ਦੱਤ

ਕਈ ਲੋਕ ਕਹਿੰਦੇ ਹਨ ਕਿ ਪੰਜਾਬ ਦੇ ਭਵਿੱਖ ਦੀ ਗੱਲ ਕਰੋ, ਪਰ ਧਰਮ ਅਤੇ ਜਾਤ ਦੀ ਗੱਲ ਨਾ ਕਰੋ, ਭਲਾ ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਸੂਬੇ ਦੇ ਮੁਸਤਕਬਿਲ ਦੀ ਗੱਲ ਹੋਵੇ, ਪਰ ਉੱਥੇ ਰਹਿਣ ਵਾਲੇ ਬਾਸ਼ਿੰਦਿਆਂ ਦੀ ਗੱਲ ਨਾ ਹੋਵੇ। ਅਸੀਂ ਉਸ ਸਮੇਂ 'ਚ ਰਹਿੰਦੇ ਹਾਂ, ਜਦੋਂ ਅਸੀਂ ਆਪਣੇ ਬੱਚਿਆਂ ਦੇ ਵਿਆਹ ਦੀ ਗੱਲ ਕਰਨੀ ਹੋਵੇ ਤਾਂ ਸਾਹਮਣੇ ਵਾਲੇ ਦਾ ਧਰਮ ਅਤੇ ਜਾਤ ਜ਼ਰੂਰ ਪੁੱਛਦੇ ਹਾਂ ਅਤੇ ਵੇਖਦੇ ਹਾਂ, ਭਾਵੇਂ ਇਹ ਰੁਝਾਨ ਪਹਿਲਾਂ ਨਾਲੋਂ ਘੱਟ ਹੈ, ਪਰ ਹਾਲੇ ਵੀ ਸਮਾਜ 'ਚ ਮੌਜੂਦ ਹੈ। ਭਾਰਤ ਅਤੇ ਪੰਜਾਬ 'ਚ ਵੀ ਉੱਚੀਆਂ ਜਾਤਾਂ 'ਚ ਘੱਟ ਗਰੀਬੀ ਹੈ ਅਤੇ ਦਲਿਤ ਵਰਗ ਵਿਚ ਜ਼ਿਆਦਾ ਗਰੀਬੀ ਹੈ। ਕੇਂਦਰ ਸਰਕਾਰ ਨੇ 2021 ਵਾਲੀ ਮਰਦਮਸ਼ੁਮਾਰੀ ਨਹੀਂ ਕਾਰਵਾਈ, ਜੋ ਪਿਛਲੇ 120 ਸਾਲ ਤੋਂ ਹਰ 10 ਸਾਲ ਬਾਅਦ ਲਗਾਤਾਰ ਹੁੰਦੀ ਆ ਰਹੀ ਹੈ। ਇਨ੍ਹਾਂ ਅੰਕੜਿਆਂ ਦੀ ਗੈਰ-ਹਾਜ਼ਰੀ 'ਚ ਪਿਛਲੀ ਮਰਦਮਸ਼ੁਮਾਰੀ ਅਤੇ ਉਸ 'ਚੋਂ 2016 'ਚ ਜਾਤ ਆਧਾਰਿਤ ਇਕੱਠੇ ਕੀਤੇ ਗਏ ਅੰਕੜਿਆਂ 'ਤੇ ਹੀ ਨਿਰਭਰ ਰਹਿਣਾ ਪਵੇਗਾ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ ਸਿਰਫ਼ 3.7 ਫ਼ੀਸਦੀ ਦਲਿਤ ਪਰਿਵਾਰਾਂ ਕੋਲ ਖੇਤੀਯੋਗ ਜ਼ਮੀਨ ਹੈ, ਜਦਕਿ ਖੇਤ ਮਜ਼ਦੂਰਾਂ ਵਿਚੋਂ 87 ਫ਼ੀਸਦੀ ਲੋਕ ਦਲਿਤ ਜਾਤਾਂ ਨਾਲ ਸੰਬੰਧ ਰੱਖਦੇ ਹਨ। ਪੰਜਾਬ 'ਚ ਦਲਿਤ ਭਾਈਚਾਰੇ ਵਿਚ ਸਾਖ਼ਰਤਾ ਦਰ ਕਰੀਬ 65 ਫ਼ੀਸਦੀ ਹੈ, ਜਦਕਿ ਪੰਜਾਬ ਦੀ ਸਮੁੱਚੇ ਤੌਰ 'ਤੇ ਸਾਖ਼ਰਤਾ ਦਰ 76 ਫ਼ੀਸਦੀ ਹੈ।

ਹੁਣ ਜੇ ਭਾਰਤ ਸਰਕਾਰ ਦੇ ਅੰਕੜਿਆਂ ਦੀ ਮੰਨੀਏ ਤਾਂ ਪੰਜਾਬ ਦੇ ਪਿੰਡਾਂ 'ਚ ਰਹਿਣ ਵਾਲੇ ਜ਼ਿਆਦਾਤਰ ਲੋਕਾਂ ਦੀ ਆਰਥਿਕ ਸਥਿਤੀ ਖ਼ਰਾਬ ਹੈ, ਪਰ ਜੇਕਰ ਪਿੰਡਾਂ 'ਚ ਰਹਿਣ ਵਾਲੇ ਦਲਿਤਾਂ ਦੀ ਹਾਲਤ ਵੇਖੀਏ ਤਾਂ ਉਨ੍ਹਾਂ ਦੀ ਸਥਿਤੀ ਬਾਕੀਆਂ ਨਾਲੋਂ ਵੀ ਕਿਤੇ ਜ਼ਿਆਦਾ ਖ਼ਰਾਬ ਹੈ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੇ ਦਲਿਤ ਭਾਈਚਾਰੇ ਦੇ ਲੋਕਾਂ 'ਚੋਂ 31.86 ਫ਼ੀਸਦੀ ਲੋਕ ਅੱਜ ਵੀ ਆਪਣੇ ਹਸਤਾਖ਼ਰ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ ਅਤੇ ਅੱਜ ਵੀ ਅੰਗੂਠਾ ਹੀ ਲਗਾਉਂਦੇਹਨ। ਪਿੰਡਾਂ 'ਚ ਰਹਿਣ ਵਾਲੇ ਦਲਿਤ ਭਾਈਚਾਰੇ 'ਚੋਂ 9.57 ਫ਼ੀਸਦੀ ਲੋਕ ਆਪਣਾ ਨਾਂਅ ਲਿਖ ਸਕਦੇ ਹਨ, ਬੁਨਿਆਦੀ ਅੰਕ ਪੜ੍ਹ ਸਕਦੇ ਹਨ ਪਰ ਜੋੜ-ਘਟਾਅ ਜਾਂ ਹੋਰ ਰੋਜ਼ਮਰ੍ਹਾ ਦੇ ਬੁਨਿਆਦੀ ਕੰਮ ਨਹੀਂ ਕਰ ਸਕਦੇ। ਇਸ ਦਾ ਇਕ ਮਤਲਬ ਇਹ ਵੀ ਹੈ ਕਿ ਮੁਲਕ ਦੀ ਆਜ਼ਾਦੀ ਦੇ 76 ਸਾਲ ਬਾਅਦ ਵੀ ਪੰਜਾਬ ਦੇ ਪੇਂਡੂ ਦਲਿਤ ਭਾਈਚਾਰੇ ਦੇ 41.43 ਫ਼ੀਸਦੀ ਲੋਕ ਬੁਨਿਆਦੀ ਪੜ੍ਹਾਈ ਤੋਂ ਵਾਂਝੇ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ 17.31 ਫ਼ੀਸਦੀ ਪੇਂਡੂ ਪਿਛੋਕੜ ਵਾਲੇ ਦਲਿਤ ਭਾਈਚਾਰੇ ਦੇ ਲੋਕ ਸਕੂਲ ਤਾਂ ਗਏ ਸਨ, ਪਰ ਉਹ ਪੰਜਵੀਂ ਤੋਂ




ਅੱਗੇ ਨਹੀਂ ਪੜ੍ਹ ਸਕੇ, ਜਦਕਿ 13.81 ਫ਼ੀਸਦੀ ਅੱਠਵੀਂ ਤੋਂ ਅੱਗੇ ਨਹੀਂ ਪੜ੍ਹ ਸਕੇ। ਇਸ ਦਾ ਮਤਲਬ 72.55 ਫ਼ੀਸਦੀ ਪੇਂਡੂ ਦਲਿਤ ਆਬਾਦੀ ਨੂੰ 10ਵੀਂ ਤੱਕ ਦੀ ਬੁਨਿਆਦੀ ਸਕੂਲੀ ਪੜ੍ਹਾਈ ਵੀ ਨਸੀਬ ਨਹੀਂ ਹੋਈ, ਸਿਰਫ਼ 3.71 ਫ਼ੀਸਦੀ ਦਲਿਤ ਭਾਈਚਾਰੇ ਤੋਂ ਆਉਣ ਵਾਲੇ ਲੋਕਾਂ ਕੋਲ ਗ੍ਰੈਜੂਏਸ਼ਨ ਦੀ ਡਿਗਰੀ ਹੈ।

ਇਹ ਹਾਲਾਤ ਉਸ ਸਮੇਂ ਹਨ, ਜਦੋਂ ਸਰਕਾਰਾਂ ਹੁੱਬ-ਹੁੱਬ ਕੇ 'ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ' ਵਰਗੀਆਂ ਮੁਹਿੰਮਾਂ ਲਈ ਆਪਣੀ ਪਿੱਠ ਥਾਪੜ ਰਹੀਆਂ ਹਨ। ਹਕੀਕਤ ਇਹ ਹੈ ਕਿ ਜ਼ਿਆਦਾਤਰ ਦਲਿਤ ਬੱਚੇ ਅੱਜ ਵੀ ਗਰੀਬੀ ਰੇਖਾ ਤੋਂ ਹੇਠਾਂ ਹਨ ਅਤੇ ਉਹ ਸਕੂਲਾਂ 'ਚ ਮਿਲਣ ਵਾਲੇ ਮਿਡ-ਡੇਅ ਮੀਲ ਵਰਗੀਆਂ ਸਕੀਮਾਂ ਕਰਕੇ ਆ ਤਾਂ ਜਾਂਦੇ ਹਨ ਪਰ ਇੱਕ ਉਮਰ ਤੋਂ ਬਾਅਦ ਆਪਣੇ ਮਜ਼ਦੂਰ ਮਾਂ-ਪਿਓ ਦੀ ਮਦਦ ਕਰਨਾ ਉਨ੍ਹਾਂ ਦੀ ਮਜਬੂਰੀ ਬਣ ਜਾਂਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਆਪਣੀਆਂ ਜਮਾਤਾਂ ਅਤੇ ਪੜ੍ਹਾਈ ਵਿਚਾਲੇ ਛੱਡਣੀ ਪੈਂਦੀ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਕੇਵਲ 7.48 ਫ਼ੀਸਦੀ ਪੇਂਡੂ ਦਲਿਤ ਲੋਕਾਂ ਕੋਲ ਸਰਕਾਰੀ ਨੌਕਰੀ ਹੈ, ਉਸ 'ਚੋਂ ਵੀ ਜ਼ਿਆਦਾਤਰ ਕੋਲ ਹੇਠਲੇ ਦਰਜੇ ਦੀ ਮੁਲਾਜ਼ਮਤ ਹੈ, ਜਦਕਿ ਅਫ਼ਸਰ ਦਰਜੇ ਦੀ ਨੌਕਰੀ ਸਿਰਫ਼ 2.91 ਫ਼ੀਸਦੀ ਪੇਂਡੂ ਦਲਿਤ ਲੋਕਾਂ ਕੋਲ ਹੈ। ਨਿੱਜੀ ਖੇਤਰ ਦੇ ਹਾਲਾਤ ਇਸ ਤੋਂ ਵੀ ਖ਼ਰਾਬ ਹਨ। ਪੰਜਾਬ 'ਚ ਰਜਿਸਟਰ ਪ੍ਰਾਈਵੇਟ ਅਦਾਰਿਆਂ 'ਚ ਸਿਰਫ਼ 4.48 ਫ਼ੀਸਦੀ ਦਲਿਤ ਹਨ, ਜੋ ਸਰਕਾਰੀ ਅਦਾਰਿਆਂ ਨਾਲੋਂ ਕਿਤੇ ਘੱਟ ਹੈ। ਸਰਕਾਰ ਖ਼ੁਦ ਮੰਨਦੀ ਹੈ ਕਿ ਅੱਜ ਵੀ 57.56 ਫ਼ੀਸਦੀ ਪੇਂਡੂ ਦਲਿਤ ਪਰਿਵਾਰਾਂ ਦੀ ਮਹੀਨਾਵਾਰ ਆਮਦਨ ਪੰਜ ਹਜ਼ਾਰ ਰੁਪਏ ਨਾਲੋਂ ਘੱਟ ਹੈ। ਇਸ ਦਾ ਮਤਲਬ ਸਾਫ਼ ਹੈ ਭਾਰਤੀ ਲੋਕਤੰਤਰ ਦੀਆਂ ਸਰਕਾਰਾਂ ਅੱਜ ਵੀ ਸਾਮੰਤਵਾਦੀ ਅਤੇ ਜਗੀਰਦਾਰੀ ਮਾਨਸਿਕਤਾ ਹੇਠ ਹੀ ਕੰਮ ਕਰ ਰਹੀਆਂ ਹਨ ਅਤੇ ਉਹ ਇਕ ਵੱਡੇ ਤਬਕੇ ਨੂੰ 5 ਕਿੱਲੋ ਅਨਾਜ ਤੇ ਮੁਫ਼ਤ ਬਿਜਲੀ ਤੱਕ ਮਹਿਦੂਦ ਰੱਖ ਕੇ ਮਾਈ-ਬਾਪ ਸੰਸਕ੍ਰਿਤੀ ਨੂੰ ਹੀ ਪ੍ਰਫੁੱਲਿਤ ਕਰ ਰਹੀਆਂ ਹਨ। ਅਸਲ ਵਿੱਚ ਸਾਡਾ ਸਿੱਖਿਆ ਢਾਂਚਾ ਵੀ ਚੱਜ ਦੀ ਕਿੱਤਾ ਮੁਖੀ ਸਿੱਖਿਆ ਦੇਣ 'ਚ ਬੁਰੀ ਤਰ੍ਹਾਂ ਫ਼ੇਲ੍ਹ ਹੋਇਆ ਹੈ।

ਇਸ ਕਰਕੇ ਸਮੇਂ ਦੀ ਮੰਗ ਹੈ ਕਿ ਪੰਜਾਬ 'ਚ ਕਿੱਤਾ ਮੁਖੀ ਸਿੱਖਿਆ ਢਾਂਚਾ ਵਿਕਸਿਤ ਕੀਤਾ ਜਾਵੇ ਅਤੇ ਪੰਜਾਬ ਦਾ ਦਲਿਤ ਵੀ ਰਾਜਨੀਤੀ 'ਚ ਆਪਣੀ ਜ਼ਮੀਨ ਹਾਸਿਲ ਕਰਨ ਲਈ ਮਿਹਨਤ ਕਰੇ। ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ 'ਚ ਦਲਿਤ ਅਤੇ ਪੇਂਡੂ ਭਾਈਚਾਰੇ ਦੇ ਆਰਥਿਕ ਹਾਲਾਤ ਭਾਵੇਂ ਪੰਜਾਬ ਵਰਗੇ ਹੀ ਹਨ ਪਰ ਉੱਥੇ ਦੇ ਦਲਿਤ ਵਰਗ ਵਿਚ ਆਪਣੇ ਅਧਿਕਾਰਾਂ ਪ੍ਰਤੀ ਚੇਤਨਾ ਅਤੇ ਸਿਆਸੀ ਜ਼ਮੀਨ ਹਾਸਿਲ ਕਰਨ ਲਈ ਭੁੱਖ ਪੰਜਾਬੀ ਦਲਿਤ ਨਾਲੋਂ ਕਿਤੇ ਜ਼ਿਆਦਾ ਹੈ। ਇਸੇ ਕਰਕੇ ਮਹਾਰਾਸ਼ਟਰ ਵਿਚ ਸੁਸ਼ੀਲ ਕੁਮਾਰ ਸ਼ਿੰਦੇ ਅਤੇ ਆਂਧਰਾ ਪ੍ਰਦੇਸ਼ 'ਚ ਦਾਮੋਦਰਮ ਸੰਜੀਵਿਆ ਵਰਗੇ ਲੀਡਰ ਪਹਿਲਾਂ ਸੂਬੇ ਦੇ ਮੁੱਖ ਮੰਤਰੀ ਅਤੇ ਫਿਰ ਭਾਰਤ ਸਰਕਾਰ ਵਿਚ ਵੱਡੇ ਮੰਤਰੀ ਬਣਦੇ ਰਹੇ ਹਨ ਅਤੇ ਪੰਜਾਬ ਵਿਚ ਚਰਨਜੀਤ ਸਿੰਘ ਚੰਨੀ ਵਰਗੇ ਪੜ੍ਹੇ-ਲਿਖੇ ਪੀ.ਐੱਚ.ਡੀ. ਬੰਦੇ ਵੀ ਲੋਕਾਂ ਵੱਲੋਂ ਹਰਾ ਦਿੱਤੇ ਜਾਂਦੇ ਹਨ ਅਤੇ ਪੰਜਾਬ ਦੇ ਦਲਿਤ ਭਾਈਚਾਰੇ ਨੂੰ ਉਨ੍ਹਾਂ ਨਾਲ ਹੋਈ ਸਿਆਸੀ ਵਧੀਕੀ ਦਾ ਪਤਾ ਵੀ ਨਹੀਂ ਲੱਗਦਾ।

# ਕੈਨੇਡਾ ਵਿੱਚ ਪਰਵਾਸੀ ਪੰਜਾਬੀਆਂ ਦਾ ਉਜੱਡਵਾਦ ਤੇ ਕ੍ਰਾਈਮ



ਪ੍ਰਿੰਸੀਪਲ ਵਿਜੈ ਕੁਮਾਰ



ਕੈਨੇਡਾ ਦੀ ਹਰ ਜਨਤਕ ਥਾਂ 'ਤੇ ਅੱਜ ਕੱਲ੍ਹ ਲੋਕਾਂ ਦੇ ਮੂੰਹਾਂ ਤੋਂ ਇੱਕੋ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਹੁਣ ਕੈਨੇਡਾ ਆਉਣ ਦਾ ਕੋਈ ਫਾਇਦਾ ਨਹੀਂ, ਹੁਣ ਇਹ ਕੈਨੇਡਾ ਪਹਿਲੇ ਵਰਗਾ ਕੈਨੇਡਾ ਨਹੀਂ ਰਿਹਾ। ਹੁਣ ਇੱਥੇ ਬੇਰੁਜ਼ਗਾਰੀ ਵਧ ਰਹੀ ਹੈ। ਜੁਰਮ ਵਧ ਰਹੇ ਹਨ। ਚੋਰੀਆਂ, ਡਕੈਤੀਆਂ, ਗੁੰਡਾਗਰਦੀ ਅਤੇ ਫਿਰੌਤੀਆਂ ਵਿੱਚ ਬਹੁਤ ਜ਼ਿਆਦਾ ਵਾਧਾ ਹੋ ਰਿਹਾ ਹੈ। ਚਾਰੇ ਪਾਸੇ ਗੰਦਗੀ ਵਧ ਰਹੀ ਹੈ। ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਬੇਈਮਾਨੀ ਅਤੇ ਰਿਸ਼ਵਤਖੋਰੀ ਵਧ ਰਹੀ ਹੈ। ਟੈਕਸ ਦੀ ਚੋਰੀ ਵਿੱਚ ਵਾਧਾ ਹੋ ਰਿਹਾ ਹੈ। ਪੁਲਿਸ ਕੋਈ ਕਾਰਵਾਈ ਨਹੀਂ ਕਰਦੀ। ਨੌਜਵਾਨ ਮੁੰਡੇ-ਕੁੜੀਆਂ ਆਵਾਰਾਗਰਦੀ ਕਰ ਰਹੇ ਹਨ। ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਦਿਨੋਂ ਦਿਨ ਵਧ ਰਹੀ ਹੈ ਪਰ ਸਰਕਾਰ ਦਾ ਇਸ ਸਮੱਸਿਆ ਵੱਲ ਕੋਈ ਧਿਆਨ ਨਹੀਂ।

ਸੋਸ਼ਲ ਮੀਡੀਆ ਵਿੱਚ ਵੀ ਕੈਨੇਡਾ ਦੀਆਂ ਇਨ੍ਹਾਂ ਸਮੱਸਿਆਵਾਂ ਦੀ ਚਰਚਾ ਆਮ ਹੁੰਦੀ ਰਹਿੰਦੀ ਹੈ ਪਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੋਈ ਨਹੀਂ ਦੱਸਦਾ। ਜੇਕਰ ਇਸ ਮੁਲਕ ਵਿੱਚ ਲੋਕਾਂ ਨੂੰ ਇਹ ਸਵਾਲ ਕੀਤਾ ਜਾਵੇ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੀ ਹੋ ਸਕਦਾ ਹੈ ਤਾਂ ਲੋਕ ਬੜੇ ਬੇਹੂਦਾ ਅਤੇ ਊਟ ਪਟਾਂਗ ਜਵਾਬ ਦੇਣ ਲੱਗ ਪੈਂਦੇ ਹਨ ਪਰ ਆਪਣੇ ਅੰਦਰ ਝਾਤ ਕੋਈ ਨਹੀਂ ਮਾਰਦਾ। ਅੱਜਕਲ ਲੋਕਾਂ ਦੇ ਮੂੰਹਾਂ ਤੋਂ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਨੀਤੀਆਂ ਨੇ ਇਸ ਮੁਲਕ ਦਾ ਬੇੜਾ ਗ਼ਰਕ ਕਰ ਦਿੱਤਾ ਹੈ। ਬਸ, ਇਨ੍ਹਾਂ ਚੋਣਾਂ ਤੋਂ ਬਾਅਦ ਟਰੂਡੋ ਦੀ ਪਾਰਟੀ ਦੀ ਸਰਕਾਰ ਨਹੀਂ ਆਵੇਗੀ। ਦੂਜੀ ਪਾਰਟੀ ਆ ਕੇ ਸਾਰਾ ਕੁਝ ਠੀਕ ਕਰ ਦੇਵੇਗੀ। ਕਈ ਲੋਕ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ ਕਿ ਹੁਣ ਇਸ ਦੇਸ਼ ਦੀ ਸਰਕਾਰ ਨੂੰ ਦੂਜੇ ਦੇਸ਼ਾਂ ਤੋਂ ਲੋਕਾਂ ਨੂੰ ਬਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ। ਜ਼ਿਆਦਾ ਲੋਕਾਂ ਨੂੰ ਬੁਲਾਉਣ ਕਰਕੇ ਹੀ ਇਸ ਮੁਲਕ ਵਿੱਚ ਬੇਰੁਜ਼ਗਾਰੀ, ਮਹਿੰਗਾਈ ਅਤੇ ਹੋਰ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

ਇਸ ਤਰ੍ਹਾਂ ਦੀਆਂ ਗੱਲਾਂ ਕਰਨ ਨਾਲੋਂ ਚੰਗੀ ਗੱਲ ਇਹ ਹੈ ਕਿ ਅਸੀਂ ਲੋਕ ਇਸ ਮੁਲਕ ਵਿੱਚ ਪੈਦਾ ਹੋਈਆਂ ਸਮੱਸਿਆਵਾਂ ਲਈ ਸਰਕਾਰਾਂ ਅਤੇ ਦੂਜਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਨਾਲੋਂ ਇਹ ਸੋਚੀਏ ਕਿ ਅਸੀਂ ਇਨ੍ਹਾਂ ਸਮੱਸਿਆਵਾਂ ਲਈ ਕਿੰਨੇ ਕੁ ਜ਼ਿੰਮੇਵਾਰ ਹਾਂ। ਪਹਿਲਾਂ ਤਾਂ ਉਨ੍ਹਾਂ ਦੇਸ਼ਾਂ ਅਤੇ ਕਮਿਊਨਿਟੀ ਦੇ ਅਨੇਕਾਂ ਲੋਕਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਜਿਹੜੇ ਜੁਰਮ, ਚੋਰੀਆਂ ਚਕਾਰੀਆਂ, ਨਸ਼ਿਆਂ ਦੀ ਸਮਗਲਿੰਗ ਕਰਨ ਵਾਲਿਆਂ, ਦੂਜਿਆਂ ਦੀ ਜਾਇਦਾਦ 'ਤੇ ਕਬਜ਼ਾ ਕਰਨ, ਕਾਨੂੰਨ ਤੋੜਨ ਵਾਲਿਆਂ, ਕਾਰਾਂ ਚੋਰੀ ਕਰਨ, ਟੈਕਸ ਚੋਰੀ ਕਰਨ ਅਤੇ ਫਿਰੌਤੀਆਂ ਮੰਗਣ ਵਾਲਿਆਂ ਵਿੱਚ ਸ਼ਾਮਿਲ ਹੁੰਦੇ ਹਨ। ਇਸ ਮੁਲਕ 'ਚ ਬੇਰੁਜ਼ਗਾਰੀ ਵਧਣ ਦਾ ਕਾਰਨ ਵੱਧ ਲੋਕਾਂ ਦਾ ਆਉਣਾ ਨਹੀਂ ਸਗੋਂ ਉਹ ਅਨੇਕਾਂ ਲੋਕ ਹਨ ਜਿਹੜੇ ਆਪਣੇ ਬੱਚਿਆਂ ਕੋਲ ਆਉਂਦੇ ਤਾਂ ਘੁੰਮਣ ਫਿਰਨ ਹਨ ਜਾਂ ਉਨ੍ਹਾਂ ਦੇ ਬੱਚੇ ਪਾਲਣ ਆਉਂਦੇ ਹਨ ਪਰ ਜਹਾਜ਼ ਤੋਂ ਉਤਰਦਿਆਂ ਹੀ ਨੌਕਰੀਆਂ 'ਤੇ ਲੱਗ ਜਾਂਦੇ ਹਨ। ਇਨ੍ਹਾਂ ਲੋਕਾਂ ਵਿੱਚ ਉਹ ਲੋਕ ਵੀ ਹੁੰਦੇ ਹਨ ਜੋ ਸਰਕਾਰੀ ਪੈਨਸ਼ਨ ਲੈ ਰਹੇ ਹੁੰਦੇ ਹਨ ਅਤੇ ਚੰਗੇ ਪੈਸੇ ਵਾਲੇ ਹੁੰਦੇ ਹਨ। ਉਨ੍ਹਾਂ ਲੋਕਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਇੱਥੋਂ ਵੱਧ ਤੋਂ ਵੱਧ ਡਾਲਰ ਕਮਾ ਕੇ ਲੈ ਜਾਈਏ। ਇੱਕ ਪਾਸੇ ਸਾਡੇ ਹੀ ਬੱਚੇ ਆਪਣੀ ਫੀਸ ਕੱਢਣ ਲਈ ਅਤੇ ਗੁਜ਼ਾਰਾ ਕਰਨ ਲਈ ਨੌਕਰੀਆਂ ਲੱਭਦੇ ਘੁੰਮਦੇ ਹਨ, ਦੂਜੇ ਪਾਸੇ ਆਪਣੇ ਬੱਚਿਆਂ ਕੋਲ ਆਏ ਅਨੇਕਾਂ ਬਜ਼ੁਰਗ ਘੱਟ ਪੈਸਿਆਂ ਵਿੱਚ ਨੌਕਰੀਆਂ ਕਰਨ ਲੱਗ ਪੈਂਦੇ ਹਨ।

ਵਿਦੇਸ਼ਾਂ ਤੋਂ ਬਹੁਤ ਸਾਰੇ ਲੋਕਾਂ ਨੇ ਇਸ ਮੁਲਕ 'ਚ ਆ ਕੇ ਆਪਣੀਆਂ ਬਹੁਤ ਸਾਰੀਆਂ ਬੁਰਾਈਆਂ ਫੈਲਾ ਦਿੱਤੀਆਂ ਹਨ। ਇੱਥੇ ਵਸਦੇ ਪੁਰਾਣੇ ਲੋਕ ਦੱਸਦੇ ਹਨ ਕਿ ਕਿਸੇ ਵੇਲੇ ਸੜਕ 'ਤੇ ਪਏ ਇੱਕ ਕਾਗਜ਼ ਦੇ ਟੁਕੜੇ ਨੂੰ ਲੋਕ ਆਪਣੀ ਗੱਡੀ ਤੋਂ ਉਤਰਕੇ ਚੁੱਕ ਕੇ ਕੂੜੇਦਾਨ ਵਿੱਚ ਪਾ ਦਿੰਦੇ ਸਨ, ਕਿਸੇ ਪਾਸੇ ਕੋਈ ਗੰਦਗੀ ਨਜ਼ਰ ਨਹੀਂ ਆਉਂਦੀ ਸੀ ਪਰ ਅੱਜ ਵਿਦੇਸ਼ਾਂ ਤੋਂ ਆ ਕੇ ਵਸੇ ਬਹੁਤ ਸਾਰੇ ਲੋਕ ਕੌਫ਼ੀ ਦੇ ਕੱਪ, ਪਾਣੀ ਅਤੇ ਸ਼ਰਾਬ ਦੀਆਂ ਖਾਲੀ ਬੋਤਲਾਂ, ਕੁੱਤਿਆਂ ਦੀ ਟੱਟੀ, ਕੂੜੇ ਦੇ ਪੈਕਟ ਅਤੇ ਚਿਪਸ ਦੇ ਰੈਪਰ ਸੜਕਾਂ 'ਤੇ ਅਤੇ ਪਾਰਕਾਂ ਵਿੱਚ ਸੁੱਟ ਦਿੰਦੇ ਹਨ। ਇਸ ਮੁਲਕ ਦੀਆਂ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਸਨ। ਇੱਥੇ ਰਿਸ਼ਵਤ, ਬੇਈਮਾਨੀ, ਹੇਰਾਫੇਰੀ ਨਾਂ ਦੀ ਕੋਈ ਚੀਜ਼ ਨਹੀਂ ਸੀ ਪਰ ਅਨੇਕਾਂ ਵਿਦੇਸ਼ੀ ਲੋਕਾਂ ਨੇ ਦੋ ਨੰਬਰ ਵਿੱਚ ਪੀਆਰ ਲੈਣ ਲਈ, ਘਰ ਖ਼ਰੀਦਣ ਅਤੇ ਕਿਰਾਏ 'ਤੇ ਲੈਣ ਲਈ, ਕਈ ਤਰ੍ਹਾਂ ਦੇ ਲਾਇਸੈਂਸ ਲੈਣ ਲਈ, ਗ਼ਲਤ ਵੀਜ਼ਾ ਲੈਣ ਲਈ ਅਤੇ ਬੈਂਕਾਂ ਤੋਂ ਕਰਜ਼ ਲੈਣ ਲਈ ਰਿਸ਼ਵਤ, ਬੇਈਮਾਨੀ ਅਤੇ ਹੇਰਾਫੇਰੀ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਵਿਦੇਸ਼ਾਂ ਤੋਂ ਆ ਕੇ ਵਸੇ ਬਹੁਤ ਸਾਰੇ ਲੋਕ ਮਿਹਨਤ ਕਰਨ ਦੀ ਬਜਾਏ ਰਾਤੋ ਰਾਤ ਅਮੀਰ ਹੋਣ ਲਈ ਚੋਰੀਆਂ ਚਕਾਰੀਆਂ ਅਤੇ ਲੁੱਟਾਂ ਖੋਹਾਂ ਕਰ ਰਹੇ ਹਨ ਅਤੇ ਫਿਰੌਤੀਆਂ ਮੰਗ ਰਹੇ ਹਨ।

ਇਸ ਮੁਲਕ ਦੇ ਟ੍ਰੈਫਿਕ ਕਾਨੂੰਨ ਬਹੁਤ ਸਖ਼ਤ ਹਨ ਪਰ ਵਿਦੇਸ਼ਾਂ ਤੋਂ ਆ ਕੇ ਵਸੇ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਤੋੜ ਕੇ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਗੱਡੀਆਂ ਦੇ ਪਟਾਕੇ ਵਜਾ ਕੇ, ਨਸ਼ੇ ਕਰਕੇ, ਤੇਜ਼ ਗੱਡੀਆਂ ਚਲਾ ਕੇ, ਘਰਾਂ ਦੀ ਨਾਜਾਇਜ਼ ਉਸਾਰੀ ਕਰ ਕੇ, ਮਾਲਾਂ ਤੇ ਪਲਾਜ਼ਿਆਂ ਅੱਗੇ ਜਨਤਕ ਥਾਵਾਂ 'ਤੇ ਸ਼ਰਾਬਾਂ ਪੀਕੇ ਭੰਗੜੇ ਪਾ ਕੇ ਸਿਨੇਮਾਂ ਘਰਾਂ ਵਿੱਚ ਹੁੜਦੰਗ ਮਚਾ ਕੇ ਵਿਦੇਸ਼ਾਂ ਤੋਂ ਆਏ ਅਨੇਕਾਂ ਲੋਕ ਕਾਨੂੰਨ ਤੋੜਦੇ ਹਨ। ਕਾਰਾਂ ਚੋਰੀ ਕਰਨ ਵਿੱਚ ਅਨੇਕਾਂ ਵਿਦੇਸ਼ੀ ਲੋਕਾਂ ਦਾ ਵੀ ਨਾਂ ਆਉਂਦਾ ਹੈ। ਇਸ ਮੁਲਕ ਵਿੱਚ ਨਸ਼ਿਆਂ ਦੀ ਸਮਗਲਿੰਗ ਕਰਨ ਦੇ ਦੋਸ਼ ਵਿੱਚ ਵਿਦੇਸ਼ਾਂ ਤੋਂ ਆ ਕੇ ਵਸੇ ਅਨੇਕਾਂ ਲੋਕ ਵੀ ਫੜੇ ਜਾਂਦੇ ਹਨ। ਦੂਜੇ ਦੇਸ਼ਾਂ ਤੋਂ ਉਚੇਰੀ ਸਿੱਖਿਆ ਹਾਸਲ ਕਰਨ ਆਏ ਮੁੰਡੇ-ਕੁੜੀਆਂ ਨਾਲ ਦਾਖਲਿਆਂ, ਫੀਸਾਂ ਅਤੇ ਨਤੀਜਿਆਂ ਨੂੰ ਲੈ ਕੇ ਹੇਰਾ ਫੇਰੀ ਉਹੀ ਅਨੇਕਾਂ ਲੋਕ ਕਰਦੇ ਹਨ ਜਿਹੜੇ ਇਸ ਮੁਲਕ 'ਚ ਵਿਦੇਸ਼ਾਂ ਤੋਂ ਆ ਕੇ ਆਪਣੇ ਕਾਲਜ ਅਤੇ ਯੂਨੀਵਰਸਿਟੀਆਂ ਚਲਾ ਰਹੇ ਹਨ। ਮਾਨਸਿਕ ਤਣਾਅ, ਬਦਲਾਖੋਰੀ ਅਤੇ ਨਸ਼ਿਆਂ ਕਾਰਨ ਇਸ ਮੁਲਕ 'ਚ ਜੁਰਮਾਂ ਵਿੱਚ ਵਾਧਾ ਹੋ ਰਿਹਾ ਹੈ। ਭਾਵੇਂ ਇਹ ਜੁਰਮ ਕਰਨ ਲਈ ਇੱਥੋਂ ਦੇ ਅਨੇਕਾਂ ਗੋਰੇ ਲੋਕ ਵੀ ਜ਼ਿੰਮੇਵਾਰ ਹਨ ਪਰ ਕਈ ਦੇਸ਼ਾਂ ਦੇ ਇੱਥੇ ਆ ਕੇ ਵਸੇ ਲੋਕ ਜੁਰਮ ਕਰਨ ਦੇ ਦੋਸ਼ ਹੇਠ ਫੜੇ ਜਾਂਦੇ ਹਨ।

ਵਿਦੇਸ਼ਾਂ ਤੋਂ ਆ ਕੇ ਕੈਨੇਡਾ ਵਿੱਚ ਵਸਣ ਵਾਲੇ ਲੋਕਾਂ ਨੂੰ ਇਹ ਗੱਲ ਆਪਣੇ ਮਨ ਵਿੱਚ ਬਿਠਾ ਲੈਣੀ ਚਾਹੀਦੀ ਹੈ ਕਿ ਜੇਕਰ ਇਹ ਮੁਲਕ ਖੁਸ਼ਹਾਲ ਹੋਵੇਗਾ ਤਾਂ ਹੀ ਉਨ੍ਹਾਂ ਦੀ ਜ਼ਿੰਦਗੀ ਖੁਸ਼ਹਾਲ ਹੋਵੇਗੀ। ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ ਹੋਵੇਗਾ। ਸਰਕਾਰ ਕੋਈ ਵੀ ਹੋਵੇ ਉਹ ਦੇਸ਼ ਹਿੱਤਾਂ ਨੂੰ ਹੀ ਤਰਜੀਹ ਦੇਵੇਗੀ। ਵਿਦੇਸ਼ਾਂ ਤੋਂ ਆ ਕੇ ਇਸ ਮੁਲਕ ਵਿੱਚ ਵਸੇ ਹੋਏ ਲੋਕਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਰਕਾਰਾਂ ਦੇਸ਼ ਦੀ ਹਾਲਤ ਨੂੰ ਸੁਧਾਰਨ ਲਈ ਕੋਈ ਵੀ ਸਖ਼ਤ ਕਾਨੂੰਨ ਬਣਾ ਸਕਦੀਆਂ ਹਨ। ਕੈਨੇਡਾ ਦੀ ਸਰਕਾਰ ਸਖ਼ਤ ਕਾਨੂੰਨ ਬਣਾਉਣ ਦੀ ਦਿਸ਼ਾ ਵੱਲ ਵਧ ਵੀ ਰਹੀ ਹੈ। ਇਹੋ ਜਿਹੇ ਕਾਨੂੰਨ ਜਿੱਥੇ ਵਿਦੇਸ਼ਾਂ ਤੋਂ ਆ ਕੇ ਵਸੇ ਲੋਕਾਂ ਲਈ ਸਮੱਸਿਆ ਖੜ੍ਹੀਆਂ ਕਰ ਸਕਦੇ ਹਨ, ਉੱਥੇ ਇਸ ਮੁਲਕ ਵਿੱਚ ਆਉਣ ਵਾਲੇ ਲੋਕਾਂ ਦਾ ਰਾਹ ਵੀ ਬੰਦ ਕਰ ਸਕਦੇ ਹਨ। ਜੇਕਰ ਵਿਦੇਸ਼ਾਂ ਤੋਂ ਆ ਕੇ ਵਸਣ ਵਾਲੇ ਲੋਕ ਆਪਣੀ ਇਸ ਖੁਸ਼ਹਾਲੀ ਲਈ ਇਸ ਮੁਲਕ ਦੇ ਹਾਲਾਤ ਨੂੰ ਬਦਲਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਸ ਮੁਲਕ ਪ੍ਰਤੀ ਆਪਣੇ ਬਣਦੇ ਫ਼ਰਜ਼ ਨਿਭਾਉਣੇ ਪੈਣਗੇ। ਆਪਣੀ ਜ਼ਿੰਦਗੀ ਦੀ ਉਹ ਹਰ ਬੁਰਾਈ ਜਿਹੜੀ ਇਸ ਮੁਲਕ ਦੀ ਖੁਸ਼ਹਾਲੀ ਨੂੰ ਢਾਹ ਲਗਾਉਂਦੀਹੋਵੇ, ਉਸ ਨੂੰ ਛੱਡਣਾ ਪਵੇਗਾ।

ਇੱਥੋਂ ਦੀਆਂ ਸਰਕਾਰਾਂ ਵਿਦੇਸ਼ਾਂ ਤੋਂ ਆ ਕੇ ਵਸੇ ਲੋਕਾਂ ਨੂੰ ਸਿੱਧਾ ਕਦੇ ਨਹੀਂ ਕਹਿਣਗੀਆਂ ਕਿ ਇਹ ਮੁਲਕ ਛੱਡ ਕੇ ਚਲੇ ਜਾਓ। ਉਹ ਕਾਨੂੰਨ ਬਣਾ ਕੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਦੇਣਗੀਆਂ ਕਿ ਲੋਕਾਂ ਨੂੰ ਇਹ ਦੇਸ਼ ਛੱਡ ਕੇ ਜਾਣ ਲਈ ਮਜਬੂਰ ਹੋਣਾ ਪੈ ਜਾਵੇਗਾ। ਹੁਣ ਇਸ ਦੇਸ਼ ਦੀ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਹਾਲਾਤ ਪੈਦਾ ਵੀ ਕੀਤੇ ਜਾ ਰਹੇ ਹਨ। ਜੇਕਰ ਇਹੋ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਵਿਦੇਸ਼ੀ ਲੋਕਾਂ ਨੂੰ ਇਹ ਮੁਲਕ ਛੱਡ ਕੇ ਜਾਣਾ ਪੈ ਜਾਵੇ ਤਾਂ ਇਹ ਸੋਚੋ ਕਿ ਜੋ ਲੋਕ ਆਪਣੇ ਮੁਲਕ ਦੀ ਨਾਗਰਿਕਤਾ ਛੱਡ ਕੇ ਤੇ ਸਭ ਕੁਝ ਵੇਚ ਕੇ ਇੱਥੇ ਆ ਵਸੇ ਹਨ, ਉਨ੍ਹਾਂ ਦਾ ਕੀ ਬਣੇਗਾ? ਇੱਥੋਂ ਦੇ ਵਸਨੀਕ ਗੋਰਿਆਂ ਨੂੰ ਉਨ੍ਹਾਂ ਕਾਨੂੰਨਾਂ ਦਾ ਕੋਈ ਫ਼ਰਕ ਨਹੀਂ ਪਵੇਗਾ ਕਿਉਂਕਿ ਉਨ੍ਹਾਂ ਨੇ ਤਾਂ ਇੱਥੇ ਹੀ ਰਹਿਣਾ ਹੈ। ਇੱਥੋਂ ਦੀਆਂ ਸਰਕਾਰਾਂ ਨੂੰ ਵੀ ਇਸ ਮੁਲਕ ਦੀ ਖੁਸ਼ਹਾਲੀ ਨੂੰ ਢਾਹ ਲਾਉਣ ਵਾਲੀਆਂ ਨੀਤੀਆਂ ਬਾਰੇ ਸੁਚੇਤ ਹੋ ਕੇ ਵਿਚਾਰ ਕਰਨਾ ਪਵੇਗਾ।

# ਪੱਛਮੀ ਏਸ਼ੀਆ ਦਾ ਨਾ ਖ਼ਤਮ ਹੋਣ ਵਾਲਾ ਟਕਰਾਅ

ਦਿੱਵਿਆ ਕੁਮਾਰ ਸੋਤੀ



ਇਜ਼ਰਾਈਲ ਨੇ ਬੀਤੇ ਦਿਨੀਂ ਇਰਾਨ ਵਿੱਚ ਫ਼ੌਜੀ ਕਾਰਵਾਈ ਤਾਂ ਕੀਤੀ ਹੈ ਪਰ ਨਾ ਤਾਂ ਉਹ ਕੁਝ ਖੁੱਲ੍ਹ ਕੇ ਕਹਿ ਰਿਹਾ ਹੈ ਤੇ ਨਾ ਹੀ ਇਰਾਨ ਰਸਮੀ ਤੌਰ 'ਤੇ ਇਹ ਸਵੀਕਾਰਨਾ ਚਾਹੁੰਦਾ ਹੈ ਕਿ ਉਸ ਨੂੰ ਇਜ਼ਰਾਈਲ ਨੇ ਨਿਸ਼ਾਨਾ ਬਣਾਇਆ। ਇਜ਼ਰਾਈਲ-ਇਰਾਨ ਵਿਚਾਲੇ ਟਕਰਾਅ ਦੀ ਜੜ੍ਹ ਹਮਾਸ ਦੁਆਰਾ ਇਜ਼ਰਾਈਲ 'ਤੇ ਬੀਤੇ ਸਾਲ 7 ਅਕਤੂਬਰ ਨੂੰ ਕੀਤਾ ਗਿਆ ਉਹ ਭਿਆਨਕ ਅੱਤਵਾਦੀ ਹਮਲਾ ਹੈ ਜਿਸ ਵਿੱਚ ਇਕ ਹਜ਼ਾਰ ਤੋਂ ਵੱਧ ਇਜ਼ਰਾਈਲੀ ਤੇ ਹੋਰ ਦੇਸ਼ਾਂ ਦੇ ਲੋਕ ਮਾਰੇ ਗਏ ਸਨ।

ਉਸ ਤੋਂ ਬਾਅਦ ਸ਼ੁਰੂ ਹੋਇਆ ਗਾਜ਼ਾ ਦਾ ਸੰਘਰਸ਼ ਇਜ਼ਰਾਈਲ-ਇਰਾਨ ਜੰਗ ਦੇ ਕਗਾਰ 'ਤੇ ਆ ਕੇ ਖੜ੍ਹਾ ਹੋ ਗਿਆ। ਇਹ ਆਸਾਨੀ ਨਾਲ ਨਹੀਂ ਟਲੇਗਾ। ਬੀਤੇ ਦਿਨੀਂ ਇਰਾਨ ਨੇ ਇਜ਼ਰਾਈਲ 'ਤੇ ਲਗਪਗ 185 ਡ੍ਰੋਨ ਅਤੇ 150 ਕਰੂਜ਼ ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਕਿਉਂਕਿ ਇਜ਼ਰਾਈਲੀ ਸੈਨਾ ਨੇ ਸੀਰੀਆ ਵਿੱਚ ਇਰਾਨੀ ਵਣਜ ਦੂਤਘਰ ਵਿੱਚ ਇਰਾਨੀ ਜਨਰਲਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਤੋਂ ਬਾਅਦ ਇਰਾਨ ਸਰਕਾਰ ਜੋ ਇਜ਼ਰਾਈਲ ਨੂੰ ਧਰਤੀ ਤੋਂ ਮਿਟਾਉਣ ਦੀਆਂ ਕਸਮਾਂ ਖਾਂਦੀ ਹੈ, ਕੋਲ ਹਮਲੇ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ। ਇਸੇ ਦੌਰਾਨ ਇਜ਼ਰਾਈਲੀ ਫ਼ੌਜ ਨੇ ਗਾਜ਼ਾ ਵਿੱਚ ਹਮਾਸ ਦੇ ਸਿਖ਼ਰਲੇ ਨੇਤਾ ਇਸਮਾਈਲ ਹਾਨੀਆ ਦੇ ਤਿੰਨ ਬੇਟੇ ਢੇਰ ਕਰ ਦਿੱਤੇ, ਇਸ ਲਈ ਵੀ ਇਰਾਨ ਬੌਖਲਾਇਆ ਹੋਇਆ ਹੈ। ਜੇ ਉਹ ਇਜ਼ਰਾਈਲ ਨੂੰ ਨਿਸ਼ਾਨਾ ਨਾ ਬਣਾਉਂਦਾ ਤਾਂ ਪੂਰੇ ਵਿਸ਼ਵ ਵਿੱਚ ਆਪਣੇ ਕੱਟੜਪੰਥੀ ਸਮਰਥਕਾਂ ਦੌਰਾਨ ਸਾਖ਼ ਗੁਆ ਦਿੰਦਾ। ਸੀਰੀਆ ਵਿੱਚ ਇਰਾਨੀ ਦੂਤਘਰ 'ਤੇ ਬੰਬਾਰੀ ਕਰ ਕੇ ਇਜ਼ਰਾਈਲ ਨੇ ਜਿਨ੍ਹਾਂ ਇਰਾਨੀ ਜਨਰਲਾਂ ਨੂੰ ਅੱਤਵਾਦੀ ਸਾਜ਼ਿਸ਼ ਰਚਣ ਦਾ ਜ਼ਿੰਮੇਵਾਰ ਦੱਸਦੇ ਹੋਏ ਮਾਰਿਆ, ਉਨ੍ਹਾਂ 'ਤੇ ਦੂਤਘਰ ਦੇ ਬਾਹਰ ਵੀ ਹਮਲਾ ਕੀਤਾ ਜਾ ਸਕਦਾ ਸੀ ਪਰ ਉਨ੍ਹਾਂ ਨੂੰ ਦੂਤਘਰ ਵਿੱਚ ਹੀ ਨਿਸ਼ਾਨਾ ਬਣਾਇਆ ਗਿਆ। ਇਜ਼ਰਾਈਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਅਜਿਹਾ ਕਰਨਾ ਕੂਟਨੀਤਕ ਪ੍ਰੋਟੋਕਾਲ ਅਤੇ ਕੌਮਾਂਤਰੀ ਸੰਧੀਆਂ ਦੀ ਉਲੰਘਣਾ ਹੋਵੇਗੀ। ਫਿਰ ਵੀ ਉਸ ਨੇ ਸੰਭਵ ਤੌਰ 'ਤੇ ਅਜਿਹਾ ਇਸ ਲਈ ਕੀਤਾ ਕਿਉਂਕਿ 7 ਅਕਤੂਬਰ ਦੇ ਅੱਤਵਾਦੀ ਹਮਲੇ ਤੋਂ ਬਾਅਦ ਉਸ ਨੇ ਠਾਣ ਲਿਆ ਸੀ ਕਿ ਸਹੀ ਸਮੇਂ 'ਤੇ ਹਮਾਸ ਦੀ ਹਰਕਤ ਲਈ ਇਰਾਨ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਰਾਨ ਦਹਾਕਿਆਂ ਤੋਂ ਹਮਾਸ ਤੇ ਹਿਜ਼ਬੁੱਲਾ ਵਰਗੇ ਅੱਤਵਾਦੀ ਸੰਗਠਨਾਂ ਜ਼ਰੀਏ ਇਜ਼ਰਾਈਲ 'ਤੇ ਹਮਲੇ ਕਰਵਾਉਂਦਾ ਆਇਆ ਹੈ-ਠੀਕ ਉਸੇ ਤਰ੍ਹਾਂ ਹੀ ਜਿਵੇਂ ਪਾਕਿਸਤਾਨੀ ਫ਼ੌਜ ਲਸ਼ਕਰ, ਜੈਸ਼ ਵਰਗੇ ਸੰਗਠਨਾਂ ਰਾਹੀਂ ਭਾਰਤ 'ਤੇ ਅੱਤਵਾਦੀ ਹਮਲੇ ਕਰਵਾਉਂਦੀ ਆ ਰਹੀ ਹੈ। ਹਾਲੇ ਤੱਕ ਇਜ਼ਰਾਈਲ ਇਰਾਨ ਸਮਰਥਕ ਅੱਤਵਾਦੀ ਸੰਗਠਨਾਂ 'ਤੇ ਹੀ ਜਵਾਬੀ ਕਾਰਵਾਈ ਕਰਦਾ ਸੀ, ਨਾ ਕਿ ਉਨ੍ਹਾਂ ਦੇ ਆਕਾ ਇਰਾਨ 'ਤੇ।

ਹਮਾਸ ਦੇ ਅੱਤਵਾਦੀ ਹਮਲੇ ਤੋਂ ਬਾਅਦ ਇਜ਼ਰਾਈਲ ਦਾ ਵਿਚਾਰ ਬਦਲਿਆ। ਸਾਬਕਾ ਇਜ਼ਰਾਈਲੀ ਪੀਐੱਮ ਨਫਤਾਲੀ ਬੈਨੇਟ ਦਾ ਕਹਿਣਾ ਸੀ ਕਿ ਸਾਡੇ ਕੋਲੋਂ ਇਹ ਗ਼ਲਤੀ ਹੋਈ ਕਿ ਅਸੀਂ ਅੱਤਵਾਦ ਰੂਹੀ ਆਕਟੋਪਸ ਦੇ ਪੈਰਾਂ ਅਰਥਾਤ ਹਮਾਸ, ਹਿਜ਼ਬੁੱਲਾ ਨਾਲ ਲੜਦੇ ਰਹੇ ਪਰ ਉਸ ਦੇ ਸਿਰ ਅਰਥਾਤ ਇਰਾਨ ਨੂੰ ਕੁਚਲਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਸੀਰੀਆ ਵਿੱਚ ਆਪਣੇ ਦੂਤਘਰ 'ਤੇ ਇਜ਼ਰਾਈਲੀ ਹਮਲੇ ਤੋਂ ਬਾਅਦ ਇਰਾਨ ਕੋਲ ਵੀ ਇਹ ਬਦਲ ਸੀ ਕਿ ਉਹ ਕਿਸੇ ਹੋਰ ਦੇਸ਼ ਵਿੱਚ ਉਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਾ ਪਰ ਇਰਾਨ ਦੇ ਕੱਟੜਪੰਥੀ ਸ਼ਾਸਕ ਇਜ਼ਰਾਈਲ ਨੂੰ ਨਕਸ਼ੇ ਤੋਂ ਮਿਟਾਉਣ ਦੇ ਸੁਪਨੇ ਆਪਣੇ ਸਮਰਥਕਾਂ ਨੂੰ ਦਿਖਾ ਰਹੇ ਸਨ, ਇਸੇ ਲਈ ਉਨ੍ਹਾਂ ਕੋਲ ਉਸ 'ਤੇ ਸਿੱਧੇ ਹਮਲੇ ਤੋਂ ਇਲਾਵਾ ਹੋਰ ਉਪਾਅ ਨਹੀਂ ਸੀ। ਇਜ਼ਰਾਈਲ 'ਤੇ ਇਰਾਨ ਦੇ ਹਮਲੇ ਨੇ ਉਸ ਦੇ ਮਿਜ਼ਾਈਲਾਂ ਦੇ ਪ੍ਰੋਗਰਾਮ ਦੀ ਕਮਜ਼ੋਰੀ ਹੀ ਉਜਾਗਰ ਕੀਤੀ। ਇਜ਼ਰਾਈਲ 'ਤੇ ਦਾਗ਼ੀਆਂ ਗਈਆਂ 150 ਮਿਜ਼ਾਈਲਾਂ 'ਚੋਂ ਮਹਿਜ਼ ਸੱਤ ਹੀ ਨਿਸ਼ਾਨੇ 'ਤੇ ਲੱਗੀਆਂ। ਹਮਲੇ ਦੇ ਸਮੇਂ ਇਜ਼ਰਾਈਲ ਦੀ ਸੁਰੱਖਿਆ ਵਿੱਚ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਦੀਆਂ ਫ਼ੌਜਾਂ ਇਕੱਠੀਆਂ ਕੰਮ ਕਰ ਰਹੀਆਂ ਸਨ। ਅੱਧੀਆਂ ਨਾਲੋਂ ਜ਼ਿਆਦਾ ਇਰਾਨੀ ਮਿਜ਼ਾਈਲਾਂ ਨੂੰ ਸੁੱਟਣ ਦੀ ਜ਼ਰੂਰਤ ਹੀ ਨਹੀਂ ਪਈ ਕਿਉਂਕਿ ਉਹ ਇਜ਼ਰਾਈਲੀ ਸਰਹੱਦ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਡਿੱਗ ਗਈਆਂ।

ਜੋ ਸੱਤ ਮਿਜ਼ਾਈਲਾਂ ਟੀਚੇ ਤੱਕ ਪੁੱਜੀਆਂ, ਉਂਝ ਵੀ ਇਜ਼ਰਾਈਲ ਦੇ ਇੱਕ ਫ਼ੌਜੀ ਹਵਾਈ ਅੱਡੇ ਦਾ ਮਾਮੂਲੀ ਨੁਕਸਾਨ ਕਰ ਸਕੀਆਂ। ਇਸ ਦੇ ਬਾਅਦ ਵੀ ਇਸ ਹਮਲੇ ਨੇ ਇਜ਼ਰਾਈਲੀ ਜਨਤਾ ਦੇ ਸਾਹਮਣੇ ਇਰਾਨੀ ਖ਼ਤਰੇ ਨੂੰ ਮੂਰਤ ਰੂਪ ਦੇ ਦਿੱਤਾ ਤੇ ਦੋਵਾਂ ਦੇਸ਼ਾਂ ਵਿਚਾਲੇ ਹਮਲਾ ਰੋਕੂ ਸਮਰੱਥਾ ਦਾ ਸੰਤੁਲਨ ਹੀ ਗੜਬੜ ਕਰ ਦਿੱਤਾ। ਜੇ ਇਜ਼ਰਾਈਲ ਇਸ ਹਮਲੇ ਦਾ ਜਵਾਬ ਨਾ ਦਿੰਦਾ ਤਾਂ ਭਵਿੱਖ ਲਈ ਸੰਕੇਤ ਜਾਂਦਾ ਕਿ ਇਰਾਨ ਸਿੱਧਾ ਉਸ 'ਤੇ ਬੰਬਾਰੀ ਕਰ ਸਕਦਾ ਹੈ ਅਤੇ ਫਿਰ ਵੀ ਉਸ ਦਾ ਕੁਝ ਨਹੀਂ ਵਿਗੜੇਗਾ। ਇਸ ਸਮੇਂ ਪੱਛਮੀ ਏਸ਼ੀਆ ਵਿੱਚ ਤਣਾਅ ਕਾਰਨ ਅਮਰੀਕਾ, ਬ੍ਰਿਟੇਨ, ਫਰਾਂਸ ਆਦਿ ਦੀਆਂ ਫ਼ੌਜਾਂ ਤਾਇਨਾਤ ਹਨ ਅਤੇ ਈਰਾਨੀ ਹਮਲੇ ਨੂੰ ਨਾਕਾਮ ਕਰਨ ਵਿਚ ਉਨ੍ਹਾਂ ਨੇ ਇਜ਼ਰਾਈਲ ਦੀ ਪੂਰੀ ਸਹਾਇਤਾ ਕੀਤੀ ਪਰ ਇਹ ਸਥਿਤੀ ਹਮੇਸ਼ਾ ਨਹੀਂ ਰਹੇਗੀ, ਇਸ ਲਈ ਇਜ਼ਰਾਈਲ ਲਈ ਇਰਾਨ 'ਤੇ ਜਵਾਬੀ ਕਾਰਵਾਈ ਕਰ ਕੇ ਸ਼ਕਤੀ ਸੰਤੁਲਨ ਬਹਾਲ ਕਰਨਾ ਜ਼ਰੂਰੀ ਸੀ ਤਾਂ ਕਿ ਭਵਿੱਖ ਵਿੱਚ ਇਰਾਨੀ ਹਮਲੇ ਨਿਯਮਤ ਨਾ ਹੋ ਜਾਣ। ਖ਼ਾਸ ਗੱਲ ਇਹ ਹੈ ਕਿ ਇਜ਼ਰਾਈਲ ਨੇ ਇਰਾਨ 'ਤੇ ਹਮਲਾ ਉਸ ਦੇ ਸਰਬਉੱਚ ਨੇਤਾ ਅਯਾਤੁੱਲਾ ਅਲੀ ਖਾਮਨੇਈ ਦੇ ਜਨਮ ਦਿਨ ਮੌਕੇ ਕੀਤਾ।

ਇੱਕ ਤਰ੍ਹਾਂ ਨਾਲ ਇਜ਼ਰਾਈਲ ਅਤੇ ਇਰਾਨ ਨੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ-ਦੂਜੇ 'ਤੇ ਸਿੱਧੇ ਫ਼ੌਜੀ ਹਮਲੇ ਕੀਤੇ। ਇਜ਼ਰਾਈਲ ਅੰਦਰ ਇੱਕ ਧੜਾ ਹੈ ਜੋ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸਮਾਪਤ ਕਰਨਾ ਚਾਹੁੰਦਾ ਹੈ ਕਿਉਂਕਿ ਜੇ ਉਹ ਪਰਮਾਣੂ ਬੰਬ ਬਣਾਉਣ ਵਿੱਚ ਸਫਲ ਹੋ ਗਿਆ ਤਾਂ ਉਹ ਪਾਕਿਸਤਾਨ ਦੀ ਤਰ੍ਹਾਂ ਪਰਮਾਣੂ ਜੰਗ ਦੀ ਧਮਕੀ ਦੀ ਆੜ ਵਿੱਚ ਇਜ਼ਰਾਈਲ ਵਿਰੁੱਧ ਵਿਆਪਕ ਅੱਤਵਾਦੀ ਜੰਗ ਜਾਰੀ ਰੱਖ ਸਕਦਾ ਹੈ। ਇਸ ਧੜੇ ਨੂੰ ਸਾਊਦੀ ਅਰਬ ਸਮੇਤ ਕਈ ਸੁੰਨੀ ਮੁਲਕਾਂ ਦਾ ਮੌਨ ਸਮਰਥਨ ਹੈ।

(ਬਾਕੀ ਸਫ਼ਾ 31 'ਤੇ)

# ਸਿਆਸੀ ਪਾਰਟੀਆਂ ਦੇ ਉਧਾਰੇ ਉਮੀਦਵਾਰ



ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)

ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਉਧਾਰੇ ਉਮੀਦਵਾਰ ਲੈ ਕੇ ਚੋਣਾਂ ਲੜ ਰਹੀਆਂ ਹਨ। ਭਾਰਤ ਦੇ ਚੋਣ ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਆਪਣੀਆਂ ਪਾਰਟੀਆਂ ਬਦਲਣ ਤੋਂ ਤੁਰੰਤ ਬਾਅਦ ਹੀ ਦੂਜੀਆਂ ਪਾਰਟੀਆਂ ਨੇ ਉਮੀਦਵਾਰ ਬਣਾਇਆ ਹੋਵੇ। ਇੰਨੇ ਵੱਡੇ ਪੱਧਰ 'ਤੇ ਪਾਰਟੀ ਬਦਲਣਾ ਵੀ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ।

ਸਿਆਸੀ ਪਾਰਟੀਆਂ ਕੋਲ ਆਪਣੇ ਨੇਤਾਵਾਂ ਦਾ ਖਲਾਅ ਪੈਦਾ ਹੋ ਗਿਆ ਹੈ। ਪੰਜਾਬ ਦੇ ਸਿਆਸੀ ਨੇਤਾ ਵੀ ਇੰਨੇ ਖ਼ੁਦਗਰਜ ਤੇ ਮੌਕਾਪ੍ਰਸਤ ਹੋ ਗਏ ਹਨ ਕਿ ਉਨ੍ਹਾਂ ਨੂੰ ਸਿਆਸੀ ਅਹੁਦੇ ਤੋਂ ਬਿਨਾਂ ਰੋਟੀ ਹਜ਼ਮ ਨਹੀਂ ਹੁੰਦੀ। ਜੇ ਉਨ੍ਹਾਂ ਨੂੰ ਆਪਣੀ ਮਾਂ ਪਾਰਟੀ ਤੋਂ ਚੋਣਾਂ ਮੌਕੇ ਟਿਕਟ ਨਾ ਮਿਲੇ ਤਾਂ ਉਹ ਆਪਣੀ ਮਾਂ ਬਦਲਣ ਲੱਗਿਆਂ ਦੇਰ ਨਹੀਂ ਲਾਉਂਦੇ। ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਨਵੀਂ ਬਣੀ ਆਮ ਆਦਮੀ ਪਾਰਟੀ ਲੋਕ ਸਭਾ ਦੀਆਂ ਚੋਣਾਂ ਉਧਾਰੇ ਉਮੀਦਵਾਰ ਲੈ ਕੇ ਲੜ ਰਹੀਆਂ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੇ ਕਈ-ਕਈ ਵਾਰ ਪਾਰਟੀਆਂ ਬਦਲੀਆਂ ਹਨ। ਪੰਜਾਬ 'ਚ 13 ਲੋਕ ਸਭਾ ਦੀਆਂ ਸੀਟਾਂ ਹਨ। ਇਨ੍ਹਾਂ ਉੱਪਰ ਕਾਂਗਰਸ ਪਾਰਟੀ ਨੇ 5, ਅਕਾਲੀ ਦਲ ਨੇ 2, ਭਾਰਤੀ ਜਨਤਾ ਪਾਰਟੀ ਨੇ 9 ਅਤੇ ਆਮ ਆਦਮੀ ਪਾਰਟੀ ਨੇ 5 ਉਮੀਦਵਾਰ ਉਧਾਰੇ ਲੈ ਕੇ ਖੜ੍ਹੇ ਕੀਤੇ ਹਨ। ਜੇ ਇਨ੍ਹਾਂ ਉਮੀਦਵਾਰਾਂ ਦੇ ਸਿਆਸੀ ਕੈਰੀਅਰ 'ਤੇ ਬਾਰੀਕੀ ਨਾਲ ਝਾਤ ਮਾਰੀ ਜਾਵੇ ਤਾਂ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਹੀ ਉਮੀਦਵਾਰ ਪਾਰਟੀਆਂ ਬਦਲ ਕੇ ਆਏ ਹਨ। ਆਮ ਆਦਮੀ ਪਾਰਟੀ ਦੇ ਹੁਸ਼ਿਆਰਪੁਰ ਤੋਂ ਲੋਕ ਸਭਾ ਦੇ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਕਾਂਗਰਸ ਪਾਰਟੀ ਦੇ ਵਰਤਮਾਨ ਵਿਧਾਇਕ ਸਨ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਡਿਪਟੀ ਨੇਤਾ ਸਨ। ਵਿਧਾਨ ਸਭਾ ਦੇ ਇਜਲਾਸ ਵੇਲੇ ਉਹ ਸਿਰ 'ਤੇ 'ਕਰਜ਼ੇ ਦੀ ਪੰਡ' ਧਰੀ ਦਿਸੇ ਸਨ। ਉਹ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਹਨ। ਇਸੇ ਤਰ੍ਹਾਂ ਗੁਰਪ੍ਰੀਤ ਸਿੰਘ ਜੀਪੀ ਕਾਂਗਰਸ ਦੇ ਬਸੀ ਪਠਾਣਾਂ ਹਲਕੇ ਤੋਂ ਵਿਧਾਇਕ ਰਹੇ ਹਨ। ਪਹਿਲਾਂ ਆਜ਼ਾਦ ਉਮੀਦਵਾਰ ਚਮਕੌਰ ਸਾਹਿਬ ਤੋਂ ਚੋਣ ਲੜੇ ਸਨ। ਹੁਣ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਅਤੇ ਫ਼ਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਅਸ਼ੋਕ ਕੁਮਾਰ ਪਰਾਸ਼ਰ (ਪੱਪੀ ਪਰਾਸ਼ਰ) ਕਾਂਗਰਸੀ ਪਰਿਵਾਰ ਵਿੱਚੋਂ ਹਨ। ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਮੌਕੇ ਫਿਰ ਕਾਂਗਰਸ ਵਿੱਚ ਆ ਗਏ। ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਲੁਧਿਆਣਾ ਕੇਂਦਰੀ ਤੋਂ ਵਿਧਾਇਕ ਬਣ ਗਏ। ਪਰਾਸ਼ਰ ਇਸ ਸਮੇਂ ਲੁਧਿਆਣਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ।

ਪਵਨ ਕੁਮਾਰ ਟੀਨੂੰ ਅਕਾਲੀ ਦਲ ਦੇ ਵਿਧਾਨਕਾਰ ਰਹੇ ਹਨ। ਇਸ ਵਾਰ ਅਕਾਲੀ ਦਲ ਦੀ ਜਲੰਧਰ ਤੋਂ ਟਿਕਟ ਦੇ ਦਾਅਵੇਦਾਰ ਸਨ ਪ੍ਰੰਤੂ ਟਿਕਟ ਨਾ ਮਿਲਣ ਕਰਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਜਲੰਧਰ ਤੋਂ ਚੋਣ ਲੜ ਰਹੇ ਹਨ। ਗੁਰਮੀਤ ਸਿੰਘ ਖੁੱਡੀਆਂ ਵੀ ਅਕਾਲੀ ਪਰਿਵਾਰ ਵਿੱਚੋਂ ਹਨ। ਉਨ੍ਹਾਂ ਦਾ ਪਿਤਾ ਜਗਦੇਵ ਸਿੰਘ ਖੁੱਡੀਆਂ ਅਕਾਲੀ ਦਲ ਦਾ ਲੋਕ ਸਭਾ ਦਾ ਮੈਂਬਰ ਸੀ। ਉਹ ਪਹਿਲਾਂ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ ਸਨ। ਫਿਰ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਕੇ ਵਿਧਾਨਕਾਰ ਬਣ ਗਏ ਸਨ। ਜਗਦੀਪ ਸਿੰਘ ਕਾਕਾ ਬਰਾੜ, ਜੋ ਫ਼ਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ, ਉਹ ਵੀ ਅਕਾਲੀ ਪਰਿਵਾਰ 'ਚੋਂ ਹਨ। ਕਰਮਜੀਤ ਸਿੰਘ ਅਨਮੋਲ ਫਿਲਮਾਂ 'ਚੋਂ ਸਿਆਸਤ 'ਚ ਆਏ ਹਨ। ਆਮ ਆਦਮੀ ਪਾਰਟੀ ਕੋਲ ਨੇਤਾਵਾਂ ਦੀ ਘਾਟ ਕਰਕੇ 5 ਮੰਤਰੀ ਤੇ 3 ਵਿਧਾਨਕਾਰ ਚੋਣ ਮੈਦਾਨ 'ਚ ਹਨ। ਕਾਂਗਰਸ ਦੇ ਉਮੀਦਵਾਰਾਂ 'ਚੋਂ ਸੁਖਜਿੰਦਰ ਸਿੰਘ ਰੰਧਾਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਜੈਇੰਦਰ ਸਿੰਗਲਾ ਤੇ ਗੁਰਜੀਤ ਸਿੰਘ ਔਜਲਾ ਅਜਿਹੇ ਉਮੀਦਵਾਰ ਹਨ ਜਿਨ੍ਹਾਂ ਨੇ ਕਦੇ ਪਾਰਟੀ ਨਹੀਂ ਬਦਲੀ। ਸੁਖਪਾਲ ਸਿੰਘ ਖਹਿਰਾ ਦਾ ਪਿਤਾ ਸਵਰਗੀ ਸੁਖਜਿੰਦਰ ਸਿੰਘ ਅਕਾਲੀ ਦਲ ਦੇ ਮੰਤਰੀ ਰਹੇ ਹਨ। ਸੁਖਪਾਲ ਸਿੰਘ ਖਹਿਰਾ ਵੀ ਅਕਾਲੀ ਦਲ ਤੋਂ ਕਾਂਗਰਸ, ਕਾਂਗਰਸ ਤੋਂ ਆਮ ਆਦਮੀ ਪਾਰਟੀ ਤੇ ਫਿਰ ਕਾਂਗਰਸ 'ਚ ਆਏ ਹਨ। ਉਹ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਹਨ। ਡਾ. ਧਰਮਵੀਰ ਗਾਂਧੀ ਵਿਦਿਆਰਥੀ ਜੀਵਨ ਤੋਂ ਖੱਬੇ-ਪੱਖੀ ਸੋਚ ਦੇ ਹਾਮੀ ਰਹੇ ਹਨ।

ਸਿਆਸਤ 'ਚ ਆਮ ਆਦਮੀ ਪਾਰਟੀ ਰਾਹੀਂ ਆਏ ਤੇ 2014 ਵਿੱਚ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਬਣ ਗਏ। ਇਸ ਵਾਰ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ ਤੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਹਨ। ਯਾਮਿਨੀ ਗੋਮਰ ਨੇ 2014 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜੀ ਸੀ ਅਤੇ 2016 ਵਿੱਚ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਫਿਰ ਕਾਂਗਰਸ ਪਾਰਟੀ ਵਿੱਚ ਆਏ ਤੇ ਹੁਣ ਹੁਸ਼ਿਆਰਪਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਹਨ। ਚਰਨਜੀਤ ਸਿੰਘ ਚੰਨੀ ਵੀ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚਮਕੌਰ ਸਾਹਿਬ ਤੋਂ ਚੋਣ ਲੜੇ ਸਨ ਤੇ ਫਿਰ ਕਾਂਗਰਸ ਵਿਚ ਆਏ, ਮੰਤਰੀ ਤੇ ਮੁੱਖ ਮੰਤਰੀ ਬਣੇ। ਹੁਣ ਜਲੰਧਰ ਤੋਂ ਚੋਣ ਲੜ ਰਹੇ ਹਨ। ਜੀਤ ਮਹਿੰਦਰ ਸਿੰਘ ਸਿੱਧੂ ਪਹਿਲਾਂ ਅਕਾਲੀ ਦਲ ਵਿਚ ਸਨ, ਫਿਰ 2002 'ਚ ਤਲਵੰਡੀ ਸਾਬੋ ਤੋਂ ਆਜ਼ਾਦ ਵਿਧਾਨਕਾਰ ਬਣੇ, 2004 ਵਿਚ ਕਾਂਗਰਸ ਵਿੱਚ ਸ਼ਾਮਲ ਹੋ ਗਏ। ਸੰਨ 2012 ਵਿੱਚ ਕਾਂਗਰਸ ਪਾਰਟੀ ਤੋਂ ਵਿਧਾਨਕਾਰ ਬਣੇ, 2014 ਵਿਚ ਅਸਤੀਫ਼ਾ ਦੇ ਕੇ ਅਕਾਲੀ ਦਲ ਵਿਚ ਚਲੇ ਗਏ। ਹੁਣ ਕਾਂਗਰਸ ਵਿੱਚ ਸ਼ਾਮਲ ਹੋ ਕੇ ਬਠਿੰਡਾ ਤੋਂ ਉਮੀਦਵਾਰ ਹਨ। ਅਮਰਜੀਤ ਕੌਰ ਸਾਹੋਕੇ ਅਕਾਲੀ ਦਲ ਵਿੱਚੋਂ ਆਏ ਹਨ। ਉਹ ਅਕਾਲੀ ਦਲ ਦੇ ਜ਼ਿਲ੍ਹਾ ਪ੍ਰੀਸ਼ਦ ਫਰੀਦਕੋਟ ਦੇ ਚੇਅਰਪਰਸਨ ਰਹੇ ਹਨ। ਹੁਣ ਕਾਂਗਰਸ ਪਾਰਟੀ ਵੱਲੋਂ ਚੋਣ ਲੜ ਰਹੇ ਹਨ। ਕੁਲਬੀਰ ਸਿੰਘ ਜ਼ੀਰਾ ਦੇ ਪਿਤਾ ਇੰਦਰਜੀਤ ਸਿੰਘ ਜ਼ੀਰਾ ਅਕਾਲੀ ਦਲ ਦੇ ਮੰਤਰੀ ਸਨ। ਕੁਲਬੀਰ ਸਿੰਘ ਜ਼ੀਰਾ ਵੀ ਅਕਾਲੀ ਦਲ ਤੋਂ ਕਾਂਗਰਸ ਵਿਚ ਆ ਕੇ ਵਿਧਾਨਕਾਰ ਰਹੇ ਹਨ।

ਹੁਣ ਲੋਕ ਸਭਾ ਦੀ ਚੋਣ ਖਡੂਰ ਸਾਹਿਬ ਸੀਟ ਤੋਂ ਲੜ ਰਹੇ ਹਨ। ਸ਼ੇਰ ਸਿੰਘ ਘੁਬਾਇਆ ਅਕਾਲੀ ਦਲ ਦੇ ਫਿਰੋਜ਼ਪੁਰ ਤੋਂ ਦੋ ਵਾਰ 2009 ਤੇ 2014 'ਚ ਲੋਕ ਸਭਾ ਦੇ ਮੈਂਬਰ ਰਹੇ ਹਨ ਪ੍ਰੰਤੂ ਇਸ ਵਾਰ ਕਾਂਗਰਸ ਦੇ ਉਮੀਦਵਾਰ ਹਨ। ਅਮਰ ਸਿੰਘ ਸੇਵਾ ਮੁਕਤ ਆਈਏਐੱਸ ਅਧਿਕਾਰੀ ਹਨ। ਅਕਾਲੀ ਦਲ ਵੱਲੋਂ ਅਨਿਲ ਜੋਸ਼ੀ, ਜੋ ਅੰਮ੍ਰਿਤਸਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਹਨ, ਭਾਰਤੀ ਜਨਤਾ ਪਾਰਟੀ ਦੇ ਸਥਾਨਕ ਸਰਕਾਰਾਂ ਦੇ ਮਹੱਤਵਪੂਰਨ ਵਿਭਾਗ ਦੇ ਮੰਤਰੀ ਰਹੇ ਹਨ। ਕਿਸਾਨ ਅੰਦੋਲਨ ਸਮੇਂ ਉਹ ਅਕਾਲੀ ਦਲ ਵਿੱਚ ਆ ਗਏ ਸਨ। ਇਸੇ ਤਰ੍ਹਾਂ ਮਹਿੰਦਰ ਸਿੰਘ ਕੇ. ਪੀ. ਟਕਸਾਲੀ ਕਾਂਗਰਸ ਪਰਿਵਾਰ ਵਿੱਚੋਂ ਹਨ। ਉਹ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਵਜ਼ਾਰਤ ਵਿੱਚ ਮੰਤਰੀ ਰਹੇ ਹਨ। ਕਾਂਗਰਸ ਦੇ ਲੋਕ ਸਭਾ ਦੇ ਮੈਂਬਰ ਵੀ ਰਹੇ ਹਨ। ਟਿਕਟ ਨਾ ਮਿਲਣ ਕਰਕੇ ਅਕਾਲੀ ਦਲ ਵਿੱਚ ਆ ਗਏ ਹਨ ਤੇ ਜਲੰਧਰ ਤੋਂ ਆਪਣੇ ਰਿਸ਼ਤੇਦਾਰ ਵਿਰੁੱਧ ਚੋਣ ਲੜ ਰਹੇ ਹਨ। ਮਹਾਰਾਣੀ ਪ੍ਰਨੀਤ ਕੌਰ ਕਾਂਗਰਸ ਪਾਰਟੀ ਦੇ ਚਾਰ ਵਾਰ ਲੋਕ ਸਭਾ ਦੇ ਮੈਂਬਰ, ਇੱਕ ਵਾਰ ਵਿਧਾਇਕ ਤੇ ਕੇਂਦਰੀ ਰਾਜ ਮੰਤਰੀ ਰਹੇ ਹਨ। ਉਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਤੇ ਇਸ ਵਾਰ ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਚੋਣ ਲੜ ਰਹੇ ਹਨ। ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਇਸ ਵਾਰ ਚੋਣ ਨਹੀਂ ਲੜੇ ਪਰ ਉਹ ਦੋ ਵਾਰ ਕਾਂਗਰਸ ਦੇ ਮੁੱਖ ਮੰਤਰੀ, ਅਕਾਲੀ ਮੰਤਰੀ ਰਹੇ ਤੇ ਹੁਣ ਭਾਜਪਾ ਨੇਤਾ ਹਨ। ਸੁਸ਼ੀਲ ਕੁਮਾਰ ਰਿੰਕੂ ਕਾਂਗਰਸ ਦੇ ਵਿਧਾਨਕਾਰ ਰਹੇ ਹਨ। ਜਲੰਧਰ ਜ਼ਿਮਨੀ ਚੋਣ ਸਮੇਂ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ।ਹੁਣ ਉਹ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਹਨ ਤੇ ਉਸ ਦੇ ਉਮੀਦਵਾਰ ਦੇ ਤੌਰ 'ਤੇ ਜਲੰਧਰ ਤੋਂ ਚੋਣ ਲੜ ਰਹੇ ਹਨ। ਰਵਨੀਤ ਸਿੰਘ ਬਿੱਟੂ ਤਿੰਨ ਵਾਰ ਕਾਂਗਰਸ ਪਾਰਟੀ ਦੇ ਲੋਕ ਸਭਾ ਦੇ ਮੈਂਬਰ ਅਤੇ ਲੋਕ ਸਭਾ ਵਿੱਚ ਥੋੜ੍ਹੇ ਸਮੇਂ ਲਈ ਵਿਰੋਧੀ ਧਿਰ ਦੇ ਨੇਤਾ ਰਹੇ ਹਨ। ਹੁਣ ਉਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਲੁਧਿਆਣਾ ਤੋਂ ਚੋਣ ਲੜ ਰਹੇ ਹਨ। ਮਨਜੀਤ ਸਿੰਘ ਮੰਨਾ ਅਕਾਲੀ ਦਲ ਵਿੱਚੋਂ ਆ ਕੇ ਭਾਰਤੀ ਜਨਤਾ ਪਾਰਟੀ ਦੇ ਖਡੂਰ ਸਾਹਿਬ ਤੋਂ ਉਮੀਦਵਾਰ ਹਨ। ਰਾਣਾ ਗੁਰਮੀਤ ਸਿੰਘ ਸੋਢੀ ਕਾਂਗਰਸ ਦੇ 4 ਵਾਰ ਵਿਧਾਇਕ ਤੇ ਮੰਤਰੀ ਰਹੇ ਹਨ। ਇਸ ਵਾਰ ਫਿਰੋਜ਼ਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਨ। ਅਰਵਿੰਦ ਖੰਨਾ ਅਕਾਲੀ ਦਲ ਤੋਂ ਕਾਂਗਰਸ ਵਿੱਚ ਆਏ ਤੇ ਦੋ ਵਾਰ ਕਾਂਗਰਸ ਦੇ ਵਿਧਾਇਕ ਰਹੇ ਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਸੰਗਰੂਰ ਤੋਂ ਉਮੀਦਵਾਰ ਹਨ। ਤਰਨਜੀਤ ਸਿੰਘ ਸੰਧੂ ਅਮਰੀਕਾ 'ਚੋਂ ਭਾਰਤੀ ਹਾਈ ਕਮਿਸ਼ਨਰ ਸੇਵਾ ਮੁਕਤ ਹੋ ਕੇ ਅੰਮ੍ਰਿਤਸਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਨ। ਉਹ ਵੀ ਅਕਾਲੀ ਪਰਿਵਾਰ 'ਚੋਂ ਹਨ। ਇਸੇ ਤਰ੍ਹਾਂ ਪਰਮਪਾਲ ਕੌਰ ਸੇਵਾ ਮੁਕਤ ਆਈਏਐੱਸ ਅਧਿਕਾਰੀ, ਜੋ ਅਕਾਲੀ ਪਰਿਵਾਰ 'ਚੋਂ ਹਨ ਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਬਠਿੰਡਾ ਤੋਂ ਚੋਣ ਲੜ ਰਹੇ ਹਨ। ਹੰਸ ਰਾਜ ਹੰਸ ਨੇ ਵੀ ਕਈ ਪਾਰਟੀਆਂ ਬਦਲੀਆਂ ਹਨ। ਵੋਟਰ ਇਨ੍ਹਾਂ ਦੀਆਂ ਦਲ-ਬਦਲੀਆਂ ਨੂੰ ਕਿਵੇਂ ਲੈਂਦੇ ਹਨ ਇਹ ਤਾਂ 4 ਜੂਨ ਨੂੰ ਹੀ ਪਤਾ ਚੱਲੇਗਾ।

# ਭਾਰਤੀ ਚੋਣਾਂ ਅਤੇ ਵਿਦੇਸ਼ੀ ਮੀਡੀਆ

ਦਰਬਾਰਾ ਸਿੰਘ ਕਾਹਲੋਂ



ਭਾਰਤ ਅੰਦਰ 18ਵੀਂ ਲੋਕ ਸਭਾ ਦੀਆਂ 543 ਸੀਟਾਂ ਲਈ ਚੋਣ ਪ੍ਰਕਿਰਿਆ ਧੜੱਲੇ ਨਾਲ ਚੱਲ ਰਹੀ ਹੈ। 7 ਗੇੜਾਂ ਵਿੱਚ ਹੋ ਰਹੀਆਂ ਚੋਣਾਂ 19 ਅਪਰੈਲ ਨੂੰ ਸ਼ੁਰੂ ਹੋ ਗਈਆਂ, ਇਹ ਸਿਲਸਿਲਾ ਪਹਿਲੀ ਜੂਨ ਤੱਕ ਜਾਰੀ ਰਹੇਗਾ। 4 ਜੂਨ ਨੂੰ ਭਾਰਤੀ ਚੋਣ ਕਮਿਸ਼ਨ ਨਤੀਜੇ ਐਲਾਨ ਦੇਵੇਗਾ। ਦੇਸ਼-ਵਿਦੇਸ਼ ਅੰਦਰ ਹੀ ਨਹੀਂ, ਕੌਮਾਂਤਰੀ ਸੰਸਥਾਵਾਂ ਵਿੱਚ ਇਨ੍ਹਾਂ ਚੋਣਾਂ ਦੇ ਚਰਚੇ ਜ਼ੋਰ-ਸ਼ੋਰ ਨਾਲ ਚੱਲ ਰਹੇ ਹਨ। ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਕਰੀਬ 140 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ ਇਸ ਚੋਣ ਮੇਲੇ ਵਿੱਚ 98.68 ਕਰੋੜ ਵੋਟਰ ਭਾਗ ਲੈ ਰਹੇ ਹਨ। ਕਰੀਬ 2.63 ਕਰੋੜ ਐਸੇ ਨੌਜਵਾਨ ਵੋਟਰ ਹਨ ਜੋ ਪਹਿਲੀ ਵਾਰ ਆਪਣੇ ਮਤ ਅਧਿਕਾਰ ਦੀ ਵਰਤੋਂ ਕਰਨਗੇ। ਇਨ੍ਹਾਂ ਵਿਚ 1.41 ਕਰੋੜ ਔਰਤ ਵੋਟਰ ਹਨ।

ਯੂਐੱਨਓ, ਯੂਰੋਪੀਅਨ ਯੂਨੀਅਨ, 22 ਅਰਬ ਦੇਸ਼ਾਂ 'ਤੇ ਆਧਾਰਿਤ ਅਰਬ ਲੀਗ, ਏਸ਼ੀਅਨ, ਅਫਰੀਕਨ, ਲਤਾਨੀ ਦੇਸ਼, ਅਮਰੀਕਾ, ਰੂਸ, ਚੀਨ ਵਰਗੇ ਤਾਕਤਵਰ ਦੇਸ਼ ਭਾਰਤੀ ਚੋਣਾਂ ਨੂੰ ਬੜੇ ਧਿਆਨ ਨਾਲ ਤੱਕ ਰਹੇ ਹਨ। ਸੰਸਾਰ ਦਾ ਨਾਮਵਰ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਇਸ ਬਾਰੇ ਟਿੱਪਣੀਆਂ ਕਰ ਰਿਹਾ ਹੈ। 'ਗਲੋਬ ਐਂਡ ਮੇਲ', 'ਟੋਰਾਂਟੋ ਸਟਾਰ', 'ਗਾਰਡੀਅਨ', 'ਗਲੋਬਲ ਟਾਈਮਜ਼' ਅਤੇ ਅਨੇਕ ਸੰਸਥਾਵਾਂ ਲੇਖਾਂ, ਟਿੱਪਣੀਆਂ ਅਤੇ ਅਧਿਐਨਾਂ ਰਾਹੀਂ ਭਾਰਤੀ ਲੋਕਤੰਤਰ, ਲੋਕਤੰਤਰੀ ਸੰਸਥਾਵਾਂ, ਮਾਨਵ ਅਧਿਕਾਰਾਂ, ਆਰਥਿਕ ਅਤੇ ਸਮਾਜਿਕ ਵਿਵਸਥਾ ਬਾਰੇ ਸਮੀਖਿਆਵਾਂ ਪੇਸ਼ ਕਰ ਰਹੀਆਂ ਹਨ।

'ਦਿ ਗਾਰਡੀਅਨ' ਮੁਤਾਬਿਕ, ਸੰਸਾਰ ਦੀ ਸਭ ਤੋਂ ਲੰਮੀ ਚੋਣ ਪ੍ਰਕਿਰਿਆ ਸ਼ੁਰੂ ਹੋਣ 'ਤੇ ਹੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੇਸ਼ ਦੀ ਅਗਵਾਈ ਕਰਨ ਲਈ ਦੌੜ ਪਹਿਲਾਂ ਹੀ ਜਿੱਤੀ ਜਾ ਚੁੱਕੀ ਹੈ। ਜੇ ਨਰਿੰਦਰ ਮੋਦੀ ਤੀਜੀ ਵਾਰ ਜਿੱਤ ਪ੍ਰਾਪਤ ਕਰਦੇ ਹਨ ਤਾਂ ਉਹ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਬਰਾਬਰੀ ਕਰ ਲੈਣਗੇ। ਨਤੀਜੇ ਜੋ ਵੀ ਹੋਣ ਪਰ ਸਭ ਤੋਂ ਵੱਡੇ ਘਾਟੇ ਵਿੱਚ ਭਾਰਤੀ ਲੋਕਤੰਤਰ ਹੋਵੇਗਾ। ਨਹਿਰੂ ਆਪਣੀ ਆਲੋਚਨਾ ਸਹਾਰ ਲੈਂਦਾ ਸੀ ਪਰ ਮੋਦੀ ਕੋਲ ਤਾਂ ਆਪਣੇ ਵਿਰੋਧੀਆਂ ਲਈ ਵੀ ਸਮਾਂ ਨਹੀਂ। ਅਸਲ ਵਿੱਚ, ਲੋਕਤੰਤਰ ਤਾਂ ਹੀ ਚੱਲਦਾ ਹੈ ਜੇ ਮੁਕਾਬਲਾ ਬਰਾਬਰੀ ਵਾਲੇ ਵਿਹਾਰ ਦੀ ਗਾਰੰਟੀ ਆਧਾਰਿਤ ਹੋਵੇ ਲੇਕਿਨ ਮੋਦੀ ਕਾਲ ਵਿੱਚ ਇਸ ਦੀ ਘਾਟ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਫਰੀਜ਼ ਕੀਤੇ ਗਏ। ਈਡੀ ਅਤੇ ਆਈਟੀ ਨੇ ਵਿਰੋਧੀ ਧਿਰ ਦੇ ਆਗੂ ਗ੍ਰਿਫਤਾਰ ਕੀਤੇ। 2018 ਤੋਂ ਭਾਜਪਾ ਨੇ ਅਮੀਰ ਦਾਨੀਆਂ ਤੋਂ ਸਵਾ ਬਿਲੀਅਨ ਪੌਂਡ, ਵਿਰੋਧੀ ਪਾਰਟੀਆਂ ਦੇ ਕੁੱਲ ਜੋੜ ਤੋਂ ਕਿਤੇ ਵੱਧ ਪ੍ਰਾਪਤ ਕੀਤੇ। ਪਿਛਲੇ ਦਸ ਸਾਲਾਂ ਵਿਚ ਵਧਦੀ ਬੇਰੁਜ਼ਗਾਰੀ, ਮਹਿੰਗਾਈ ਅਤੇ ਆਰਥਿਕ ਅਸੁਰੱਖਿਆ ਤੋਂ ਵੋਟਰ ਨਾਰਾਜ਼ ਦਰਸਾਏ ਗਏ ਲੇਕਿਨ ਮੋਦੀ ਨੇ ਜਨਤਕ ਹਰਮਨ ਪਿਆਰਤਾ ਬਲਬੂਤੇ ਚੋਣਾਂ ਜਿੱਤਣ ਤੋਂ ਬਾਅਦ ਰਾਜਕੀ, ਲੋਕਤੰਤਰੀ ਅਤੇ ਸੰਵਿਧਾਨਕ ਹੱਕ ਮੁਹੱਈਆ ਕਰਵਾਉਣ ਵਾਲੀਆਂ ਸੰਸਥਾਵਾਂ ਨੂੰ ਹੀ ਇੰਨਾ ਕਮਜ਼ੋਰ ਕਰ ਦਿੱਤਾ ਕਿ ਉਸ ਦੀ ਜਿੱਤ ਨੂੰ ਕੋਈ ਚੁਣੌਤੀ ਨਾ ਦੇ ਸਕੇ।

'ਗਲੋਬ ਐਂਡ ਮੇਲ', 'ਟੋਰਾਂਟੋ ਸਟਾਰ' ਅੰਦਰਲੇ ਲੇਖ ਵੀ 'ਦਿ ਗਾਰਡੀਅਨ' ਦੀ ਤਰਜ਼ ਵਾਲੇ ਹਨ ਅਤੇ 205 ਮਿਲੀਅਨ ਭਾਰਤੀ ਮੁਸਲਮਾਨਾਂ ਨੂੰ ਦਰਕਿਨਾਰ ਕਰਨ ਵਾਲੇ ਮੋਦੀ ਦੇ 1.1 ਬਿਲੀਅਨ ਹਿੰਦੂ ਬਹੁਗਿਣਤੀ ਆਧਾਰ 'ਤੇ ਹਿੰਦੂਤਵੀ ਪੱਤੇ ਦਾ ਜ਼ਿਕਰ ਕਰਦੇ ਹਨ। ਲਿਖਤਾਂ ਵਿੱਚ ਦੱਖਣੀ ਭਾਰਤ ਜਿੱਥੇ ਮੋਦੀ ਦੀ ਹਿੰਦੂਤਵੀ ਲਹਿਰ ਦਾ ਕੋਈ ਅਸਰ ਨਹੀਂ, ਵਿੱਚ ਉੱਤਰੀ ਭਾਰਤੀਆਂ ਨਾਲੋਂ ਬਿਹਤਰ ਤਰਜ਼-ਏ-ਜ਼ਿੰਦਗੀ ਦਾ ਜ਼ਿਕਰ ਹੈ।

ਵਿਦੇਸ਼ੀ ਮੀਡੀਆ ਸਮਝਦਾ ਹੈ ਕਿ ਹਿੰਦੂਤਵੀ ਪੱਤੇ ਰਾਹੀਂ ਮੋਦੀ ਨੇ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਸਥਾਪਿਤ ਧਰਮ ਨਿਰਪੱਖ ਅਤੇ ਹਿੰਦੂ-ਮੁਸਲਿਮ ਅੰਦਰ ਵਧਦੀ ਨੇੜਤਾ ਨੂੰ ਸੌੜੀ ਰਾਸ਼ਟਰਵਾਦੀ ਵਿਚਾਰਧਾਰਾ ਅਤੇ ਅਮਲ ਰਾਹੀਂ ਖ਼ਤਮ ਕਰ ਦਿੱਤਾ ਹੈ। ਰਾਜਕੀ ਪੁਲਿਸ ਸ਼ਕਤੀ ਅਤੇ ਹਿੰਦੂਤਵੀ ਚੌਕਸੀ ਗਰੁੱਪਾਂ ਦੇ ਤਸ਼ੱਦਦ ਰਾਹੀਂ ਭਾਰਤੀ ਰਾਸ਼ਟਰ ਅੰਦਰ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਮੁਗਲ ਕਾਲ ਵੇਲੇ ਅਯੁੱਧਿਆ ਵਿੱਚ ਸਥਾਪਿਤ ਬਾਬਰੀ ਮਸਜਿਦ ਗਿਰਾ ਕੇ ਉਸ ਦੀ ਥਾਂ ਸ਼ਾਨਦਾਰ ਰਾਮ ਮੰਦਰ ਦਾ ਨਿਰਮਾਣ ਹਿੰਦੂਤਵ ਵਾਸਤੂ ਸ਼ਾਸਤਰ ਰਾਹੀਂ ਕੀਤਾ ਗਿਆ ਹੈ ਜਿੱਥੇ ਖ਼ੁਦ ਮੋਦੀ ਨੇ 22 ਜਨਵਰੀ 2024 ਨੂੰ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਤਾ ਕਾਰਜ ਅੰਜਾਮ ਦਿੱਤਾ। 2006 ਦੇ ਮੈਗਾਸੇਸੇ ਇਨਾਮ ਪ੍ਰਾਪਤ ਕਰਤਾ ਅਰਵਿੰਦ ਕੇਜਰੀਵਾਲ ਜੋ ਅੱਜ ਕੱਲ੍ਹ ਦਿੱਲੀ ਦੇ ਮੁੱਖ ਮੰਤਰੀ ਹਨ, ਨੂੰ ਮੋਦੀ ਦੀ ਹਿੱਕ ਵਿੱਚ ਕੰਡਾ ਸਮਝਦੇ ਹੋਏ ਗ੍ਰਿਫਤਾਰ ਕਰ ਲਿਆ ਗਿਆ। ਇਵੇਂ ਹੀ ਵਿਰੋਧੀ ਧਿਰ ਦੇ ਹੋਰ ਆਗੂ ਵੀ ਗ੍ਰਿਫਤਾਰ ਕੀਤੇ ਗਏ ਹਨ। ਕੇਜਰੀਵਾਲ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਹੈ। ਮਾਮਲਾ ਨਿਆਂਪਾਲਿਕਾ ਦੇ ਵਿਚਾਰ ਅਧੀਨ ਹੈ। ਅਮਰੀਕਾ, ਜਰਮਨੀ, ਯੂਐੱਨ ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਸਵਾਲ ਉਠਾ ਚੁੱਕੇ ਹਨ।

'ਸੰਸਾਰ ਸਮਾਨਤਾ ਲੈਬ' ਸੰਸਥਾ ਮੋਦੀ ਕਾਲ ਨੂੰ ਭਾਰਤੀ ਅਰਬਪਤੀਆਂ ਲਈ ਸੁਨਹਿਰੀ ਕਾਲ ਸਮਝਦੀ ਹੈ ਜਿਸ ਨੇ ਅਮਰੀਕਾ, ਬ੍ਰਾਜ਼ੀਲ, ਦੱਖਣੀ ਅਫਰੀਕਾ ਨਾਲੋਂ ਵੀ ਭਾਰਤ ਅੰਦਰ ਆਰਥਿਕ ਸਮਾਜਿਕ ਨਾ-ਬਰਾਬਰੀ ਪੈਦਾ ਕੀਤੀ ਹੈ। ਵਾਸ਼ਿੰਗਟਨ ਸਥਿਤ ਥਿੰਕ ਟੈਂਕ 'ਫਰੀਡਮ ਹਾਊਸ' ਦਾ ਮੰਨਣਾ ਹੈ ਕਿ 2014 ਤੋਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਢਾਹ ਲੱਗੀ ਹੈ। 'ਮਾਇਆ ਟਿਊਡਰ' ਅਨੁਸਾਰ, ਵਿਰੋਧੀ ਧਿਰ ਨੂੰ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਮੀਡੀਆ ਨੂੰ ਧਮਕਾਇਆ ਜਾਂਦਾ ਹੈ ਅਤੇ ਨਿਆਂਪਾਲਕਾ ਦਾ ਕੇਂਦਰੀਕਰਨ ਹੋ ਚੁੱਕਾ ਹੈ। 'ਟੋਰਾਂਟੋ ਸਟਾਰ' ਭਾਰਤ ਵਿੱਚ ਐਸੀ ਵਿਵਸਥਾ ਨੂੰ ਭਾਰਤੀ ਵੱਕਾਰ ਦੀ ਮੌਤ ਅਤੇ 'ਗਲੋਬ ਐਂਡ ਮੇਲ' ਸਭ ਤੋਂ ਵੱਡੀ ਲੋਕਸ਼ਾਹੀ ਅੰਦਰ ਮਨੁੱਖੀ ਆਜ਼ਾਦੀਆਂ ਦਾ ਘਾਣ ਮੰਨਦੇ ਹਨ ਲੇਕਿਨ ਚੀਨੀ ਕਮਿਊਨਿਸਟ ਪਾਰਟੀ ਦਾ ਬੁਲਾਰਾ 'ਗਲੋਬਲ ਟਾਈਮਜ਼' ਪਿਛਲੇ 4 ਸਾਲਾਂ ਵਿੱਚ ਭਾਰਤ ਵਿੱਚ ਵੱਡੀ ਤਬਦੀਲੀ ਦਰਸਾ ਰਿਹਾ ਹੈ। ਭਾਰਤੀ ਆਰਥਿਕ ਵਿਕਾਸ ਅਤੇ ਸਮਾਜਿਕ ਸ਼ਾਸਨ ਵਿੱਚ ਅਦਭੁੱਤ ਨਤੀਜੇ ਸਾਹਮਣੇ ਆਏ ਹਨ। ਭਾਰਤ ਸੰਸਾਰ ਦਾ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲਾ ਰਾਸ਼ਟਰ ਬਣ ਰਿਹਾ ਹੈ। ਕੌਮਾਂਤਰੀ ਮੁਦਰਾ ਕੋਸ਼ ਭਾਰਤ ਨੂੰ ਗਲੋਬਲ ਆਰਥਿਕ ਵਿਕਾਸ ਦੇ ਲੀਡਰ ਵਜੋਂ ਉੱਭਰਦਾ ਦਰਸਾ ਰਿਹਾ ਹੈ।

# ਇੱਕ ਜੇਠ ਦਾ ਮਹੀਨਾ...

# ਜੇਠ ਮਹੀਨਾ ਲੂਆਂ ਦਾ ਪਾਣੀ ਸੁੱਕਦਾ ਖੂਹਾਂ ਦਾ...






ਅੰਮ੍ਰਿਤ ਵੇਲੇ ਚਿੜੀਆਂ ਦੀ ਚੀਂ ਚੀਂ, ਕੋਇਲ ਦੀ ਮਿੱਠੀ-ਮਿੱਠੀ ਕੂਕ ਦੇ ਨਾਲ ਹਲਕੇ ਨੀਲੇ ਅਸਮਾਨ 'ਤੇ ਚੜ੍ਹਦੇ ਸੂਰਜ ਦੀ ਫੈਲਦੀ ਲਾਲੀ, ਚਿਤਕਬਰੇ ਬੱਦਲਾਂ ਨਾਲ ਅੱਠਖੇਲੀਆਂ ਕਰਦੀ ਹੋਈ ਦਿਨ ਚੜ੍ਹਨ ਦੀ ਸੂਚਨਾ ਦਿੰਦੀ ਹੈ ਤਾਂ ਦੂਰੋਂ ਨੇੜਿਓਂ ਧਾਰਮਿਕ ਸਥਾਨ ਤੋਂ ਆਉਂਦੀ ਧਾਰਮਿਕ ਸ਼ਬਦਾਂ ਦੀ ਆਵਾਜ਼ ਸਭ ਆਮ ਤੇ ਖਾਸ ਨੂੰ ਸੂਚਨਾ ਦੇ ਦਿੰਦੀ ਹੈ ਕਿ ਭਾਈ, ਅੱਜ ਜੇਠ ਮਹੀਨੇ ਦੀ ਸੰਗਰਾਂਦ ਤੋਂ ਜੇਠ ਮਹੀਨਾ ਸ਼ੁਰੂ ਹੋ ਗਿਆ ਹੈ ਜੀ।

ਪੰਜਾਬ ਵਿੱਚ ਇੱਕ ਜੂਨ ਨੂੰ ਪੈਣੀਆਂ ਲੋਕ ਸਭਾ ਦੀਆਂ ਵੋਟਾਂ ਕਾਰਨ ਪੰਜਾਬ ਦੇ ਸਿਆਸੀ ਮਾਹੌਲ ਵਿੱਚ ਪਹਿਲਾਂ ਹੀ ਬਹੁਤ ਗਰਮੀ ਆਈ ਹੋਈ ਹੈ, ਦੂਜੇ ਪਾਸੇ ਜੇਠ ਮਹੀਨੇ ਦੀ ਗਰਮੀ ਵੀ ਆਪਣਾ ਅਸਰ ਦਿਖਾ ਰਹੀ ਹੈ। ਦੋਵੇਂ ਤਰ੍ਹਾਂ ਦੀਆਂ ਗਰਮੀਆਂ ਹੀ ਪੰਜਾਬੀਆਂ ਨੂੰ ਆਪੋ ਆਪਣਾ ਅਸਰ ਦਿਖਾ ਰਹੀਆਂ ਹਨ।

ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਪਹਿਲੇ ਦਿਨ ਹੀ ਜਦੋਂ ਦਿਨ ਚੜ੍ਹਦਾ ਹੈ, ਸੂਰਜ ਦੀ ਤੇਜ਼ ਧੁੱਪ ਆਪਣਾ ਅਸਰ ਦਿਖਾਉਂਦੀ ਹੈ ਅਤੇ ਚਲਦੀ ਹੋਈ ਗਰਮ ਲੂ ਅੱਜ ਕੱਲ੍ਹ ਮਹਿੰਗਾਈ ਦੀ ਭੱਠੀ ਵਿੱਚ ਪਹਿਲਾਂ ਤੋਂ ਤਪ ਕੇ ਗਰਮ ਹੋਏ ਬੈਠੇ ਆਮ ਲੋਕਾਂ ਨੂੰ ਹੋਰ ਗਰਮ ਕਰ ਜਾਂਦੀ ਹੈ। ਆਮ ਲੋਕਾਂ ਨੂੰ ਇਹ ਸਮਝ ਨਹੀਂ ਲੱਗਦੀ ਕਿ ਉਹਨਾਂ ਨੂੰ ਜੇਠ ਮਹੀਨੇ ਦੌਰਾਨ ਚਲਦੀਆਂ ਗਰਮ ਲੂੰਆਂ ਨੇ ਤਪਾਇਆ ਹੈ ਜਾਂ ਦਿਨੋਂ ਦਿਨ ਅਮਰ ਵੇਲ ਵਾਂਗ ਵੱਧ ਰਹੀ ਮਹਿੰਗਾਈ ਨੇ। ਜੇਠ ਮਹੀਨਾ ਆਪਣੇ ਗਰਮ ਸੁਭਾਅ ਕਰਕੇ ਹਰ ਵਿਅਕਤੀ ਨੂੰ ਘਰਾਂ ਅੰਦਰ ਬੈਠਣ ਲਈ ਮਜਬੂਰ ਕਰ ਦਿੰਦਾ ਹੈ। ਜੇਠ ਮਹੀਨੇ ਦੌਰਾਨ ਸਿਰਫ਼ ਉਹ ਲੋਕ ਘਰਾਂ ਤੋਂ ਬਾਹਰ ਨਿਕਲਦੇ ਹਨ, ਜੋ ਕਿ ਜਾਂ ਤਾਂ ਦਫ਼ਤਰ ਜਾਂ ਕੰਮ ਧੰਦੇ ਜਾਣ ਵਾਲੇ ਹੁੰਦੇ ਨੇ, ਜਾਂ ਕਿਸੇ ਹੋਰ ਦੁੱਖ ਸੁੱਖ ਵਿੱਚ ਜਾਣ ਵਾਲੇ ਹੁੰਦੇ ਨੇ। ਜੇਠ ਮਹੀਨੇ ਦੌਰਾਨ ਬੱਚਿਆਂ ਨੂੰ ਘਰਾਂ ਤੋਂ ਬਾਹਰ ਨਿਕਲਣ ਤੋਂ ਸਖ਼ਤੀ ਨਾਲ ਵਰਜਿਆ ਜਾਂਦਾ ਹੈ।

ਜਦੋਂ ਤੋਂ ਮਨੁੱਖ ਨੇ ਆਪਣੇ ਲਾਲਚ ਲਈ ਕੁਦਰਤ ਨਾਲ ਛੇੜ-ਛਾੜ ਕਰਨੀ ਆਰੰਭ ਕੀਤੀ ਹੈ, ਉਦੋਂ ਤੋਂ ਕੁਦਰਤ ਵੀ ਸਮੇਂ ਸਮੇਂ ਆਪਣਾ ਰੋਸ ਪ੍ਰਗਟ ਕਰਦੀ ਰਹਿੰਦੀ ਹੈ ਪਰ ਲਾਲਚੀ ਮਨੁੱਖ ਅਜੇ ਤਕ ਕੁਦਰਤ ਦਾ ਇਸ਼ਾਰਾ ਨਹੀਂ ਸਮਝਿਆ, ਜਿਸ ਕਾਰਨ ਕੁਦਰਤ ਨਾਰਾਜ਼ ਹੁੰਦੀ ਜਾ ਰਹੀ ਹੈ, ਇਸ ਨਾਰਾਜ਼ਗੀ ਨਾਲ ਰੁੱਤਾਂ ਦਾ ਸਮਾਂ ਬਦਲ ਰਿਹਾ ਹੈ। ਜੇਠ ਮਹੀਨਾ ਲੂੰਆਂ ਦਾ ਮਹੀਨਾ ਮੰਨਿਆ ਜਾਂਦਾ ਹੈ, ਸੱਚਮੁੱਚ ਇਸ ਮਹੀਨੇ ਗਰਮ ਲੂਆਂ ਚੱਲਦੀਆਂ ਹਨ ਅਤੇ ਜੇਠ ਮਹੀਨੇ ਪੈਂਦੀ ਕਹਿਰ ਦੀ ਗਰਮੀ ਦੌਰਾਨ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਹਨ। ਜੇਠ ਮਹੀਨੇ ਧਰਤੀ ਵੀ ਪੂਰੀ ਤਪਦੀ ਹੋਈ ਭੱਠੀ ਵਰਗੀ ਹੋ ਜਾਂਦੀ ਹੈ ਅਤੇ ਧਰਤੀ ਦੀ ਰੂਹ ਤਕ ਪਾਣੀ ਮੰਗਦੀ ਮਹਿਸੂਸ ਹੁੰਦੀ ਹੈ। ਕੁਝ ਵਿਦਵਾਨਾਂ ਅਨੁਸਾਰ ਜੇਠ ਮਹੀਨੇ ਦੀ ਪੁੰਨਿਆ ਵਾਲੇ ਦਿਨ ਚੰਦਰਮਾ 'ਜੇਠ' ਨਛੱਤਰ ਵਿੱਚ ਹੁੰਦਾ ਹੈ, ਇਸ ਲਈ ਇਸ ਮਹੀਨੇ ਨੂੰ ਜੇਠ ਮਹੀਨਾ ਕਿਹਾ ਜਾਂਦਾ ਹੈ। ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚ ਜੇਠ ਮਹੀਨੇ ਦਾ ਆਪਣਾ ਵੱਖਰਾ ਹੀ ਮਹੱਤਵ ਹੈ। ਦੇਸੀ ਸਾਲ ਵਿੱਚ ਜੇਠ ਮਹੀਨਾ ਚੇਤ ਅਤੇ ਵੈਸਾਖ ਮਹੀਨਿਆਂ ਤੋਂ ਬਾਅਦ ਤੀਜੇ ਨੰਬਰ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ ਮਹੀਨਾ ਪੂਰੇ 31 ਦਿਨਾਂ ਦਾ ਹੁੰਦਾ ਹੈ ਅਤੇ ਚੇਤ ਮਹੀਨੇ ਦੌਰਾਨ ਜਿਹੜੀ ਬਸੰਤ ਰੁੱਤ ਹਰ ਬਨਸਪਤੀ ਉੱਪਰ ਪੈਲਾਂ ਪਾਉਂਦੀ ਨਜ਼ਰ ਆਉਂਦੀ ਹੈ, ਉਹ ਬਸੰਤ ਬਹਾਰ ਜੇਠ ਮਹੀਨੇ ਦੌਰਾਨ ਕਿਤੇ ਦੂਰ ਚਲੀ ਜਾਂਦੀ ਹੈ ਅਤੇ ਜੇਠ ਮਹੀਨੇ ਦੌਰਾਨ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਹਰੀ ਭਰੀ ਬਨਸਪਤੀ ਵੀ ਕੁੰਮਲਾਅ ਜਾਂਦੀ ਹੈ। ਜੇਠ ਮਹੀਨੇ ਦੇ ਆਉਣ ਤਕ ਕਿਸਾਨਾਂ ਨੇ ਕਣਕ ਦੀ ਫਸਲ ਦੀ ਕਟਾਈ ਕਰਕੇ ਫਸਲ ਸਾਂਭ ਲਈ ਹੁੰਦੀ ਹੈ ਜਾਂ ਫਿਰ ਫਸਲ ਵੇਚ ਕੇ ਚੰਗੀ ਕਮਾਈ ਕਰ ਲਈ ਹੁੰਦੀ ਹੈ। ਇਸਦੇ ਨਾਲ ਹੀ ਜੇਠ ਮਹੀਨੇ ਦੌਰਾਨ ਕਿਸਾਨਾਂ ਵਲੋਂ ਅਗਲੀ ਫਸਲ ਬੀਜਣ ਦੀ ਵਿਉਂਤਬੰਦੀ ਕੀਤੀ ਜਾਂਦੀ ਹੈ। ਜੇਠ ਮਹੀਨੇ



ਦੌਰਾਨ ਵੱਡੀ ਗਿਣਤੀ ਖੇਤ ਅਗਲੀ ਫਸਲ ਦੀ ਬਿਜਾਈ ਲਈ ਖਾਲੀ ਹੁੰਦੇ ਹਨ, ਜਿਸ ਕਾਰਨ ਹਰ ਪਾਸੇ ਖਾਲੀਪਣ ਨਜ਼ਰ ਆਉਂਦਾ ਹੈ, ਜੋ ਕਿ ਚਲਦੀਆਂ ਤੇਜ਼ ਲੂੰਆਂ ਕਾਰਨ ਹੋਰ ਵੀ ਸੁੰਨਾ ਸੁੰਨਾ ਲੱਗਦਾ ਹੈ ਅਤੇ ਹਰ ਪਾਸੇ ਫੈਲੇ ਖਾਲੀਪਣ ਨੂੰ ਵੇਖ ਕੇ ਮਨੁੱਖੀ ਦਿਲ ਵੀ ਖਾਲੀ ਖਾਲੀ ਮਹਿਸੂਸ ਹੁੰਦਾ ਹੈ।

ਜੇਠ ਮਹੀਨੇ ਹੁਣ ਉਹਨਾਂ ਪ੍ਰਾਈਵੇਟ ਮੁਲਾਜ਼ਮਾਂ ਦੀ ਵੀ ਗੱਲ ਕਰਦੇ ਹਾਂ, ਜੋ ਕਿ ਛੋਟੇ ਵੱਡੇ ਪ੍ਰਾਈਵੇਟ ਦਫ਼ਤਰਾਂ ਵਿੱਚ 15 ਕੁ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਤਨਖਾਹ 'ਤੇ ਨੌਕਰੀ ਕਰਦੇ ਹਨ ਅਤੇ ਆਪਣੇ ਆਪ ਨੂੰ ਵਾਈਟ ਕਾਲਰ ਜੌਬ ਹੋਣ ਦਾ ਭਰਮ ਪਾਲ ਕੇ ਦਿਨੇ ਵੀ ਜਾਗਦੀਆਂ ਅੱਖਾਂ ਨਾਲ ਸੁਪਨੇ ਵੇਖਦੇ ਹਨ, ਇਹ ਗੱਲ ਵੱਖਰੀ ਹੈ ਕਿ ਅਜਿਹੇ ਪ੍ਰਾਈਵੇਟ ਨੌਕਰੀਆਂ ਕਰਨ ਵਾਲਿਆਂ ਦੇ ਸੁਫਨੇ ਕਦੇ ਪੂਰੇ ਨਹੀਂ ਹੁੰਦੇ। ਦਿਹਾੜੀਦਾਰਾਂ, ਮਜ਼ਦੂਰਾਂ ਦਾ ਦਰਦ ਤਾਂ ਹਰ ਕੋਈ ਬਿਆਨ ਕਰ ਦਿੰਦਾ ਹੈ ਪਰ ਇਹਨਾਂ ਪ੍ਰਾਈਵੇਟ ਦਫ਼ਤਰਾਂ ਵਿੱਚ ਪ੍ਰਾਈਵੇਟ ਅਦਾਰਿਆਂ ਦੇ ਮਾਲਕਾਂ, ਅਖੌਤੀ ਪੂੰਜੀਪਤੀਆਂ ਵੱਲੋਂ ਦਫ਼ਤਰ ਦੇ ਸਾਰੇ ਸਟਾਫ ਸਾਹਮਣੇ ਵਾਰ ਵਾਰ ਕੀਤੀ ਜਾਂਦੀ ਬੇਜੱਤੀ ਕਰਨ ਕਰਕੇ ਦਿਮਾਗ ਨੂੰ ਜੋ ਗਰਮੀ ਚੜ੍ਹਦੀ ਹੈ ਤਾਂ ਉਹਨਾਂ ਨੂੰ ਪਤਾ ਨਹੀਂ ਚਲਦਾ ਕਿ ਇਹ ਗਰਮੀ ਦਾ ਅਹਿਸਾਸ ਜੇਠ ਮਹੀਨੇ ਦੀ ਤੇਜ਼ ਗਰਮੀ ਕਾਰਨ ਹੋ ਰਿਹਾ ਹੈ ਜਾਂ ਪ੍ਰਾਈਵੇਟ ਦਫ਼ਤਰ ਦੇ ਮਾਲਕ ਦੀਆਂ ਝਿੜਕਾਂ ਕਾਰਨ। ਹਾਂ ਸੱਚ, ਪ੍ਰਾਈਵੇਟ ਅਦਾਰਿਆਂ ਵਿੱਚ ਵੀ ਮਾਲਕਾਂ ਦੇ ਖਾਸਮ ਖਾਸ ਅਤੇ ਚੁਗਲਖੋਰ ਮੁਲਾਜ਼ਮਾਂ ਦੀਆਂ ਪੌਂ ਬਾਰਾਂ ਹੁੰਦੀਆਂ ਹਨ।

ਜੇਠ ਮਹੀਨੇ ਚੱਲਦੀਆਂ ਲੂੰਆਂ ਦਾ ਇਹ ਦੁਖਾਂਤ ਹੁੰਦਾ ਹੈ ਕਿ ਪ੍ਰਾਈਵੇਟ ਨੌਕਰੀਆਂ ਕਰਦੇ ਭਰ ਗੱਭਰੂ ਸੁਨੱਖੇ ਨੌਜਵਾਨਾਂ ਨੂੰ ਆਪਣੀ ਬੇਬਸੀ ਅਤੇ ਮਜਬੂਰੀ ਕਾਰਨ ਆਉਂਦੇ ਪਸੀਨੇ ਦਾ ਕਾਰਨ ਵੀ ਗਰਮ ਲੂੰਆਂ ਨੂੰ ਬਣਨਾ ਪੈ ਜਾਂਦਾ ਹੈ। ਉਹਨਾਂ ਦੀਆਂ ਅੱਖਾਂ ਵਿਚੋਂ ਬੇਬਸੀ ਕਾਰਨ ਨਿਕਲਦੇ ਹੰਝੂਆਂ ਨੂੰ ਵੀ ਅਕਸਰ ਜੇਠ ਮਹੀਨੇ ਚਲਦੀਆਂ ਗਰਮ ਲੂੰਆਂ ਕਾਰਨ ਆਈ ਗਰਮੀ ਜਾਂ ਪਸੀਨਾ ਸਮਝ ਲਿਆ ਜਾਂਦਾ ਹੈ। ਸ਼ਾਇਦ ਇਸੇ ਕਰਕੇ ਵੱਡੀ ਗਿਣਤੀ ਪ੍ਰਾਈਵੇਟ ਮੁਲਾਜ਼ਮ ਅੱਖਾਂ 'ਤੇ ਐਨਕ ਲਗਾ ਕੇ ਕੰਮ ਕਰਦੇ ਹਨ ਤਾਂ ਕਿ ਉਹਨਾਂ ਦੀਆਂ ਅੱਖਾਂ ਵਿੱਚ ਛਲਕਦਾ ਦਰਦ ਕਿਸੇ ਨੂੰ ਨਜ਼ਰ ਨਾ ਆਵੇ। ਜੇਠ ਮਹੀਨੇ ਦੌਰਾਨ ਅੱਗ ਵਰਾਉਂਦੀਆਂ ਤੇਜ਼ ਧੁੱਪਾਂ ਅਤੇ ਚਲਦੀਆਂ ਗਰਮ ਲੂੰਆਂ ਕਾਰਨ ਜਿਥੇ ਪੂਰੀ ਬਨਸਪਤੀ ਕੁਮਲਾਅ ਜਾਂਦੀ ਹੈ, ਉਥੇ ਵੱਡੀ ਗਿਣਤੀ ਰੁੱਖ ਅਤੇ ਪੌਦੇ ਸੁੱਕ ਜਾਂਦੇ ਹਨ। ਹਰ ਪਾਸੇ ਹਰਿਆਲੀ ਨੂੰ ਔੜ ਪਈ ਲੱਗਦੀ ਹੈ। ਇਸ ਤਰਾਂ ਲੱਗਦਾ ਹੈ ਜਿਵੇਂ ਬਨਸਪਤੀ ਨੂੰ ਸੋਕਾ ਪੈ ਗਿਆ ਹੋਵੇ ਤੇ ਪੂਰੀ ਹਰਿਆਲੀ ਉੱਡ ਪੁੱਡ ਗਈ ਹੋਵੇ। ਜੇਠ ਮਹੀਨੇ ਸਾਨੂੰ ਆਪਣਾ ਆਲਾ ਦੁਆਲਾ ਉਜੜਿਆ ਉਜੜਿਆ ਲੱਗਦਾ ਹੈ। ਜੇਠ ਮਹੀਨੇ ਦੀਆਂ ਸਿਖਰ ਦੁਪਹਿਰਾਂ ਨੂੰ ਹਰ ਗਲੀ ਸੁੰਨੀ ਹੋ ਜਾਂਦੀ ਹੈ, ਪਰ ਇਹਨਾਂ ਸੁੰਨੀਆਂ ਗਲੀਆਂ ਦਾ ਲਾਹਾ ਲੈ ਕੇ ਆਸ਼ਕ ਲੋਕ ਤਾਂ ਜਰੂਰ ਆਪਣੇ ਮਹਿਬੂਬ ਦੇ ਦਰਾਂ ਅੱਗੇ ਗੇੜਾ ਲਾ ਆਉਂਦੇ ਹਨ। ਮਹਿਬੂਬ ਵਲੋਂ ਵੀ ਹਵਾ ਆਉਣ ਦੇ ਪੱਜ ਨਾਲ ਖੋਲੀ ਗਈ ਕਮਰੇ ਦੀ ਖਿੜਕੀ ਰਾਹੀਂ ਜਦੋਂ ਆਸ਼ਕ ਮਹਿਬੂਬ ਦੀਆਂ ਜਦੋਂ ਅੱਖਾਂ ਚਾਰ ਹੁੰਦੀਆਂ ਹਨ ਤਾਂ ਜੇਠ ਮਹੀਨੇ ਦੀਆਂ ਸਿਖਰ ਦੁਪਹਿਰਾਂ ਵੀ ਸਾਉਣ ਮਹੀਨੇ ਵਾਂਗ ਠੰਡੀ ਵਾਅ ਦਾ ਬੁੱਲਾ ਦਿੰਦੀਆਂ ਜਾਪਦੀਆਂ ਹਨ ਅਤੇ ਆਸ਼ਕ ਤੇ ਮਹਿਬੂਬਾ ਨੂੰ ਇਕ ਦੂਜੇ ਦਾ ਦੀਦਾਰ ਕਰਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਜੇਠ ਮਹੀਨੇ ਦੀਆਂ ਸਿਖਰ ਦੁਪਹਿਰਾਂ ਨੂੰ 'ਤੀਆਂ ਦੇ ਮੇਲੇ' ਲੱਗ ਗਏ ਹੋਣ।

ਜੇਠ ਮਹੀਨੇ ਦੌਰਾਨ ਕੁਦਰਤ ਦੇ ਅਜੀਬ ਰੰਗ ਵੇਖਣ ਨੂੰ ਮਿਲਦੇ ਹਨ। ਜੇਠ ਮਹੀਨੇ ਦੀਆਂ ਤੇਜ਼ ਧੁੱਪਾਂ ਅਤੇ ਗਰਮ ਲੂੰਆਂ ਕਾਰਨ ਜਿਥੇ ਹਰ ਰੁੱਖ, ਹਰਿਆਲੀ ਅਤੇ ਪੂਰੀ ਬਨਸਪਤੀ ਝੁਲਸ ਜਿਹੀ ਜਾਂਦੀ ਹੈ, ਉਥੇ ਜੇਠ ਮਹੀਨੇ ਦੌਰਾਨ ਹੀ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਜਵਾਨੀ ਆਈ ਹੁੰਦੀ ਹੈ। ਜੇਠ ਮਹੀਨੇ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ 'ਤੇ ਖਿੜੇ ਪੀਲੇ-ਪੀਲੇ ਕੇਸਰ ਰੰਗੇ ਅਤੇ ਲਾਲ ਫੁੱਲ ਸਭ ਦਾ ਮਨ ਮੋਹ ਲੈਂਦੇ ਹਨ। ਜੇਠ ਮਹੀਨੇ ਅਮਲਤਾਸ ਦਾ ਰੁੱਖ ਪਹਿਲਾਂ ਪੂਰੇ ਦਾ ਪੂਰਾ ਖਿੜ ਜਾਂਦਾ ਹੈ ਅਤੇ ਫਿਰ ਪੱਤੀ ਪੱਤੀ ਹੋ ਕੇ ਬਿਖਰ ਜਾਂਦਾ ਹੈ। ਇਸ ਤਰਾਂ ਜੇਠ ਮਹੀਨੇ ਖੁਸ਼ੀਆਂ ਖੇੜਿਆਂ ਵਿੱਚ ਖੀਵੇ ਹੋ ਕੇ ਬਹਾਰ ਰੁੱਤ ਵਰਗਾ ਆਨੰਦ ਲੈਣਾ ਅਮਲਤਾਸ ਅਤੇ ਗੁਲਮੋਹਰ ਦੇ ਰੁੱਖਾਂ ਦੇ ਹਿੱਸੇ ਆਇਆ ਹੈ। ਜਿਥੇ ਅਮਲਤਾਸ ਦੇ ਰੁੱਖ ਲੱਗੇ ਹੁੰਦੇ ਹਨ, ਉਥੇ ਹਰ ਪਾਸੇ ਕੇਸਰ ਹੀ ਕੇਸਰ, ਉਪਰ ਵੀ ਕੇਸਰ ਅਤੇ ਹੇਠਾਂ ਵੀ ਕੇਸਰ ਹੁੰਦਾ ਹੈ। ਅਮਲਤਾਸ ਵਾਂਗ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਵਿੱਚ ਆ ਕੇ ਖਿੜ ਕੇ ਲਾਲ ਸੂਹੇ ਹੋ ਜਾਂਦੇ ਹਨ। ਜੇਠ ਮਹੀਨੇ ਅਮਲਤਾਸ ਦੇ ਰੁੱਖਾਂ ਅਤੇ ਕੇਸੂ ਦੇ ਫੁੱਲਾਂ ਦਾ ਹੁਸਨ ਵੇਖਣ ਵਾਲਿਆਂ ਦੇ ਮਨ ਮੋਹ ਲੈਂਦਾ ਹੈ। ਜੇਠ ਮਹੀਨੇ ਅਮਲਤਾਸ ਦੇ ਰੁੱਖਾਂ ਅਤੇ ਕੇਸੂ ਦੇ ਫੁੱਲਾਂ ਨੂੰ ਵੇਖ ਕੇ ਇਸ ਤਰਾਂ ਜਾਪਦਾ ਹੈ ਕਿ ਜਿਵੇਂ ਪੂਰੀ ਬਸੰਤ ਬਹਾਰ ਨੇ ਇਹਨਾਂ ਉਪਰ ਹੀ ਆਪਣਾ ਰੈਣ ਬਸੇਰਾ ਬਣਾ ਲਿਆ ਹੋਵੇ। ਅਸਮਾਨੋਂ ਅੱਗ ਵਰਾਉਂਦੀ ਤੇਜ਼ ਧੁੱਪ ਅਤੇ ਚਲ ਰਹੀਆਂ ਗਰਮ ਲੂੰਆਂ ਦੌਰਾਨ ਅਮਲਤਾਸ ਦੇ ਰੁੱਖਾਂ ਉਪਰ ਆਈ ਬਹਾਰ ਵੇਖਣ ਦਾ ਨਜ਼ਾਰਾ ਅਦਭੁਤ ਹੁੰਦਾ ਹੈ। ਇਸੇ ਤਰਾਂ ਕੇਸੂ ਦੇ ਫੁੱਲ ਵੀ ਜੇਠ ਮਹੀਨੇ ਦੀ ਕੜਕਦੀ ਧੁੱਪ ਵਿਚ ਆਪਣਾ ਹੁਸਨ ਬਿਖੇਰ ਕੇ ਮਨੁੱਖ ਨੂੰ ਹਰ ਮੌਸਮ ਵਿਚ ਮੁਸਕਰਾਉਣ ਅਤੇ ਹੱਸਦਾ ਵਸਦਾ ਰਹਿਣ ਦੀ ਪ੍ਰੇਰਨਾ ਦਿੰਦੇ ਜਾਪਦੇ ਹਨ।

(ਬਾਕੀ ਸਫ਼ਾ 31 'ਤੇ)



# ਸੰਗਰੂਰ ਦਾ ਚੋਣ ਅਖਾੜਾ, ਪੰਥਕ ਰਾਜਨੀਤੀ ਵਿੱਚ ਉਭਾਰ

## ਮਾਨ, ਖਹਿਰਾ ਅਤੇ ਮੀਤ ਹੇਅਰ ਵਿਚਾਲੇ ਭੇੜ, ਬਾਦਲ ਦਲ ਦੀ ਹਾਲਤ ਪੇਤਲੀ



ਬਘੇਲ ਸਿੰਘ ਧਾਲੀਵਾਲ



ਹਲਕਾ ਖਡੂਰ ਸਾਹਿਬ ਦੀ ਲੋਕ ਸਭਾ ਸੀਟ ਤੋ ਬਾਅਦ ਜੇਕਰ ਕਿਸੇ ਲੋਕ-ਸਭਾ ਹਲਕੇ ਦੀ ਲੋਕਾਂ ਵਿੱਚ ਵੱਧ ਚਰਚਾ ਅਤੇ ਉਤਸੁਕਤਾ ਹੈ, ਉਹ ਲੋਕ ਸਭਾ ਹਲਕਾ ਸੰਗਰੂਰ ਦੀ ਸੀਟ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਵਿਸ਼ਵ ਪ੍ਰਸਿੱਧ ਮਕਬੂਲ ਪੰਥਕ ਚਿਹਰੇ ਸਿਮਰਨਜੀਤ ਸਿੰਘ ਮਾਨ ਅਤੇ ਕਾਂਗਰਸ ਦੀ ਟਿਕਟ ਤੋ ਚੋਣ ਲੜ ਰਹੇ ਸ੍ਰ ਸੁਖਪਾਲ ਸਿੰਘ ਖਹਿਰਾ ਚੋਣ ਅਖਾੜੇ ਵਿੱਚ ਆਹਮੋ ਸਾਹਮਣੇ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਦਾ ਜੱਦੀ ਜ਼ਿਲ੍ਹਾ ਹੋਣ ਕਰਕੇ ਵੀ ਲੋਕਾਂ ਵਿੱਚ ਉਤਸੁਕਤਾ ਬਣੀ ਹੋਈ ਹੈ। ਪੰਥਕ ਰਾਜਨੀਤੀ ਵਿੱਚ ਆਏ ਉਭਾਰ ਸਦਕਾ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਦੀਆਂ ਨਜ਼ਰਾਂ ਉਪਰੋਕਤ ਦੋਨਾਂ ਸੀਟਾਂ 'ਤੇ ਟਿਕੀਆਂ ਹੋਈਆਂ ਹਨ। ਆਮ ਆਦਮੀ ਪਾਰਟੀ ਨੇ ਇਨ੍ਹਾਂ ਲੋਕ ਸਭਾ ਚੋਣਾਂ ਨੂੰ ਜਿੱਤਣ ਲਈ ਆਪਣੇ ਕੁੱਝ ਵਿਧਾਇਕਾਂ ਸਮੇਤ ਪੰਜ ਕੈਬਨਿਟ ਮੰਤਰੀਆਂ ਨੂੰ ਵੀ ਚੋਣ ਮੈਦਾਨ ਵਿੱਚ ਉਤਾਰਿਆ ਹੈ,ਜਿੰਨਾਂ ਵਿੱਚ ਸੰਗਰੂਰ ਤੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਸ਼ਾਮਲ ਹਨ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਜਿੱਥੇ ਉਨ੍ਹਾਂ ਦੀ ਪੰਜਾਬ ਅੰਦਰ ਸਰਕਾਰ ਹੋਣ ਦਾ ਫਾਇਦਾ ਮਿਲੇਗਾ,ਉੱਥੇ ਚੋਣ ਵਾਅਦੇ ਪੂਰੇ ਨਾ ਕਰ ਸਕਣ ਦਾ ਵਿਰੋਧ ਉਸ ਤੋਂ ਵੀ ਵੱਧ ਝੱਲਣਾ ਪਵੇਗਾ। ਲਿਹਾਜ਼ਾ ਮੀਤ ਹੇਅਰ ਹੂੰਝਾ ਫੇਰ ਜਿੱਤ ਦੀ ਸਥਿਤੀ ਵਿੱਚ ਨਹੀਂ ਪੁੱਜ ਸਕਣਗੇ। ਬਰਗਾੜੀ ਬੇਅਦਬੀ ਦਾ ਮਾਮਲਾ, ਨਸ਼ਿਆਂ ਦਾ ਮੁੱਦਾ, ਭ੍ਰਿਸ਼ਟਾਚਾਰ,ਬੇਰੁਜ਼ਗਾਰੀ, ਵੀ ਆਈ ਪੀ ਕਲਚਰ ਸਮੇਤ ਕਾਫ਼ੀ ਮੁੱਦੇ ਹਨ ਜਿੰਨਾਂ ਤੇ ਲੋਕਾਂ ਦੇ ਸਵਾਲਾਂ ਦੇ ਜਵਾਬ ਆਪ ਦੇ ਉਮੀਦਵਾਰ ਨੂੰ ਪਰੇਸ਼ਾਨੀਆਂ ਖੜੀਆਂ ਕਰਦੇ ਰਹਿਣਗੇ। ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਐਨ ਐਸ ਏ ਲਾ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰਨ ਅਤੇ ਐਨ ਐਸ ਏ ਦਾ ਸਮਾਂ ਇੱਕ ਸਾਲ ਹੋਰ ਵਧਾ ਦੇਣ ਦਾ ਮੁੱਦਾ ਜਿੱਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਗਲੇ ਦੀ ਹੱਡੀ ਬਣਿਆ ਰਹੇਗਾ,ਉਥੇ ਉਪਰੋਕਤ ਮੁੱਦਿਆਂ ਦਾ ਸਿੱਧਾ ਫਾਇਦਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਸ੍ਰ ਸਿਮਰਨਜੀਤ ਸਿੰਘ ਮਾਨ ਨੂੰ ਹੋਵੇਗਾ। ਸ੍ਰ ਸਿਮਰਨਜੀਤ ਸਿੰਘ ਮਾਨ ਨੂੰ ਖਡੂਰ ਸਾਹਿਬ ਦੀ ਲੋਕ ਸਭਾ ਸੀਟ ਉਪਰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਬਨਣ ਵਾਲੀ ਲੋਕ ਲਹਿਰ ਦਾ ਸਿੱਧੇ ਦਾ ਸਿੱਧਾ ਲਾਭ ਵੀ ਮਿਲੇਗਾ। ਜਿਸ ਤਰ੍ਹਾਂ ਦੀ ਲੋਕ ਲਹਿਰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਬਣੇਗੀ,ਉਹਦਾ ਅਸਰ ਸੰਗਰੂਰ ਵਿੱਚ ਵੀ ਓਨਾ ਹੀ ਹੋਵੇਗਾ। ਜੇਕਰ ਇਹ ਲਹਿਰ ਤੇਜ ਹਨੇਰੀ ਬਣ ਕੇ ਮੁਹਿੰਮ ਦਾ ਰੂਪ ਧਾਰਦੀ ਹੈ,ਤਾਂ ਸੰਗਰੂਰ ਤੋਂ ਸ੍ਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦਾ ਰਾਹ ਪੱਧਰਾ ਕਰਨ ਦੇ ਨਾਲ ਨਾਲ ਦੂਜੇ ਹਲਕਿਆਂ ਵਿੱਚ ਵੀ ਆਪਣਾ ਰੰਗ ਜ਼ਰੂਰ ਦਿਖਾਵੇਗੀ। ਇਸ ਲਈ ਇਹ ਚੋਣ ਸ੍ਰ ਮਾਨ ਦੀ ਕਿਸਮਤ ਨੂੰ ਇੱਕ ਵਾਰ ਫਿਰ ਚਮਕਾਉਣ ਦੇ ਮੌਕੇ ਪ੍ਰਦਾਨ ਕਰ ਸਕਦੀ ਹੈ। ਜਿਸ ਤਰ੍ਹਾਂ ਪੰਥਕ ਰਾਜਨੀਤੀ ਦੇ ਉਭਾਰ ਦੀ ਆਸ ਕੀਤੀ ਜਾ ਰਹੀ ਹੈ, ਜੇਕਰ ਅਜਿਹਾ ਹੁੰਦਾ ਹੈ ਤਾਂ ਅਕਾਲੀ ਦਲ ਬਾਦਲ ਹੋਰ ਬੈਕ ਫੁੱਟ 'ਤੇ ਚਲਾ ਜਾਵੇਗਾ। ਸੁਖਪਾਲ ਸਿੰਘ ਖਹਿਰਾ ਦਾ ਨਾਮ ਵੀ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ। ਉਹ ਕਾਂਗਰਸ ਪਾਰਟੀ ਦੇ ਉਮੀਦਵਾਰ ਹਨ,ਜੇਕਰ ਲੋਕ ਸਭਾ ਚੋਣਾਂ 2019 ਦੀ ਗੱਲ ਕੀਤੀ ਜਾਵੇ, ਤਾਂ ਉਸ ਮੌਕੇ ਕਾਂਗਰਸੀ ਉਮੀਦਵਾਰ ਨੂੰ 303,350 ਵੋਟ ਮਿਲੇ ਸਨ, ਪਰ ਜਿਮਨੀ ਚੋਣ 2022 ਵਿੱਚ ਕਾਂਗਰਸੀ ਉਮੀਦਵਾਰ ਗੋਲਡੀ ਖੰਗੂੜਾ ਸਿਰਫ਼ 79, 526 ਵੋਟਾਂ ਉਪਰ ਸਿਮਟ ਕੇ ਰਹਿ ਗਿਆ ਸੀ, ਜਦੋਂ ਕਿ ਉਹ ਅਕਾਲੀ ਦਲ ਬਾਦਲ ਅਤੇ ਭਾਜਪਾ ਉਮੀਦਵਾਰਾਂ ਤੋ ਕਾਫ਼ੀ ਵੱਧ ਵੋਟਾਂ ਲਿਜਾਉਣ ਵਿੱਚ ਕਾਮਯਾਬ ਰਿਹਾ ਸੀ। ਹੁਣ ਜੇਕਰ ਸੁਖਪਾਲ ਸਿੰਘ ਖਹਿਰਾ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦਾ ਕੱਦ ਬੁੱਤ ਗੋਲਡੀ ਦੇ ਮੁਕਾਬਲੇ ਬਹੁਤ ਵੱਡਾ ਹੈ। ਉਹ ਅੰਤਰਰਾਸ਼ਟਰੀ ਪੱਧਰ ਤੱਕ ਪਛਾਣ ਬਣਾਉਣ ਵਾਲੇ ਆਗੂ ਹਨ ਅਤੇ ਮੌਜੂਦਾ ਸਮੇਂ ਕਾਂਗਰਸ ਪਾਰਟੀ ਦਾ ਦੇਸ ਪੱਧਰ ਉਪਰ ਉਭਾਰ ਹੋਣ ਦੇ ਚਰਚਿਆਂ ਵਿੱਚ ਖਹਿਰਾ ਨੂੰ ਇਹ ਵੱਡਾ ਫਾਇਦਾ ਵੀ ਮਿਲੇਗਾ। ਉੱਧਰ ਸੂਬੇ ਵਿੱਚ ਵੀ ਸੱਤਾਧਾਰੀ ਧਿਰ ਤੋ ਨਾ-ਖੁਸ਼ ਹੋਏ ਵੋਟਰ ਆਪ ਤੋਂ ਬਾਅਦ ਅਤੇ ਅਕਾਲੀ ਦਲ ਨੂੰ ਨਜ਼ਰ ਅੰਦਾਜ਼ ਕਰਕੇ ਕਾਂਗਰਸ 'ਤੇ ਟੇਕ ਰੱਖਦੇ ਦਿਖਾਈ ਦੇ ਰਹੇ ਹਨ। ਭਾਵੇਂ ਪੰਜਾਬ ਦੀ ਜਨਤਾ ਕਿਸੇ ਵੀ ਰਾਜਨੀਤਕ ਤੇ ਬਹੁਤਾ ਭਰੋਸਾ ਕਰਨ ਦੇ ਮੂਡ ਵਿੱਚ ਨਹੀਂ ਹੈ, ਪਰ ਇਸ ਦੇ ਬਾਵਜੂਦ ਸ੍ਰ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਦੀ ਜਨਤਾ ਲੋਕ ਆਗੂ ਵਜੋਂ ਤਸਲੀਮ ਕਰਦੀ ਹੈ।ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਦੇ ਨਾਲ ਪੰਥਕ ਰਾਜਨੀਤੀ ਦੇ ਉਭਾਰ ਦੇ ਮੁਦਈ ਵਜੋਂ ਵੀ ਉਹਨਾਂ ਦੀ ਪਛਾਣ ਬਣ ਚੁੱਕੀ ਹੈ, ਜਿਸ ਦਾ ਸਦਕਾ ਉਨ੍ਹਾਂ ਨੂੰ ਪੇਂਡੂ ਖੇਤਰ ਦੀ ਵੋਟ ਦਾ ਤਾਂ ਫਾਇਦਾ ਜ਼ਰੂਰ ਮਿਲੇਗਾ,ਪਰ ਇਸ ਦੇ ਉਲਟ ਸ਼ਹਿਰੀ ਵੋਟਰ ਉਨ੍ਹਾਂ ਦੀ ਸਿੱਖ ਮੁੱਦਿਆਂ 'ਤੇ ਬੇਬਾਕੀ ਨੂੰ ਨਾ-ਪਸੰਦ ਵੀ ਕਰਦੇ ਹਨ,ਜਿਸ ਕਰਕੇ ਸ਼ਹਿਰੀ ਵੋਟ ਕਾਂਗਰਸੀ ਉਮੀਦਵਾਰ ਸੁਖਪਾਲ ਖਹਿਰਾ ਦੀ ਬਜਾਏ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ ਵੱਧ ਪੈਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਜੇਕਰ ਸ਼ਹਿਰੀ ਵੋਟ ਖਹਿਰਾ ਨੂੰ ਘੱਟ ਗਿਣਤੀ ਵਿੱਚ ਪੈਂਦੀ ਹੈ,ਤਾਂ ਇਹਦਾ ਸਭ ਤੋਂ ਵੱਧ ਫਾਇਦਾ ਅਕਾਲੀ ਦਲ (ਅ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੂੰ ਹੋਵੇਗਾ, ਕਿਉਂਕਿ ਮਾਨ ਖਾਲਿਸਤਾਨ ਦੇ ਵੱਡੇ ਮੁਦਈ ਹੋਣ ਕਰਕੇ ਸ਼ਹਿਰੀ ਵੋਟਰ ਉਨ੍ਹਾਂ ਦੀ ਪਹਿਲਾਂ ਹੀ ਪਹੁੰਚ ਤੋਂ ਦੂਰ ਹਨ। ਸੋ ਇਹ ਵੀ ਦੇਖਣਾ ਹੋਵੇਗਾ ਕਿ ਖਹਿਰਾ ਆਉਣ ਵਾਲੇ ਦਿਨਾਂ ਵਿੱਚ ਚੋਣ ਜਿੱਤਣ ਲਈ ਕੋਈ ਦਾਅ ਪੇਚ ਵੀ ਖੇਡਦੇ ਹਨ ਜਾਂ ਆਪਣੇ ਪਹਿਲੇ ਸਟੈਂਡ ਉਪਰ ਡਟੇ ਰਹਿਣਗੇ। ਸੰਗਰੂਰ ਹਲਕੇ ਤੋਂ ਅਕਾਲੀ ਦਲ ਬਾਦਲ ਦੇ ਉਮੀਦਵਾਰ ਇਕਵਾਲ ਸਿੰਘ ਝੂੰਦਾ ਬੇਹੱਦ ਕਮਜ਼ੋਰ ਉਮੀਦਵਾਰ ਹਨ, ਉੱਪਰੋਂ ਅਕਾਲੀ ਦਲ ਬਾਦਲ ਦੀ ਖੁਦ ਦੀ ਹਾਲਤ ਵੀ ਕਾਫ਼ੀ ਮਾੜੀ ਹੈ। ਭਾਵੇਂ ਅਕਾਲੀ ਦਲ ਸੌ ਸਾਲ ਤੋ ਵੱਧ ਪੁਰਾਣੀ ਪਾਰਟੀ ਹੋਣ ਕਰਕੇ ਪਾਰਟੀ ਦਾ ਕੇਡਰ ਕਾਫ਼ੀ ਵਿਸ਼ਾਲ ਰਿਹਾ ਹੈ,ਪਰ ਤਾਜ਼ਾ ਹਾਲਾਤ ਕਾਫ਼ੀ ਉਲਟ ਨਜ਼ਰ ਆ ਰਹੇ ਹਨ। ਫਿਰ ਵੀ ਪਾਰਟੀ ਉਮੀਦਵਾਰ ਨੂੰ ਆਪਣੇ ਕੇਡਰ ਦੀ ਵੋਟ ਜ਼ਰੂਰ ਭੁਗਤ ਜਾਵੇਗੀ,ਪਰ ਇਹ ਗਿਣਤੀ ਕਿਸੇ ਨਤੀਜਿਆਂ ਨੂੰ ਜਿਆਦਾ ਪ੍ਰਭਾਵਤ ਕਰਨ ਵਾਲੀ ਨਹੀਂ ਹੋਵੇਗੀ। ਲੰਘੀ ਜ਼ਿਮਨੀ ਚੋਣ 2022 ਦੀ ਜੇਕਰ ਗੱਲ ਕੀਤੀ ਜਾਵੇ,ਤਾਂ ਅਕਾਲੀ ਦਲ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਜੀਤ ਕੌਰ ਨੂੰ ਇਸ ਕਰਕੇ ਹੀ ਆਪਣਾ ਉਮੀਦਵਾਰ ਬਣਾਇਆ ਗਿਆ ਸੀ ਕਿ ਭਾਈ ਰਾਜੋਆਣਾ ਦੀ ਹਮਦਰਦੀ ਕਾਰਨ ਵੋਟ ਪੈਣ ਨਾਲ ਸ਼ਾਇਦ ਬੀਬਾ ਜੀ ਪਾਰਟੀ ਦੀ ਝੋਲੀ ਵਿੱਚ ਜਿੱਤ ਪਵਾ ਸਕਣਗੇ,ਪਰ ਉਦੋਂ ਵੀ ਅਜਿਹਾ ਨਹੀਂ ਸੀ ਹੋ ਸਕਿਆ। ਉਸ ਮੌਕੇ ਦੀਪ ਸਿੱਧੂ ਅਤੇ ਸਿੱਧੂ ਮੂਸੇ ਵਾਲਾ ਦੀਆਂ ਅਚਨਚੇਤ ਅਤੇ ਦਰਦਨਾਕ ਮੌਤਾਂ ਦੇ ਰੋਸ ਵਜੋਂ ਸੂਬਾ ਸਰਕਾਰ ਤੋਂ ਖਫ਼ਾ ਹੋਏ ਹਲਕਾ ਸੰਗਰੂਰ ਦੇ ਵੋਟਰ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਭੁਗਤ ਗਏ ਸਨ। ਫਲਸਰੂਪ ਮਾਨ ਜ਼ਿਮਨੀ ਚੋਣ ਜਿੱਤਣ ਵਿੱਚ ਕਾਮਯਾਬ ਰਹੇ ਸਨ, ਜਦੋਂ ਕਿ ਅਕਾਲੀ ਦਲ ਦੀ ਉਮੀਦਵਾਰ ਨੂੰ ਆਸ ਦੇ ਬਿਲਕੁਲ ਉਲਟ ਬਹੁਤ ਹੀ ਘੱਟ 44,323 ਵੋਟ ਹੀ ਮਿਲ ਸਕੇ ਸਨ ਹੁਣ ਵੀ ਅਕਾਲੀ ਦਲ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਾਰ ਅਕਾਲੀ ਦਲ ਬਾਦਲ ਦਾ ਉਮੀਦਵਾਰ ਕਮਜ਼ੋਰ ਹੋਣ ਕਰਕੇ ਹੋਰ ਵੀ ਘੱਟ ਵੋਟ ਪੈਣ ਦੇ ਅਨੁਮਾਨ ਹਨ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਰਵਿੰਦ ਖੰਨਾ ਵੀ ਪਾਰਟੀ ਦਾ ਮਜ਼ਬੂਤ ਉਮੀਦਵਾਰ ਹੈ, ਜਿਸ ਨੂੰ ਸ਼ਹਿਰੀ ਵੋਟ ਬੱਝਵੇਂ ਰੂਪ ਵਿੱਚ ਪੈ ਸਕਦੀ ਹੈ! ਪਰ ਉਹ ਸ਼ਹਿਰਾਂ ਦੇ ਹਿੰਦੂ ਭਾਈਚਾਰੇ ਦੀ ਵੋਟ ਹੀ ਅਰਵਿੰਦ ਖੰਨਾ ਨੂੰ ਪਵੇਗੀ, ਪੇਂਡੂ ਵੋਟ ਨੂੰ ਇਸ ਵਾਰ ਅਰਵਿੰਦ ਖੰਨਾ ਪ੍ਰਭਾਵਤ ਨਹੀਂ ਕਰ ਸਕਣਗੇ, ਇਸ ਦਾ ਕਾਰਨ ਇੱਕ ਤਾਂ ਇਹ ਹੈ ਕਿ ਭਾਜਪਾ ਦਾ ਪੇਂਡੂ ਖੇਤਰਾਂ ਵਿੱਚ ਵਿਰੋਧ ਵੱਡੇ ਪੱਧਰ ਉਪਰ ਹੋ ਰਿਹਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਦਾ ਅਸਰ ਭਾਵੇਂ ਸ਼ਹਿਰਾਂ ਵਿੱਚ ਨਾ ਮਾਤਰ ਹੋਵੇਗਾ, ਪਰ ਪੇਂਡੂ ਖੇਤਰ ਭਾਜਪਾ ਦੇ ਵਿਰੋਧ ਦੇ ਰੰਗ ਵਿੱਚ ਰੰਗੇ ਹੋਏ ਹਨ, ਜਿਸ ਦੇ ਫਲਸਰੂਪ ਪੇਂਡੂ ਵੋਟ ਭਾਜਪਾ ਉਮੀਦਵਾਰ ਨੂੰ ਨਹੀਂ ਭੁਗਤੇਗੀ। ਕੋਈ ਸਮਾਂ ਸੀ ਜਦੋਂ ਅਰਵਿੰਦ ਖੰਨਾ ਦਾ ਪਿੰਡਾਂ ਸ਼ਹਿਰਾਂ ਵਿੱਚ ਕਾਫ਼ੀ ਜਨ ਅਧਾਰ ਸੀ। ਪਰ ਉਨ੍ਹਾਂ ਦੀ ਲੰਮੇ ਸਮੇਂ ਤੋਂ ਗੈਰ ਹਾਜ਼ਰੀ ਕਾਰਨ ਉਨ੍ਹਾਂ ਦੇ ਪੇਂਡੂ ਸੰਪਰਕ ਨਾ-ਮਾਤਰ ਰਹਿ ਗਏ ਹਨ,ਜਿਹੜੇ ਰਹਿ ਗਏ, ਉਹ ਭਾਜਪਾ ਤੋਂ ਦੂਰ ਹਨ,ਇਸ ਕਰਕੇ ਉਹਨਾਂ ਨੂੰ ਪੇਂਡੂ ਵੋਟ ਨਹੀਂ ਪਵੇਗੀ। 2022 ਦੀ ਜ਼ਿਮਨੀ ਚੋਣ ਵਿੱਚ ਭਾਜਪਾ ਦੇ ਉਮੀਦਵਾਰ ਨੂੰ 66,171 ਵੋਟ ਪ੍ਰਾਪਤ ਹੋਏ ਸਨ, ਜਦੋਂ ਕਿ ਮੌਜੂਦਾ ਚੋਣਾਂ ਵਿੱਚ ਇਹ ਵੋਟ ਦਰ ਵਧ ਸਕਦੀ ਹੈ, ਕਿਉਂਕਿ ਭਾਜਪਾ ਨੇ ਅਯੁੱਧਿਆ ਦੇ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਕਰਕੇ ਹਿੰਦੂ ਭਾਈਚਾਰੇ ਦਾ ਮਨ ਜਿੱਤ ਲਿਆ ਹੈ,ਜਿਸ ਕਰਕੇ ਇਸ ਵਾਰ ਭਾਜਪਾ ਉਮੀਦਵਾਰ ਨੂੰ 2022 ਦੀ ਜਿਮਨੀ ਚੋਣ ਦੇ ਮੁਕਾਬਲੇ ਮੌਜੂਦਾ ਚੋਣਾਂ ਵਿੱਚ ਵੱਧ ਵੋਟ ਮਿਲਣ ਦੇ ਆਸਾਰ ਹਨ।,ਪਰ ਇਹ ਵੋਟ ਦਰ ਜਿੱਤ ਹਾਰ ਦੇ ਫੈਸਲੇ ਤੋਂ ਬਹੁਤ ਪਿੱਛੇ ਰਹੇਗੀ। ਏਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਰਿਟਾਇਰਡ ਸਿਹਤ ਅਧਿਕਾਰੀ ਮੱਖਣ ਸਿੰਘ ਹਨ,ਜਿੰਨਾਂ ਨੂੰ ਪਾਰਟੀ ਦੀ ਪੱਕੀ ਵੋਟ ਜ਼ਰੂਰ ਪਵੇਗੀ, ਪ੍ਰੰਤੂ ਇਹ ਵੋਟ ਵੀ ਨਾ ਮਾਤਰ ਰਹਿ ਗਈ ਹੈ।2014 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਉਮੀਦਵਾਰ ਮਦਨ ਭੱਟੀ ਨੂੰ ਮਹਿਜ 8,408 ਵੋਟ ਹੀ ਮਿਲੇ ਸਨ,ਲਿਹਾਜ਼ਾ ਹੁਣ ਵੀ ਬਸਪਾ ਉਮੀਦਵਾਰ ਕੋਈ ਵੱਡਾ ਮਾਅਰਕਾ ਮਾਰਨ ਦੇ ਸਮਰੱਥ ਨਹੀਂ ਹੋਵੇਗਾ।

(ਬਾਕੀ ਸਫ਼ਾ 30 'ਤੇ)

# ਲੋਕ ਸਭਾ ਚੋਣਾਂ ਦੇ ਪ੍ਰਚਾਰ 'ਚੋਂ ਗ਼ਾਇਬ ਪੰਜਾਬ ਤੇ ਪੰਥ ਦੇ ਮੁੱਦੇ

ਰਜਿੰਦਰ ਸਿੰਘ ਪੁਰੇਵਾਲ

1980 ਦੇ ਦਹਾਕੇ ਤੱਕ ਪੰਜਾਬ ਖੇਤੀ 'ਚ ਨੰਬਰ ਇੱਕ 'ਤੇ ਰਿਹਾ ਅਤੇ ਉਦਯੋਗ ਵਿੱਚ ਦੂਜੇ ਸਥਾਨ 'ਤੇ ਸੀ। ਇਸ ਦਹਾਕੇ ਦੇ ਸੰਤਾਪ ਦੌਰ ਨੇ ਪੰਜਾਬ ਨੂੰ ਝੰਜੋੜਿਆ ਪਰ ਉਸ ਵਿਚੋਂ ਵੀ ਇਹ ਉਭਰ ਆਇਆ। ਇਸ ਤੋਂ ਬਾਅਦ ਜਦੋਂ ਦੀ ਸਦੀ ਬਦਲੀ ਹੈ, ਪੰਜਾਬ ਦਿਨ-ਬ-ਦਿਨ ਹੇਠਾਂ ਵੱਲ ਨੂੰ ਜਾ ਰਿਹਾ ਹੈ ਅਤੇ ਅੱਜ ਹਾਲਾਤ ਇਹ ਹਨ ਕਿ ਪੰਜਾਬ ਅਰਥ-ਵਿਵਸਥਾ ਦੇ ਹਿਸਾਬ ਨਾਲ 16ਵੇਂ ਸਥਾਨ 'ਤੇ ਪਹੁੰਚ ਚੁੱਕਾ ਹੈ। ਇਸ ਸਥਿਤੀ ਦਾ ਜਦੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਕਈ ਕਾਰਨ ਸਾਹਮਣੇ ਆਉਂਦੇ ਹਨ। ਇਨ੍ਹਾਂ 'ਚੋਂ ਸਭ ਤੋਂ ਵੱਡਾ ਕਾਰਨ ਹੈ ਸਿਆਸੀ ਪਾਰਟੀਆਂ 'ਚ ਆ ਰਿਹਾ ਨਿਘਾਰ ਤੇ ਅਕਾਲੀ ਦਲ ਦਾ ਕਿਸਾਨੀ, ਪੰਜਾਬ ਤੇ ਪੰਥਕ ਮੁੱਦੇ ਤਿਆਗਣਾ ਤੇ ਸਿਰਫ਼ ਸੱਤਾ ਵੱਲ ਧਿਆਨ ਕੇਂਦਰਿਤ ਕਰਨਾ। ਬਾਕੀ ਦੀਆਂ ਅਲਾਮਤਾਂ ਇਸੇ ਸਥਿਤੀ ਦੀ ਪੈਦਾਵਾਰ ਹਨ।

ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁਕਾ ਹੈ। ਸੂਬੇ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਇੱਕ ਦੂਜੇ 'ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ। ਅੱਜ ਇਉਂ ਲੱਗਦਾ ਹੈ, ਜਿਵੇਂ ਪੰਜਾਬ ਵਿੱਚ ਲੀਡਰਾਂ ਦੀ ਘਾਟ ਪੈ ਗਈ ਹੋਵੇ। ਪਾਰਟੀਆਂ ਜਾਂ ਤਾਂ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਆਪਣੇ ਵੱਲ ਖਿੱਚ ਕੇ ਟਿਕਟਾਂ ਦੇ ਰਹੀਆਂ ਹਨ ਜਾਂ ਫਿਰ ਆਪਣੇ ਹੀ ਮੰਤਰੀਆਂ ਜਾਂ ਐੱਮ.ਐੱਲ.ਏਜ਼ ਨੂੰ ਟਿਕਟਾਂ ਦੇ ਰਹੀਆਂ ਹਨ। ਕਈ ਲੀਡਰ ਇੱਕ ਪਾਰਟੀ ਦੀ ਮਿਲੀ ਟਿਕਟ ਛੱਡ ਕੇ ਦੂਜੀ ਪਾਰਟੀ ਤੋਂ ਟਿਕਟ ਲੈ ਰਹੇ ਹਨ। ਇਸ ਨਾਲ ਉਨ੍ਹਾਂ ਦੀ ਪਾਰਟੀ ਦੀ ਸਾਖ ਤਾਂ ਡਿੱਗਦੀ ਹੀ ਹੈ ਪਰ ਨਾਲ ਹੀ ਪਾਰਟੀ ਲੀਡਰਸ਼ਿਪ 'ਤੇ ਵੀ ਸਵਾਲ ਖੜ੍ਹੇ ਹੁੰਦੇ ਹਨ। ਦਲ ਬਦਲੀ ਦੇ ਰੁਝਾਨ ਕਾਰਣ ਆਮ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਪੰਜਾਬ ਵਿਚ ਇਮਾਨਦਾਰ, ਸੂਝਵਾਨ, ਨਿਰਸਵਾਰਥ ਸੱਚੇ-ਸੁੱਚੇ ਲੀਡਰਾਂ ਦਾ ਕਾਲ ਪੈ ਗਿਆ ਹੈ। ਲੋਕਾਂ ਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਆਖਰ ਵੋਟ ਕਿਸ ਨੂੰ ਪਾਈਏ?

ਪੰਜਾਬ, ਜੋ ਕਿ ਇਸ ਵੇਲੇ ਇੱਕ ਮੁਸ਼ਕਿਲ ਦੌਰ 'ਚੋਂ ਗੁਜ਼ਰ ਰਿਹਾ ਹੈ, ਦੀ ਨੌਜਵਾਨ ਪੀੜ੍ਹੀ ਤੇ ਕਿਸਾਨੀ 'ਚ ਵੱਡੀ ਬੇਚੈਨੀ ਹੈ ਤੇ ਨੌਜਵਾਨ ਪੀੜ੍ਹੀ ਵੱਡੇ ਪੱਧਰ 'ਤੇ ਦੂਜੇ ਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਪੰਜਾਬ ਨਸ਼ਿਆਂ, ਰੁਜ਼ਗਾਰ ਦੇ ਸਾਧਨ ਸੁੰਗੜ ਜਾਣ ਤੇ ਵਿੱਦਿਅਕ ਸਹੂਲਤਾਂ ਦੇ ਸਮੇਂ ਦੇ ਹਾਣੀ ਨਾ ਬਣਨ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਚੰਡੀਗੜ੍ਹ, ਦਰਿਆਈ ਪਾਣੀ, ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਵਰਗੇ ਮੁੱਦਿਆਂ ਨੂੰ , ਜੋ ਪੰਜਾਬ ਦੇ ਲੋਕਾਂ ਦੇ ਮਨਾਂ ਤੇ ਦਿਲਾਂ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ, ਰਾਜਨੀਤਕ ਪਾਰਟੀਆਂ ਕੋਈ ਮਹੱਤਤਾ ਹੀ ਨਹੀਂ ਦੇ ਰਹੀਆਂ ।

ਹੈਰਾਨੀ ਇਸ ਗਲ ਦੀ ਹੈ ਕਿ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਚਰਚਾ ਨਹੀਂ ਕਰ ਰਿਹਾ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਜ਼ਮੀਨੀ ਪਾਣੀ ਘਟਦਾ ਜਾ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਭਵਿੱਖ ਵਿੱਚ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਥੋਂ ਦੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਕਿਸਾਨ ਐੱਮਐੱਸਪੀ 'ਤੇ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਕਿਸਾਨ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਰੁਕ ਨਹੀਂ ਰਹੀਆਂ। ਕਿਸਾਨੀ ਮੁੱਦਿਆਂ ਕਾਰਣ ਭਾਜਪਾ ਉਮੀਦਵਾਰਾਂ ਦੇ ਘਿਰਾਓ ਜਾਰੀ ਹਨ। ਪਿੰਡਾਂ ਵਿੱਚ ਭਾਜਪਾ ਉਮੀਦਵਾਰਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਜਾ ਰਿਹਾ ਹੈ। ਪਰ ਇਸ ਮਾਮਲੇ ਵਿੱਚ ਚੰਗੀ ਗਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਤੇ ਪੰਜਾਬ ਦੇ ਮੁੱਦਿਆਂ ਵੱਲ ਕੇਂਦਰਿਤ ਹੋ ਗਿਆ ਹੈ। ਕਾਂਗਰਸ, ਆਪ ਤੇ ਭਾਜਪਾ ਉਸ ਦੇ ਨਿਸ਼ਾਨੇ ਉਪਰ ਹਨ। ਜੇਕਰ ਉਹ ਖਡੂਰ ਸਾਹਿਬ ਦੀ ਸੀਟ ਤੋਂ ਆਪਣਾ ਉਮੀਦਵਾਰ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿੱਚ ਬਿਠਾ ਲਵੇ ਤਾਂ ਉਸ ਦਾ ਪੰਥ ਵਿੱਚ ਵਿਸ਼ਵਾਸ ਬਹਾਲ ਹੋ ਸਕਦਾ ਹੈ। ਇਸ ਦਾ ਕਾਰਨ ਹੈ ਕਿ ਅਕਾਲੀ ਦਲ ਦਾ ਹਾਲੇ ਤਕ ਕੋਈ ਬਦਲ ਨਹੀਂ ਜੋ ਪੰਜਾਬ ਦੇ ਹਿਤਾਂ ਦੀ ਰਾਖੀ ਕਰ ਸਕੇ। ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨੂੰ ਘੇਰਨਾ ਕਿ ਉਹ ਪੰਥਕ ਸੰਸਥਾਵਾਂ ਉਪਰ ਕਬਜ਼ੇ ਕਰ ਰਹੀ ਹੈ। ਸਿੱਖ ਜਗਤ ਸੁਚੇਤ ਹੋਵੇ। ਇਹ ਸਹੀ ਪਹੁੰਚ ਹੈ। ਪੰਥਕ ਸੰਸਥਾਵਾਂ ਦੀ ਰਾਖੀ ਵੀ ਅਕਾਲੀ ਦਲ ਕਰ ਸਕਦਾ ਹੈ। ਇਹ ਰਾਖੀ ਕੇਂਦਰੀ ਪਾਰਟੀਆਂ ਨਹੀਂ ਕਰ ਸਕਦੀਆਂ। ਛੋਟੇ ਪੰਥਕ ਧੜਿਆਂ ਤੋਂ ਵੀ ਇਹ ਆਸ ਨਹੀਂ ਰੱਖੀ ਜਾ ਸਕਦੀ ਕਿਉਂ ਪੰਥਕ ਧੜੇ ਸੰਗਰੂਰ ਤੇ ਖਡੂਰ ਸਾਹਿਬ ਤਕ ਸੀਮਤ ਰਹਿ ਗਏ ਹਨ। ਚੰਗਾ ਹੁੰਦਾ ਇਸ ਸੰਕਟ ਦੌਰਾਨ ਪੰਥਕ ਧੜੇ ਤੇ ਅਕਾਲੀ ਦਲ ਮਿਲ ਕੇ ਚੋਣ ਲੜਦੇ ਤੇ ਪੰਜਾਬ ਹਿਤੂ ਵਧੀਆ ਏਜੰਡਾ ਤਹਿ ਕਰਦੇ।

ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਵੱਡੀ ਗਿਣਤੀ ਨੌਜਵਾਨ ਪਰਵਾਸ ਕਰ ਰਹੇ ਹਨ। ਇਨ੍ਹਾਂ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਚੁੱਪ ਹਨ। ਕੇਂਦਰ ਸਰਕਾਰ ਦੇ ਕਈ ਫੈਸਲਿਆਂ ਕਾਰਨ ਰਾਜਾਂ ਦੇ ਅਧਿਕਾਰ ਸੰਕਟ ਵਿੱਚ ਪਏ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿੱਚ ਬੀਐੱਸਐੱਫ ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨਾਲ ਸਬੰਧਿਤ ਵਧੇਰੇ ਮੁੱਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਰਾਜਸੀ ਪਾਰਟੀ ਗੱਲ ਕਰਨ ਲਈ ਤਿਆਰ ਨਹੀਂ। ਪਰ ਅਕਾਲੀ ਦਲ ਤੋਂ ਆਸ ਹੈ ਕਿ ਉਹ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਇਨ੍ਹਾਂ ਮੁੱਦਿਆਂ ਨੂੰ ਜ਼ਰੂਰ ਚੁੱਕਣਗੇ। ਅਕਾਲੀ ਦਲ ਨੂੰ ਨਿਰਸਵਾਰਥ ਹੋਕੇ ਲੋਕ-ਪੱਖੀ ਕੰਮ ਕਰਨ ਦੀ ਲੋੜ ਹੈ ਲੋਕ ਆਪੇ ਹੀ ਅਕਾਲੀ ਦਲ ਨੂੰ ਸਿਰ ਉੱਪਰ ਚੁੱਕ ਲੈਣਗੇ।

# ਹਿੰਦੂਤਵੀ ਰਾਜਨੀਤਿਕ ਕੂਟਨੀਤੀ ਅੱਗੇ ਮਾਰ ਖਾ ਗਏ ਕਈ ਵੱਡੇ ਅਕਾਲੀ ਆਗੂ ਤੇ ਕਿਸਾਨ ਲੀਡਰ

**ਅਮਰਦੀਪ ਸਿੰਘ ਧਾਰਨੀ**
ਫਤਹਿਗੜ੍ਹ ਸਾਹਿਬ

ਲੀਡਰ ਦੀ ਪਰਿਭਾਸ਼ਾ ਸਮਝਣ ਲਈ ਸਭ ਤੋਂ ਪਹਿਲਾਂ ਮੈਂ ਭਾਰਤੀ ਮੁਸਲਿਮ ਲੀਡਰ ਮੁਹੰਮਦ ਅਲੀ ਜਿਨਾਹ ਬਾਰੇ ਇੱਕ ਕਿਤਾਬ, ਜੋ ਇੱਕ ਮੁਸਲਿਮ ਲੇਖਕ ਜ਼ੈੱਡ.ਏ ਸੁਲਾਰੀ ਨੇ ਲਿਖੀ ਸੀ, ਪੜ੍ਹੀ। ਇਸਦਾ ਸਿਰਲੇਖ ਸੀ 'ਮਾਈ ਲੀਡਰ' , ਜਿਸ ਵਿੱਚ ਉਸਨੇ ਮੁਸਲਿਮ ਲੀਡਰ ਜਿਨਾਹ ਦੇ ਲੀਡਰ ਹੋਣ ਦੇ ਸਾਰੇ ਗੁਣਾਂ ਦੀ ਤਾਈਦ ਕੀਤੀ ਅਤੇ ਜਿਸ ਵਿੱਚ ਸਿਆਸਤਦਾਨਾਂ ਅਤੇ ਕੂਟਨੀਤਕਾਂ ਵਾਲੇ ਸਾਰੇ ਗੁਣ ਮੌਜੂਦ ਸਨ, ਜੋ ਇੱਕ ਲੀਡਰ ਵਿੱਚ ਹੁੰਦੇ ਹਨ। ਉਸਨੇ ਭਾਰਤੀ ਮੁਸਲਮਾਨਾਂ ਲਈ ਇੱਕ ਅਲੱਗ ਖਿੱਤਾ ਲੈ ਕੇ ਦਿੱਤਾ, ਜਿਸ ਵਿੱਚ ਉਹ ਆਪਣੀ ਆਜ਼ਾਦੀ ਦਾ ਨਿੱਘ ਮਾਣ ਸਕਣ, ਜਦੋਂ ਕਿ ਉਸਦੀ ਟੱਕਰ ਉਸ ਸਮੇਂ ਦੇ ਘਾਗ ਸਿਆਸਤਦਾਨਾਂ ਪੰਡਿਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਸਰਦਾਰ ਵੱਲਭ ਭਾਈ ਪਟੇਲ ਨਾਲ ਸੀ। ਬੇਸ਼ੱਕ ਉਸ ਤੋਂ ਬਾਅਦ ਪਾਕਿਸਤਾਨ ਨੂੰ ਕੋਈ ਅਜਿਹਾ ਆਗੂ ਨਹੀਂ ਮਿਲਿਆ। ਜ਼ੈੱਡ.ਏ ਸੁਲਾਰੀ ਵਰਗੇ ਲੇਖਕ ਦੀ ਕਲਮ ਕੋਲ ਇਹ ਸ਼ਬਦ ਨਹੀਂ ਸਨ ਜੋ ਜਿਨਹਾ ਤੋਂ ਬਾਅਦ ਉਸਦੀ ਕਲਮ ਕਿਸੇ ਪਾਕਿਸਤਾਨੀ ਨੇਤਾ ਨੂੰ ਮਾਈ ਲੀਡਰ ਵਰਗੇ ਸ਼ਬਦਾਂ ਨਾਲ ਸਨਮਾਨਿਤ ਕਰਦੀ। ਮੇਰਾ ਸਭ ਤੋਂ ਪਹਿਲਾ ਮੁੱਲਅੰਕਣ ਲੀਡਰ, ਸਿਆਸਤਦਾਨ ਅਤੇ ਕੂਟਨੀਤਕ ਬਾਰੇ ਸੀ।

ਹੁਣ ਚਲਦੇ ਹਾਂ ਸਿੱਖ ਸਿਆਸਤ ਵੱਲ। ਸਿੱਖ ਲੀਡਰਾਂ ਵਿੱਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ. ਬਲਦੇਵ ਸਿੰਘ ਦੂੰਮਣਾ ਜੋ ਸ਼ਾਇਦ ਲੀਡਰ ਤਾਂ ਸਨ, ਪਰ ਸਿਆਸਤਦਾਨ ਜਾਂ ਕੂਟਨੀਤਕ ਨਹੀਂ ਸਨ। ਕਿਉਂਕਿ ਇਨ੍ਹਾਂ ਉਕਤ ਲੀਡਰਾਂ ਦਾ ਵੀ ਸਾਹਮਣਾ ਉਸ ਸਮੇਂ ਦੇ ਕਾਂਗਰਸ ਲੀਡਰ ਪੰਡਿਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਸਰਦਾਰ ਵੱਲਭ ਭਾਈ ਪਟੇਲ ਨਾਲ ਸੀ। ਇਨ੍ਹਾਂ ਪਿੱਛੇ ਲੋਕ ਤਾਂ ਲੱਗ ਜਾਂਦੇ ਸਨ ਅਤੇ ਇਹ ਲੋਕਾਂ ਨੂੰ ਯੋਗ ਅਗਵਾਈ ਵੀ ਦਿੰਦੇ ਸਨ, ਜਿਸ ਸਦਕਾ ਅਕਾਲੀ ਲੀਡਰਾਂ ਦੇ ਮੋਰਚੇ, ਧਰਨੇ ਸਫ਼ਲ ਰਹੇ , ਪਰ ਇਨ੍ਹਾਂ ਦੀ ਸਿਆਸਤ ਜਾਂ ਕੂਟਨੀਤੀ ਸਿੱਖਾਂ ਨੂੰ ਉਨ੍ਹਾਂ ਦੀ ਅੱਡਰੀ ਪਛਾਣ ਅਤੇ ਅਲੱਗ ਖਿੱਤਾ ਦੁਆਉਣ ਵਿੱਚ ਅਸਫ਼ਲ ਰਹੀ ਅਤੇ ਜਵਾਹਰ ਲਾਲ ਨਹਿਰੂ ਵਰਗੇ ਲੀਡਰਾਂ ਦੇ ਸਾਹਮਣੇ ਢਹਿ-ਢੇਰੀ ਹੋ ਗਏ। ਮੇਰੇ ਤਾਇਆ ਜੀ ਜੋ ਉਸ ਸਮੇਂ ਮਾਸਟਰ ਮੱਘਰ ਸਿੰਘ, ਅਕਾਲੀ ਸਫਾਂ ਵਿੱਚ ਉੱਘੇ ਲੀਡਰ ਸਨ, ਨੇ ਮੈਨੂੰ ਇੱਕ ਵਾਰ ਦੱਸਿਆ ਸੀ ਕਿ ਉਹ ਗਿਆਨੀ ਕਰਤਾਰ ਸਿੰਘ ਜਿਸ ਨੂੰ ਸਿੱਖਾਂ ਦਾ ਦਿਮਾਗ਼ ਕਿਹਾ ਜਾਂਦਾ ਸੀ, ਨਾਲ ਦਿੱਲੀ ਦੇ ਲੀਡਰਾਂ ਨਾਲ ਮੀਟਿੰਗ ਲਈ ਗਏ, ਪਰ ਜਦੋਂ ਬਾਹਰ ਆਏ ਤਾਂ ਗਿਆਨੀ ਜੀ ਨੇ ਆ ਕੇ ਹੱਥ ਹਿਲਾਇਆ ਕਿ ਮੈਨੂੰ ਤਾਂ ਅੰਦਰ ਕੁਝ ਸਮਝ ਹੀ ਨਹੀਂ ਪਿਆ ਕਿ ਉਹ ਕੀ ਕਹਿ ਰਹੇ ਸਨ ? ਇਸ ਤੋਂ ਬਾਅਦ ਅਜੋਕੇ ਲੀਡਰਾਂ ਵਿਚੋਂ ਜੇ ਗੱਲ ਕਰੀਏ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਤਾਂ ਉਨ੍ਹਾਂ ਨੇ ਉਸ ਸਮੇਂ ਜਦੋਂ ਪੰਜਾਬ ਗੰਭੀਰ ਸੰਤਾਪ ਵਿੱਚ ਸੀ, ਦਿੱਲੀ ਦੀ ਸਰਕਾਰ ਨਾਲ ਰਾਜੀਵ-ਲੌਂਗੋਵਾਲ ਵਰਗੇ ਅਸਫ਼ਲ ਸਮਝੌਤੇ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਦਿੱਲੀ ਦੀ ਉਸ ਕੂਟਨੀਤਕ ਚਾਲ ਨੂੰ ਸਮਝਣ ਵਿੱਚ ਨਾਕਾਮ ਰਿਹਾ। ਇਸ ਘਟਨਾ ਤੋਂ ਬਾਅਦ ਜਦੋਂ ਮੈਂ ਕਿਸਾਨ ਲੀਡਰਾਂ ਬਾਰੇ ਪੜਚੋਲ ਕਰਨ ਲੱਗਾ ਤਾਂ ਪਹਿਲਾਂ ਉਨ੍ਹਾਂ ਦਾ ਇਤਿਹਾਸ ਇਹ ਸੀ ਕਿ ਦੋ ਕਿਸਾਨ ਜਥੇਬੰਦੀਆਂ ਲੱਖੋਵਾਲ ਅਤੇ ਰਾਜੇਵਾਲ ਹੋਇਆ ਕਰਦੀਆਂ ਸਨ, ਪਰ ਇਨ੍ਹਾਂ ਨੂੰ ਇਕੱਠਾ ਕਰਨ ਵਾਸਤੇ ਕਿਸਾਨ ਯੂਨੀਅਨ ਏਕਤਾ ਹੋਂਦ ਵਿੱਚ ਆਈ, ਜਿਸ ਦਾ ਪ੍ਰਧਾਨ ਸ. ਪਿਸ਼ੌਰਾ ਸਿੰਘ ਸਿੱਧੂਪੁਰ ਨੂੰ ਬਣਾਇਆ। ਕਿਸਾਨ ਯੂਨੀਅਨਾਂ ਇਕੱਠੀਆਂ ਤਾਂ ਨਾ ਹੋਈਆਂ ਬਲਕਿ ਤਿੰਨ ਬਣ ਗਈਆਂ। ਫਿਰ ਪਤਾ ਨਹੀਂ ਇਨ੍ਹਾਂ ਦੇ ਕਿੰਨੇ ਕੁ ਚੁੱਲ੍ਹੇ ਬਣ ਗਏ। ਲੀਡਰ ਪਰਖ ਦੀ ਘੜੀ ਉਦੋਂ ਆਈ ਜਦੋਂ ਦਿੱਲੀ ਦੀ ਹਦੂਦ 'ਤੇ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੇ ਧਰਨੇ ਲਾਏ ਤਾਂ ਲੋਕਾਂ ਅਤੇ ਦੇਸ਼-ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੇ ਅਥਾਹ ਸਾਥ ਦਿੱਤਾ। ਹੁਣ ਦੇਸ਼ ਦੀ ਉਸ ਸਮੇਂ ਦੀ ਹਾਕਮ ਧਿਰ ਨੇ ਸ਼ੁਰੂ ਕੀਤੀ ਆਪਣੀ ਸਿਆਸਤ ਅਤੇ ਕੂਟਨੀਤੀ ਦੀ ਖੇਡ।

ਕਿਸਾਨ ਵਿਚਾਰੇ ਕੋਈ ਖੁੰਡੇ ਲੈ ਕੇ, ਕੋਈ ਆਪਣੀ ਵਿਦਵਤਾ ਲੈ ਕੇ ਦਿੱਲੀ ਦੇ ਹਾਕਮਾਂ ਨਾਲ ਬੱਸਾਂ ਵਿੱਚ ਚੜ੍ਹ ਕੇ ਮੀਟਿੰਗਾਂ ਕਰਨ ਜਾਣ ਲੱਗੇ, ਪਰ ਕਿਸਾਨਾਂ ਦੇ ਸਾਹਮਣੇ ਤੋਂ ਕੂਟਨੀਤੀ ਦੀ ਸ਼ਤਰੰਜ ਨੇ ਸਾਰੇ ਕਿਸਾਨ ਲੀਡਰ ਢਹਿ-ਢੇਰੀ ਕਰ ਦਿੱਤੇ। ਦਿੱਲੀ ਦੀਆਂ ਬਰੂਹਾਂ 'ਤੇ ਅਰਬਾਂ ਰੁਪਏ ਮਿੱਟੀ ਕਰ ਕੇ ਇਹ ਕਹਿੰਦੇ ਆਏ ਕਿ ਅਸੀਂ ਅੰਦੋਲਨ ਜਿੱਤ ਲਿਆ ਹੈ, ਪਰ ਕਿਸੇ ਨੂੰ ਸਮਝ ਨਹੀਂ ਆਈ ਕਿ ਹੋਇਆ ਕੀ ਹੈ ? ਲੈ ਕੇ ਕੀ ਆਏ ਹਨ ? ਮਨਵਾ ਕੇ ਕੀ ਆਏ ਹਨ ? ਜਵਾਬ ਵਿੱਚ ਕਹਿਣ ਲੱਗੇ ਫੇਰ ਧਰਨੇ ਲਗਾਵਾਂਗੇ, ਕਈ ਵੋਟਾਂ ਦੀ ਰਾਜਨੀਤੀ ਵਿੱਚ ਆ ਗਏ, ਆਖਰ ਕੂਟਨੀਤਿਕ ਸਿਆਸਤ ਨੇ ਸਾਰੇ ਢਹਿ-ਢੇਰੀ ਕਰ ਦਿੱਤੇ। ਕਾਂਗਰਸ ਦੇ ਲੀਡਰਾਂ ਵਿੱਚ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਤੋਂ ਲੈ ਕੇ ਕਿਸੇ ਨੇ ਯਥਾਰਥ ਦੀ ਸਿਆਸਤ ਨਹੀਂ ਕੀਤੀ। ਸਾਰੇ ਵਿਰਾਸਤੀ ਨੇਤਾ ਸਨ। ਵੋਟਾਂ ਦੀ ਗਿਣਤੀ-ਮਿਣਤੀ ਜਿਸ ਵਿੱਚ ਬੇਸ਼ੱਕ ਧਾਰਮਿਕ ਸਥਾਨਾਂ ਨੂੰ ਢਾਹੁਣਾ ਪਵੇ, ਭਾਵੇਂ ਲੋਕਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਸਾੜਨਾ ਪਵੇ, ਕਦੇ ਗੁਰੇਜ਼ ਨਹੀਂ ਕੀਤਾ, ਕੇਵਲ ਕੂਟਨੀਤੀ ਨਾਲ ਸਿਆਸਤ ਕੀਤੀ। ਉਸੇ ਰਾਹ 'ਤੇ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਤੁਰੀ ਹੋਈ ਹੈ, ਜੋ ਕਹਿੰਦੀ ਹੈ ਚਾਹੇ ਮਸਜਿਦਾਂ ਢਾਹੁਣੀਆਂ ਪੈਣ, ਚਾਹੇ ਮਨੀਪੁਰ ਵਿੱਚ ਔਰਤਾਂ ਦੀ ਬੇਪੱਤੀ ਕਰਨੀ ਪਵੇ, ਪਰ ਗਿਣਤੀ-ਮਿਣਤੀ ਵੋਟਾਂ ਦੇ ਧਰੁਵੀਕਰਨ ਤੱਕ ਹੀ ਰਹੀ।

ਬੇਸ਼ੱਕ ਜੰਮੂ-ਕਸ਼ਮੀਰ ਵਿੱਚ ਸੰਵਿਧਾਨ ਦੀ 370 ਧਾਰਾ ਤੋੜ ਕੇ ਆਪਣੀ ਪਿੱਠ ਥਾਪੜੀ ਹੋਵੇ, ਜਦੋਂ ਕਿ ਇਹੀ ਕੰਮ ਕਾਂਗਰਸ ਦੀ ਸਰਕਾਰ ਨੇ ਧਾਰਾ 370 ਨੂੰ ਸੰਵਿਧਾਨਕ ਸੋਧਾਂ ਕਰ ਕੇ ਪਹਿਲਾਂ ਹੀ ਲੂਲੀ-ਲੰਗੜੀ ਕਰ ਦਿੱਤਾ ਸੀ।

ਮੇਰੀ ਸਮਝ ਵਿੱਚ ਕਾਂਗਰਸੀ ਲੀਡਰ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਭੋਗ ਰਹੇ ਹਨ ਅਤੇ ਕਦੇ ਲੀਡਰ ਦੀ ਪਰਿਭਾਸ਼ਾ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਉਨ੍ਹਾਂ ਨੇ ਕਦੇ ਵੀ ਨਹੀਂ ਸੋਚਿਆ ਕਿ ਲੀਡਰ ਉਹ ਹੁੰਦੇ ਹਨ, ਜਿਨ੍ਹਾਂ ਨੂੰ ਲੋਕ ਆਪਣੇ ਦੇਵਤਿਆਂ ਵਾਂਗ ਪੂਜਦੇ ਹਨ। ਉਨ੍ਹਾਂ ਨੂੰ ਵਕਤੀ ਨੇਤਾ ਤਾਂ ਕਿਹਾ ਜਾ ਸਕਦਾ ਹੈ, ਜੋ ਚਾਹੇ ਪਿਓ-ਦਾਦੇ ਦੇ ਕਾਰਜਾਂ ਦੀ ਵਿਰਾਸਤ ਕਾਰਨ ਮੰਤਰੀ ਮੰਡਲ ਜਾਂ ਲੋਕ ਸਭਾ ਵਿਚ ਤਾਂ ਬੈਠੇ ਹੋਣ, ਪਰ ਉਨ੍ਹਾਂ ਨੂੰ ਲੀਡਰ ਦਾ ਮਾਣ ਕਦੇ ਹਾਸਿਲ ਨਹੀਂ ਹੋਇਆ। ਉਨ੍ਹਾਂ ਅੱਗੇ ਹਮੇਸ਼ਾ ਸੱਤਾ ਦੀ ਭੁੱਖ ਪ੍ਰਬਲ ਰਹੀ ਹੈ।

ਹੁਣ ਕਰੀਏ ਪੰਜਾਬ ਲੀਡਰਸ਼ਿਪ ਦੀ ਗੱਲ। ਕਾਂਗਰਸ ਦੇ ਸ. ਪ੍ਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ, ਸ. ਬੇਅੰਤ ਸਿੰਘ, ਕੈਪਟਨ ਅਮਰਿੰਦਰ ਸਿੰਘ ਅਤੇ ਸ. ਦਰਬਾਰਾ ਸਿੰਘ ਸਾਰੇ ਦਿੱਲੀ ਦੀ ਹਕੂਮਤ ਵੱਲੋਂ ਨਿਵਾਜੇ ਹੋਏ ਨੇਤਾ ਸਨ। ਅਕਾਲੀ ਪਾਰਟੀ ਦੀ ਵੀ ਗੱਲ ਛੂਹ ਲਈਏ। 1920 ਵਿੱਚ ਬਣੀ ਇਹ ਸਿਆਸੀ ਪਾਰਟੀ ਜਿਹੜੀ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ 'ਤੇ ਕੰਮ ਕਰਨ ਲਈ ਬਣਾਈ ਗਈ ਸੀ, ਬੇਸ਼ੱਕ ਇਸ ਪਾਰਟੀ ਨੇ ਆਪਣੀ ਕੌਮ ਲਈ ਧਾਰਮਿਕ ਪ੍ਰਾਪਤੀਆਂ, ਜਿਨ੍ਹਾਂ ਵਿੱਚ ਗੁਰੂ ਘਰਾਂ ਦੀ ਆਜ਼ਾਦੀ ਨੂੰ ਬਹਾਲ ਕਰਾਇਆ ਅਤੇ ਬਾਅਦ ਵਿੱਚ ਮਾਸਟਰ ਤਾਰਾ ਸਿੰਘ ਹੁਰਾਂ ਦੇ ਅਲੱਗ ਸਿੱਖ ਖਿੱਤੇ ਦੇ ਖੱਪੇ ਨੂੰ ਭਰਨ ਲਈ 1977 ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜਿਸ ਨਾਲ ਰਾਜਾਂ ਦੇ ਵੱਧ ਅਧਿਕਾਰਾਂ, ਅਲੱਗ ਰਾਜਧਾਨੀ ਵਰਗੇ ਮੁੱਦੇ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ। ਫਿਰ ਦਿੱਲੀ ਦੀ ਨਾਂਹ-ਪੱਖੀ ਸਿਆਸਤ ਨਾਲ ਸਾਹਮਣਾ ਕਰਨਾ ਪਿਆ, ਜਿਸਦਾ ਭੁਗਤਾਨ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ, ਦਿੱਲੀ ਸਿੱਖ ਨਸਲਕੁਸ਼ੀ, ਸਿੱਖ ਅਕਾਲੀ ਆਗੂ ਜੇਲ੍ਹਾਂ ਵਿਚ ਕਰਵਾ ਕੇ ਭੁਗਤਣਾ ਪਿਆ ਅਤੇ ਪੰਜਾਬ ਵਿੱਚ ਰਾਜ ਫਿਰ ਕਾਂਗਰਸ ਨੇ ਕੀਤਾ ਅਤੇ ਹਮੇਸ਼ਾ ਅਕਾਲੀ ਸਿਆਸਤ ਨੂੰ ਵੱਖ-ਵੱਖ ਮੁੱਦਿਆਂ ਵਿੱਚ ਉਲਝਾਈ ਰੱਖਿਆ।

ਅਕਾਲੀ ਦਲ ਦੀ ਵਾਗਡੋਰ ਜ਼ਿਆਦਾਤਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਹੱਥਾਂ ਵਿੱਚ ਰਹੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਘਾਗ ਸਿਆਸਤਦਾਨ ਅਤੇ ਕੂਟਨੀਤਕ ਸਮਝਿਆ ਜਾਂਦਾ ਸੀ, ਜਿਸ ਸਦਕਾ ਉਨ੍ਹਾਂ ਨੇ ਹਮੇਸ਼ਾ ਪੰਥ ਅਤੇ ਧਾਰਮਿਕ ਅਸਥਾਨਾਂ ਨੂੰ ਬਚਾਉਣ ਅਤੇ ਸਿੱਖਾਂ ਅਤੇ ਪੰਜਾਬੀਆਂ ਨੂੰ ਸਿੱਖਿਆ ਵੱਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਸਦਕਾ ਲੋਕ ਉਨ੍ਹਾਂ ਦਾ ਸਿੱਖ ਲੀਡਰ ਦੇ ਤੌਰ 'ਤੇ ਸਨਮਾਨ ਕਰਦੇ ਸਨ।

ਰਾਜਨੀਤਕ ਲੀਡਰ ਦੇ ਤੌਰ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ, ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕੀਤੀ ਤਾਂ ਜੋ ਪੰਜਾਬ ਵਿੱਚ ਰਹਿੰਦੇ ਹਰ ਭਾਈਚਾਰੇ ਨੂੰ ਸਾਂਝੀਵਾਲਤਾ ਦਾ ਸੁਨੇਹਾ ਜਾ ਸਕੇ ਜਿਸ ਸਦਕਾ 1984 ਦੀ ਕੜਵਾਹਟ ਹੌਲੀ-ਹੌਲੀ ਖ਼ਤਮ ਹੋਣੀ ਸ਼ੁਰੂ ਹੋਈ। ਪਰ ਕੱਟੜਪੰਥੀ ਸਿੱਖ ਵਿਚਾਰਧਾਰਾ ਨੇ ਇਸ ਸਾਂਝੀਵਾਲਤਾ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦਾ ਇੱਕ ਸਿਆਸੀ ਪੈਂਤੜਾ ਕਹਿ ਕੇ ਨਕਾਰਿਆ ਅਤੇ ਬਾਦਲ ਸਾਹਿਬ 'ਤੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਤੇ ਸਿੱਖਾਂ ਦੀ ਪੰਥਕ ਰਾਜਨੀਤੀ ਤੋਂ ਭੱਜਣ ਦੇ ਦੋਸ਼ ਲੱਗੇ, ਪਰ ਫਿਰ ਵੀ ਹਰ ਫਿਰਕੇ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਨਰਮਦਲੀਆ ਲੀਡਰ ਕਬੂਲ ਕੀਤਾ ਜਿਸ ਕੋਲ ਕੇਵਲ ਸਿੱਖ ਹੀ ਨਹੀਂ, ਹਿੰਦੂ-ਮੁਸਲਿਮ ਵੀ ਆਪਣਾ ਸਮਝ ਕੇ ਜਾਂਦੇ ਸਨ।

ਅਜੋਕੇ ਸਮੇਂ ਵਿੱਚ ਕੂਟਨੀਤਿਕ ਸਿਆਸਤ ਦੀ ਝਲਕ ਉਦੋਂ ਹਨੇਰੀ ਵਾਂਗ ਝੁੱਲੀ ਜਦੋਂ ਭਾਰਤੀ ਜਨਤਾ ਪਾਰਟੀ ਨੇ ਵੋਟਾਂ ਵਿੱਚ ਬਹੁਮਤ ਲੈਣ ਲਈ ਰਾਮ ਮੰਦਰ ਦੀ ਉਸਾਰੀ ਦਾ ਪਾਸਾ ਸੁੱਟਿਆ ਅਤੇ ਹਿੰਦੂਆਂ ਦਾ ਧਰੁਵੀਕਰਨ ਕਰ ਦਿੱਤਾ। ਮੌਜੂਦਾ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਲੰਘੇ ਸਮੇਂ ਅੰਦਰ ਵਾਪਰੀਆਂ ਘਟਨਾਵਾਂ ਅਤੇ ਕਮੀਆਂ ਤੋਂ ਸਿੱਖਿਆ ਲਈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਮਸਲਿਆਂ, ਕਿਸਾਨ ਮਸਲਿਆਂ, ਅੰਤਰਦੇਸ਼ੀ ਵਪਾਰਕ ਮਸਲਿਆਂ ਅਤੇ ਬੰਦੀ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਦਹਾਕਿਆਂ ਪੁਰਾਣੀ ਭਾਰਤੀ ਜਨਤਾ ਪਾਰਟੀ ਦੀ ਭਾਈਵਾਲਤਾ ਨੂੰ ਦਰਕਿਨਾਰ ਕਰ ਦਿੱਤਾ। ਪਰ ਮੇਰਾ ਸੁਆਲ ਅਜੇ ਵੀ ਬਰਕਰਾਰ ਸੀ ਕਿ ਲੀਡਰ ਕੌਣ ਹਨ ? ਬੇਸ਼ੱਕ ਲੀਡਰ ਅਤੇ ਨੇਤਾ ਦੇ ਅੱਖਰੀ ਅਰਥ ਇਕੋ ਹਨ ? ਸਿਆਸਤਦਾਨ ਦਾ ਸਰਲ ਅਰਥ ਸਰਲ ਰਾਜਨੀਤੀ ਹੈ, ਪਰ ਕੂਟਨੀਤਿਕ ਉਹ ਹੈ, ਜੇਕਰ ਉਹ ਇੱਟ ਵੀ ਮਾਰਦਾ ਹੈ ਤਾਂ ਸ਼ਾਇਦ ਖੰਡ ਨਾਲ ਲਬੇੜ ਕੇ ਮਾਰਦਾ ਹੈ।

ਅਖ਼ੀਰ ਮੈਂ ਇਹ ਵੀ ਵਿਸ਼ਲੇਸ਼ਣ ਕਰ ਰਿਹਾ ਹਾਂ ਕਿ ਪੰਜਾਬ ਵਿੱਚ ਜਿੰਨੀਆਂ ਵੀ ਸਿਆਸੀ ਧਿਰਾਂ ਚਾਹੇ ਉਹ ਭਾਜਪਾ ਹੋਵੇ, ਚਾਹੇ ਆਮ ਆਦਮੀ ਪਾਰਟੀ ਹੋਵੇ ਜਾਂ ਫਿਰ ਚਾਹੇ ਕਾਂਗਰਸ ਪਾਰਟੀ ਹੋਵੇ, ਉਨ੍ਹਾਂ ਨੇ ਪੰਜਾਬ ਰਾਜ ਨੂੰ ਪੰਜਾਬ ਵਿੱਚ ਖੜ੍ਹ ਕੇ ਵੀ ਦਿੱਲੀ ਦੀ ਤਾਕੀ ਵਿਚੋਂ ਹੀ ਦੇਖਿਆ ਹੈ ਅਤੇ ਸਿੱਧੇ ਕਦੇ ਵੀ ਪੰਜਾਬ ਦੇ ਲੋਕਾਂ ਦੇ ਲੀਡਰ ਨਹੀਂ ਬਣੇ, ਕੇਵਲ ਦਿੱਲੀ ਵੱਲੋਂ ਥੋਪੇ ਗਏ ਹਨ, ਜਿਵੇਂ ਔਰੰਗਜ਼ੇਬ ਨੇ ਆਪਣੇ ਗਵਰਨਰ ਲਗਾਏ ਹੋਏ ਸਨ। ਪਰ ਅਕਾਲੀ ਦਲ ਨੂੰ ਜਦੋਂ ਵੀ ਮੈਂ ਪੜ੍ਹਿਆ ਤਾਂ ਮੈਨੂੰ ਇਕ ਤਸੱਲੀ ਜ਼ਰੂਰ ਹੋਈ ਕਿ ਅਕਾਲੀ ਦਲ ਦੇ ਲੀਡਰਾਂ ਨੇ ਹਮੇਸ਼ਾ ਪੰਜਾਬ ਵਿੱਚ ਖੜ੍ਹ ਕੇ ਪੰਜਾਬ ਦੇ ਹਿੰਦੂ-ਸਿੱਖ-ਮੁਸਲਮਾਨ ਅਤੇ ਇਸਾਈਆਂ ਨੂੰ ਵੇਖਿਆ ਅਤੇ ਉਨ੍ਹਾਂ ਦੇ ਦੁੱਖ-ਦਰਦ ਨੂੰ ਵਿਚ ਰਹਿ ਕੇ ਮਹਿਸੂਸ ਕੀਤਾ। ਬੇਸ਼ੱਕ ਉਨ੍ਹਾਂ ਦੀਆਂ ਕਮੀਆਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਪਰ ਫਿਰ ਵੀ ਜੇ ਉਹ ਗ਼ਲਤੀਆਂ ਤੋਂ ਸਿੱਖ ਕੇ ਲੋਕਾਂ ਦੇ ਲੀਡਰ ਬਣਨ ਦੀ ਕੋਸ਼ਿਸ਼ ਕਰਨ ਤਾਂ ਸ਼ਾਇਦ ਕੋਈ ਨਵੀਂ ਕਿਰਨ ਜਾਗੇ।

# ਵਰਲਡ ਪ੍ਰੈੱਸ ਫਰੀਡਮ ਇੰਡੈਕਸ ਦੀ ਰਿਪੋਰਟ



**ਰਣਜੀਤ ਸਿੰਘ ਕੁਕੀ**

ਆਪਣੇ ਵਿਸ਼ਲੇਸ਼ਣ ਵਿੱਚ, ਰਿਪੋਰਟਰਜ਼ ਵਿਦਾਊਟ ਬਾਰਡਰਜ਼ ਨੇ ਦਾਅਵਾ ਕੀਤਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਪ੍ਰੈਸ ਦੀ ਆਜ਼ਾਦੀ ਸੰਕਟ ਵਿੱਚ ਹੈ, ਸਭ ਤੋਂ ਵੱਡਾ ਇਹ ਲੋਕਤੰਤਰ ਭਾਰਤ ਹੈ, ਜਿਸ ਵਿੱਚ 2014 ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਜ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼, (ਇੱਕ ਅੰਤਰਰਾਸ਼ਟਰੀ ਗੈਰ-ਮੁਨਾਫ਼ਾ ਸੰਸਥਾ) ਦੁਆਰਾ ਜਾਰੀ ਕੀਤੇ ਗਏ ਨਵੀਨਤਮ ਸਾਲਾਨਾ ਵਿਸ਼ਵ ਪ੍ਰੈਸ ਆਜ਼ਾਦੀ ਸੂਚਕਾਂਕ ਵਿੱਚ 180 ਦੇਸ਼ਾਂ ਵਿਚੋਂ ਭਾਰਤ 159ਵੇਂ ਸਥਾਨ 'ਤੇ ਹੈ। ਭਾਰਤ 2023 ਦੀ ਸੂਚੀ ਵਿੱਚ 161ਵੇਂ ਸਥਾਨ 'ਤੇ ਸੀ।

ਇਸ ਸਮੇਂ, ਪਾਕਿਸਤਾਨ ਭਾਰਤ ਤੋਂ ਸੱਤ ਸਥਾਨ ਉੱਪਰ 152ਵੇਂ ਸਥਾਨ 'ਤੇ ਹੈ। ਇਹ 2023 ਵਿੱਚ 150ਵੇਂ ਸਥਾਨ 'ਤੇ ਸੀ। ਨਾਰਵੇ ਰੈਂਕਿੰਗ ਵਿੱਚ ਸਿਖਰ 'ਤੇ ਹੈ, ਜਦੋਂ ਕਿ ਡੈਨਮਾਰਕ ਵਿਸ਼ਵ ਪ੍ਰੈਸ ਫਰੀਡਮ ਇੰਡੈਕਸ ਵਿੱਚ ਦੂਜੇ ਸਥਾਨ 'ਤੇ ਸੀ। ਸੂਚੀ ਵਿੱਚ ਸਵੀਡਨ ਤੀਜੇ ਸਥਾਨ 'ਤੇ ਹੈ। ਆਪਣੇ ਵਿਸ਼ਲੇਸ਼ਣ ਵਿੱਚ, ਆਰ.ਐਸ.ਐਫ. ਨੇ ਦਾਅਵਾ ਕੀਤਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਪ੍ਰੈਸ ਦੀ ਆਜ਼ਾਦੀ ਸੰਕਟ ਵਿੱਚ ਹੈ। ਰਿਪੋਰਟ ਦੇ ਅਨੁਸਾਰ, ਅੱਜ ਤੱਕ ਭਾਰਤ ਵਿੱਚ 9 ਪੱਤਰਕਾਰਾਂ ਅਤੇ ਇੱਕ ਮੀਡੀਆ ਕਰਮਚਾਰੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਦੋਂ ਕਿ ਦੇਸ਼ ਵਿੱਚ ਜਨਵਰੀ 2024 ਤੋਂ ਬਾਅਦ ਕਿਸੇ ਵੀ ਪੱਤਰਕਾਰ/ਮੀਡੀਆ ਕਰਮਚਾਰੀ ਦੀ ਹੱਤਿਆ ਨਹੀਂ ਹੋਈ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੂਚਕਾਂਕ ਵਿੱਚ ਕੁਝ ਦੇਸ਼ਾਂ ਦੀ ਸੁਧਰੀ ਦਰਜਾਬੰਦੀ ਗੁੰਮਰਾਹਕੁੰਨ ਹੈ ਕਿਉਂਕਿ ਉਨ੍ਹਾਂ ਦੇ ਸਕੋਰ ਡਿੱਗੇ ਹਨ ਅਤੇ ਸੂਚਕਾਂਕ ਵਿੱਚ ਵਾਧਾ ਉਨ੍ਹਾਂ ਤੋਂ ਉੱਪਰਲੇ ਦੇਸ਼ਾਂ ਦੁਆਰਾ ਗਿਰਾਵਟ ਦਾ ਨਤੀਜਾ ਹੈ। ਇਹ ਮਾਮਲਾ ਭਾਰਤ (159ਵਾਂ) ਦਾ ਹੈ, ਜੋ ਹਾਲ ਹੀ ਵਿੱਚ ਹੋਰ ਸਖ਼ਤ ਕਾਨੂੰਨਾਂ ਨੂੰ ਅਪਣਾਉਣ ਦੇ ਬਾਵਜੂਦ ਦੋ ਸਥਾਨਾਂ 'ਤੇ ਅੱਗੇ ਵਧਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ ਨੇ ਕਈ ਨਵੇਂ ਕਾਨੂੰਨ ਪੇਸ਼ ਕੀਤੇ ਹਨ ਜੋ ਸਰਕਾਰ ਨੂੰ ਮੀਡੀਆ ਨੂੰ ਕੰਟਰੋਲ ਕਰਨ ਲਈ ਅਸਾਧਾਰਣ ਸ਼ਕਤੀ ਪ੍ਰਦਾਨ ਕਰਨਗੇ। , 2023 ਟੈਲੀਕਮਿਊਨੀਕੇਸ਼ਨ ਐਕਟ, 2023 ਡਰਾਫਟ ਬ੍ਰੌਡਕਾਸਟਿੰਗ ਸਰਵਿਸਿਜ਼ (ਰੈਗੂਲੇਸ਼ਨ) ਬਿੱਲ, ਅਤੇ 2023 ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ ਤਾਂ ਕਿ ਖਬਰਾਂ ਨੂੰ ਸੈਂਸਰ ਕਰਿਆ ਜਾ ਸਕੇ ਅਤੇ ਆਲੋਚਕਾਂ ਨੂੰ ਚੁੱਪ ਕਰਵਾਇਆ ਜਾ ਸਕੇ। ਆਰ.ਐਸ.ਐਫ. ਦੇ ਵਿਸ਼ਲੇਸ਼ਣ ਵਿੱਚ ਕਿਹਾ ਗਿਆ ਹੈ ਕਿ 2014 ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤ ਦਾ ਮੀਡੀਆ ਅਣਅਧਿਕਾਰਤ ਐਮਰਜੈਂਸੀ ਦੀ ਸਥਿਤੀ ਵਿੱਚ ਫਸ ਗਿਆ ਹੈ ਅਤੇ ਆਪਣੀ ਪਾਰਟੀ, ਭਾਜਪਾ ਅਤੇ ਮੀਡੀਆ ਉੱਤੇ ਹਾਵੀ ਵੱਡੇ ਪਰਿਵਾਰਾਂ ਵਿਚਕਾਰ ਇੱਕ ਸ਼ਾਨਦਾਰ ਤਾਲਮੇਲ ਪੈਦਾ ਕੀਤਾ ਹੈ।

ਇਸ ਨੇ ਇੱਕ ਉਦਾਹਰਣ ਦਾ ਹਵਾਲਾ ਦਿੱਤਾ ਕਿ ਰਿਲਾਇੰਸ ਇੰਡਸਟਰੀਜ਼ ਸਮੂਹ ਦੇ ਪ੍ਰਮੁੱਖ ਮੁਕੇਸ਼ ਅੰਬਾਨੀ... 70 ਤੋਂ ਵੱਧ ਮੀਡੀਆ ਆਉਟਲੈਟਸ ਦੇ ਮਾਲਕ ਹਨ ਜਿਨ੍ਹਾਂ ਨੂੰ ਘੱਟੋ-ਘੱਟ 800 ਮਿਲੀਅਨ ਭਾਰਤੀ ਫਾਲੋ ਕਰਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੱਤਰਕਾਰ, ਜੋ ਸਰਕਾਰ ਦੀ ਆਲੋਚਨਾ ਕਰਦੇ ਹਨ, ਨੂੰ ਨਿਯਮਤ ਤੌਰ 'ਤੇ ਔਨਲਾਈਨ ਪਰੇਸ਼ਾਨੀ, ਧਮਕੀਆਂ ਅਤੇ ਸਰੀਰਕ ਹਮਲਿਆਂ ਦੇ ਨਾਲ-ਨਾਲ ਅਪਰਾਧਿਕ ਮੁਕੱਦਮੇ ਅਤੇ ਮਨਮਾਨੀ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਸ਼ਮੀਰ ਵਿੱਚ ਵੀ ਸਥਿਤੀ ਬਹੁਤ ਚਿੰਤਾਜਨਕ ਬਣੀ ਹੋਈ ਹੈ, ਜਿੱਥੇ ਪੱਤਰਕਾਰਾਂ ਨੂੰ ਅਕਸਰ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੁਆਰਾ ਪਰੇਸ਼ਾਨ ਕੀਤਾ ਜਾਂਦਾ ਹੈ, ਕੁਝ ਨੂੰ ਕਈ ਸਾਲਾਂ ਲਈ ਅਖੌਤੀ ਆਰਜ਼ੀ ਨਜ਼ਰਬੰਦੀ ਦੇ ਅਧੀਨ ਕੀਤਾ ਜਾਂਦਾ ਹੈ। ਆਰ.ਐਸ.ਐਫ. ਦੇ ਵਿਸ਼ਲੇਸ਼ਣ ਵਿੱਚ ਕਿਹਾ ਗਿਆ ਹੈ। ਸਿਰਫ਼ ਭਾਰਤ ਹੀ ਨਹੀਂ, ਆਰ.ਐਸ.ਐਫ. ਨੇ ਨੋਟ ਕੀਤਾ ਕਿ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਸਥਿਤੀ ਵਿਗੜ ਗਈ ਹੈ, ਜਿੱਥੇ 32 ਵਿੱਚੋਂ 26 ਦੇਸ਼ਾਂ ਅਤੇ ਪ੍ਰਦੇਸ਼ਾਂ ਨੇ 2024 ਦੇ ਵਿਸ਼ਵ ਪ੍ਰੈਸ ਆਜ਼ਾਦੀ ਸੂਚਕਾਂਕ ਵਿੱਚ ਆਪਣੇ ਅੰਕਾਂ ਵਿੱਚ ਗਿਰਾਵਟ ਦੇਖੀ ਹੈ।



# ਸ਼ਹਿਰ ਸੁਣੀਂਦਾ ਪਟਿਆਲਾ

ਬਹਾਦਰ ਸਿੰਘ ਗੋਸਲ

ਭਾਵੇਂ ਪੰਜਾਬੀਆਂ ਨੇ ਪੇਂਡੂ ਪੰਜਾਬੀ ਸੱਭਿਆਚਾਰ ਦੇ ਅਨੇਕਾਂ ਰੰਗ ਮਾਣੇ ਹਨ ਪਰ ਇਨ੍ਹਾਂ ਨਜ਼ਾਰਿਆਂ ਵਿੱਚ ਪੰਜਾਬ ਦੇ ਸ਼ਹਿਰ ਵੀ ਪਿੱਛੇ ਨਹੀਂ ਰਹੇ। ਕਈ ਸ਼ਹਿਰ ਤਾਂ ਪੰਜਾਬੀ ਸੱਭਿਆਚਾਰ ਦੀ ਜ਼ਿੰਦ ਜਾਨ ਰਹੇ ਹਨ ਜਿਨ੍ਹਾਂ ਵਿੱਚ ਨਾਭਾ, ਮਾਛੀਵਾੜਾ, ਕੁਰਾਲੀ, ਸੰਗਰੂਰ, ਬਠਿੰਡਾ ਅਤੇ ਕਈ ਹੋਰ ਹਨ ਪਰ ਸੱਭਿਆਚਾਰਕ ਪੱਖੋ ਸ਼ਹਿਰ ਪਟਿਆਲਾ ਤਾਂ ਪੰਜਾਬੀ ਲੋਕਾਂ ਦੀ ਸ਼ਾਨ ਬਣ ਗਿਆ। ਪਟਿਆਲਾ ਪੰਜਾਬੀ ਸੱਭਿਆਚਾਰ ਦਾ ਮੁੱਖੜਾ ਬਣ ਕੇ ਉੱਭਰਿਆ ਅਤੇ ਹਰ ਪੰਜਾਬੀ ਦੇ ਦਿਲੋ-ਦਿਮਾਗ਼ 'ਤੇ ਛਾ ਗਿਆ। ਅਜਿਹਾ ਹੋਣਾ ਵੀ ਕੁਦਰਤੀ ਸੀ ਕਿਉਂਕਿ ਇੱਕ ਤਾਂ ਇਹ ਵਿਰਾਸਤੀ ਮਹਾਰਾਜਿਆਂ ਦਾ ਸ਼ਹਿਰ ਗਿਣਿਆ ਜਾਂਦਾ ਸੀ ਅਤੇ ਸੁਹੱਪਣ ਅਤੇ ਸਫ਼ਾਈ ਵਿੱਚ ਵੀ ਸ਼ਾਨਦਾਰ ਇਮਾਰਤਾਂ ਨਾਲ ਦੂਜਿਆਂ ਸ਼ਹਿਰਾਂ ਨਾਲੋਂ ਨੰਬਰ ਲੈ ਜਾਂਦਾ ਸੀ।

ਪਟਿਆਲਾ ਦਾ ਇਤਿਹਾਸ ਵੀ ਬੜਾ ਰੌਚਕ ਹੈ ਕਿਉਂਕਿ ਇਸ ਦੀ ਨੀਂਹ ਸੰਨ 1763 ਵਿੱਚ ਬਾਬਾ ਆਲਾ ਸਿੰਘ ਵੱਲੋਂ ਕਿਲ੍ਹਾ ਮੁਬਾਰਕ ਨਾਂ ਦਾ ਵੱਡਾ ਕਿਲ੍ਹਾ ਬਣਾ ਕੇ ਰੱਖੀ ਗਈ ਸੀ। ਜੋ ਅੱਜ ਦੇ ਪਟਿਆਲਾ ਦਾ ਰੂਪ ਲੈ ਚੁੱਕਿਆ ਹੈ। ਜਦੋਂ 1761 ਵਿੱਚ ਪਾਣੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਦੀ ਹਾਰ ਹੋਈ ਤਾਂ ਉਸ ਸਮੇਂ ਪੂਰੇ ਪੰਜਾਬ ਵਿੱਚ ਅਫ਼ਗਾਨੀਆਂ ਦਾ ਸਿੱਕਾ ਚੱਲਦਾ ਸੀ ਪਰ ਜਦੋਂ ਅਹਿਮਦਸ਼ਾਹ ਅਬਦਾਲੀ ਨੇ ਅਫ਼ਗਾਨਾਂ ਨਾਲ ਯੁੱਧ ਕੀਤੇ ਤਾਂ ਅਹਿਮਦਸ਼ਾਹ ਅਬਦਾਲੀ ਨੇ ਆਲਾ ਸਿੰਘ ਦੇ ਝੰਡੇ ਅੱਗੇ ਸਿਰ ਝੁਕਾਇਆ ਅਤੇ ਆਲਾ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੋਤਾ ਅਮਰ ਸਿੰਘ ਪਟਿਆਲਾ ਦਾ ਰਾਜਾ ਬਣਿਆ। ਉਸ ਨੂੰ ਰਾਜਾ-ਏ-ਰਾਜਗਣ ਦਾ ਖਿਤਾਬ ਮਿਲਿਆ ਤੇ ਲਗਾਤਾਰ 40 ਸਾਲ ਤੱਕ ਮੁਗ਼ਲਾਂ, ਅਫ਼ਗਾਨੀਆਂ ਅਤੇ ਮਰਾਠਿਆਂ ਨਾਲ ਜੰਗਾਂ ਲੜਦੇ ਹੋਏ ਉਸ ਦੇ ਰਾਜ ਦੀਆਂ ਹੱਦਾਂ ਪਟਿਆਲਾ ਦੇ ਰਾਜ ਤੱਕ ਅਤੇ ਪੂਰਬ ਵੱਲ ਅੰਗਰੇਜ਼ੀ ਰਾਜ ਤੱਕ ਫੈਲ ਗਈਆਂ। ਸੰਨ 1808 ਵਿੱਚ ਰਣਜੀਤ ਸਿੰਘ ਦਾ ਵਿਰੋਧ ਕਰਕੇ ਪਟਿਆਲਾ ਦੇ ਰਾਜੇ ਨੇ ਅੰਗਰੇਜ਼ਾਂ ਨਾਲ ਮਿੱਤਰਤਾ ਪਾ ਲਈ ਅਤੇ ਅੰਗਰੇਜ਼ਾਂ ਰਾਹੀਂ ਇੱਕ ਵਿਸ਼ਾਲ ਸਲਤਨਤ ਦੀ ਉਸਾਰੀ ਕਰ ਲਈ। ਅੰਗਰੇਜ਼ਾਂ ਨੇ ਪਟਿਆਲਾ ਦੇ ਹੁਕਮਰਾਨਾਂ ਕਰਮ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਰਾਜਿੰਦਰ ਸਿੰਘ, ਭੁਪਿੰਦਰ ਸਿੰਘ ਅਤੇ ਯਾਦਵਿੰਦਰ ਸਿੰਘ ਨਾਲ ਚੰਗੇ ਸਬੰਧ ਬਣਾ ਕੇ ਰੱਖੇ।

ਪਟਿਆਲਾ ਨੇ ਜਿੱਥੇ ਇਮਾਰਤ ਕਲਾ ਵਿੱਚ ਖ਼ੂਬ ਤਰੱਕੀ ਕੀਤੀ ਉੱਥੇ ਹੀ ਪੰਜਾਬੀ ਸੱਭਿਆਚਾਰ ਅਤੇ ਕਲਾਕ੍ਰਿਤੀਆਂ ਨੂੰ ਉਤਸ਼ਾਹਿਤ ਕੀਤਾ। ਸੰਨ 1845-1862 ਦੇ ਵਿਚਕਾਰ ਰਾਜਾ ਨਰਿੰਦਰ ਸਿੰਘ ਨੇ ਸ਼ਹਿਰ ਦੇ ਆਲੇ-ਦੁਆਲੇ ਦੀਵਾਰਾਂ ਅਤੇ 10 ਗੇਟ ਬਣਾ ਕੇ ਪੂਰੇ ਸ਼ਹਿਰ ਦੀ ਕਿਲ੍ਹੇਬੰਦੀ ਕਰ ਦਿੱਤੀ। ਬਾਜ਼ਾਰ ਵਿੱਚ ਖ਼ਾਸ ਕਰਕੇ ਕਢਾਈਦਾਰ ਜੁੱਤੀ, ਫੁਲਕਾਰੀ, ਡੋਰੀਆ, ਪਰਾਂਦੇ ਅਤੇ ਨਾਲੇ ਵਰਗੀਆਂ ਕਲਾਤਮਕ ਵਸਤੂਆਂ ਦਾ ਮਿਲਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਪਟਿਆਲੇ ਦੀਆਂ ਇਨ੍ਹਾਂ ਵਸਤਾਂ ਲਈ ਲੋਕਾਂ ਦਾ ਮੋਹ ਵਧਦਾ ਗਿਆ। ਪਟਿਆਲਾ ਆਪਣੇ ਪੈੱਗ, ਪੱਗ, ਪਰਾਂਦਾ, ਮੌਜ-ਮਸਤੀ, ਪੰਜਾਬੀ ਜੁੱਤੀ, ਸ਼ਾਹੀ ਤਹਿਜ਼ੀਬ, ਮੁਟਿਆਰਾਂ ਦੀ ਖ਼ੂਬਸੂਰਤੀ ਅਤੇ ਰਈਸੀ ਲਈ ਜਾਣਿਆ ਜਾਣ ਲੱਗਾ। ਫਿਰ ਪਟਿਆਲਾ ਪੈਪਸੂ ਦੀ ਰਾਜਧਾਨੀ ਵੀ ਰਿਹਾ। ਭਾਵੇਂ ਇਸ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਪਰ ਇਸ ਨੇ ਆਪਣੇ ਸੱਭਿਆਚਾਰਕ ਹੁਲਾਰਿਆਂ ਨਾਲ ਪਟਿਆਲਾ ਨੂੰ ਸੰਸਾਰ ਪ੍ਰਸਿੱਧ ਬਣਾ ਦਿੱਤਾ। ਹੁਣ ਜੇ ਅਸੀਂ ਪਟਿਆਲਾ ਦੀ ਸੱਭਿਆਚਾਰਕ ਦੇਣ ਨੂੰ ਦੇਖੀਏ ਤਾਂ ਹਰ ਪੰਜਾਬੀ ਦਾ ਮਨ ਕਹਿ ਉੱਠਦਾ ਹੈ-ਵਾਹ ਪਟਿਆਲਾ! ਕਿਉਂਕਿ ਪੰਜਾਬ ਦੇ ਬਹੁਤ ਸਾਰੇ ਲੋਕ ਗੀਤਾਂ, ਕਵਿਤਾਵਾਂ, ਬੋਲੀਆਂ, ਗੀਤਾਂ ਅਤੇ ਗਿੱਧਿਆਂ ਵਿੱਚ ਪਟਿਆਲਾ ਦੀ ਗੱਲ ਕੀਤੀ ਜਾਂਦੀ ਹੈ। ਜਿਵੇਂ ਕਿਹਾ ਜਾਂਦਾ ਹੈ:

ਸ਼ਹਿਰਾਂ ਵਿੱਚੋਂ ਸ਼ਹਿਰ ਸੁਣੀਂਦਾ  
ਸ਼ਹਿਰ ਸੁਣੀਂਦਾ ਪਟਿਆਲਾ  
ਜਿਸ ਬਾਬੇ ਨੇ ਇਹਦੀ ਨੀਂਹ ਸੀ ਰੱਖੀ  
ਉਹਦਾ ਨਾਂ ਸੀ ਬਾਬਾ ਆਲਾ  
ਜਿਸ ਚੌਕ ਵਿੱਚ ਗੱਡੀ ਮੋਹੜੀ  
ਨਾਉਂ ਰੱਖਿਆ ਪਟਿਆਲਾ।  
ਜੱਗ ਵਿੱਚ ਸਾਰੇ ਪਈਆਂ ਧੂਮਾਂ  
ਪੀਓ ਪੈੱਗ ਪਟਿਆਲਾ।



ਇਸੇ ਤਰ੍ਹਾਂ ਜੇ ਅਸੀਂ ਪਟਿਆਲਾ ਦੇ ਸੁਹੱਪਣ, ਮੁਟਿਆਰਾਂ ਦੇ ਹੁਸਨ, ਸੈਰ ਸਪਾਟੇ ਅਤੇ ਸ਼ਹਿਰ ਦੇ ਬਾਜ਼ਾਰਾਂ ਦੀ ਗੱਲ ਕਰੀਏ ਤਾਂ ਵੀ ਪਿੰਡਾਂ ਵਿੱਚ ਪਾਈਆਂ ਜਾਂਦੀਆਂ ਬੋਲੀਆਂ ਆਪਣੇ ਆਪ ਹੀ ਸਭ ਕੁਝ ਦੱਸ ਦਿੰਦੀਆਂ ਹਨ। ਜਿਵੇਂ ਕਿਹਾ ਜਾਂਦਾ ਹੈ:

ਟਾਂਗਾ ਕਰਕੇ ਕੁਝ ਮੁਟਿਆਰਾਂ  
ਵਿੱਚ ਸ਼ਹਿਰ ਪਟਿਆਲੇ ਵੜੀਆਂ  
ਸੈਰ ਸਪਾਟਾ, ਘੁੰਮਣਾ ਫਿਰਨਾ  
ਵਾਂਗ ਫ਼ੌਜੀਆਂ ਚੜ੍ਹੀਆਂ  
ਬਾਣੀਏ ਦੇਖ ਕੇ ਮੋਹਿਤ ਹੋ ਗਏ  
ਮੁਫ਼ਤ ਤੋਲਦੇ ਧੜ੍ਹੀਆਂ  
ਬਈ ਬਾਣੀਏ ਹਾਕਾਂ ਮਾਰਦੇ  
ਮੁਟਿਆਰਾਂ ਨਾ ਖੜ੍ਹੀਆਂ।



ਇਸੇ ਤਰ੍ਹਾਂ ਪੰਜਾਬੀ ਗਿੱਧੇ ਦੀਆਂ ਬੋਲੀਆਂ ਵਿੱਚ ਜਿੱਥੇ ਕਿਸੇ ਵੀ ਪੰਜਾਬੀ ਮੁਟਿਆਰ ਦੇ ਹੁਸਨ ਦੀ ਗੱਲ ਕੀਤੀ ਜਾਂਦੀ ਹੈ ਅਤੇ ਇਸ ਹੁਸਨ ਵਿੱਚ ਉਸ ਦੀਆਂ ਅੱਖਾਂ ਦੇ ਸੁਹੱਪਣ ਵਿਸ਼ੇਸ਼ ਤੌਰ 'ਤੇ ਜ਼ਿਕਰ ਵਿੱਚ ਆਉਂਦਾ ਹੈ ਤਾਂ ਇਸ ਬੋਲੀ ਵਿੱਚ ਕਿਹਾ ਜਾਂਦਾ ਹੈ:

ਜੱਟੀ ਪੰਜਾਬਣ ਦੇ ਨੈਣ ਸ਼ਰਾਬੀ  
ਇਨ੍ਹਾਂ ਅੱਖਾਂ ਨੇ ਮੋਹ ਲਏ ਚਾਰੇ ਸ਼ਹਿਰ  
ਨਾਭਾ, ਪਟਿਆਲਾ, ਜਲੰਧਰ, ਨਵਾਂਸ਼ਹਿਰ।




ਇਸੇ ਤਰ੍ਹਾਂ ਪੰਜਾਬੀ ਗੀਤਾਂ ਅਤੇ ਬੋਲੀਆਂ ਵਿੱਚ ਅਸੀਂ ਜੀਜਾ-ਸਾਲੀ ਦੀ ਨੋਕ-ਝੋਕ ਨੂੰ ਆਮ ਹੀ ਸੁਣਦੇ ਰਹਿੰਦੇ ਹਾਂ। ਖ਼ੁਸ਼ੀ ਦਾ ਕੋਈ ਵੀ ਮੌਕਾ ਹੋਵੇ, ਜੀਜੇ ਅਤੇ ਸਾਲੀ ਦੇ ਗਾਉਣ ਅਤੇ ਗਿੱਧੇ ਦੀਆਂ ਗੱਲਾਂ ਹੁੰਦੀਆਂ ਹਨ ਅਤੇ ਸਮਾਜ ਦੇ ਇਸ ਨਾਜ਼ੁਕ ਰਿਸ਼ਤੇ ਨੂੰ ਸੱਭਿਆਚਾਰ ਨਾਲ ਜੋੜ ਕੇ ਸਾਲੀਆਂ ਆਪਣੇ ਜੀਜਿਆਂ ਨੂੰ ਨਵੀਆਂ-ਨਵੀਆਂ ਬੋਲੀਆਂ ਪਾ ਕੇ ਸੁਣਾਉਂਦੀਆਂਹਨ ਅਤੇ ਹਰ ਗੱਲ ਵਿੱਚ ਕੋਈ ਨਾ ਕੋਈ ਟਕੋਰ ਕਰ ਦਿੰਦੀਆਂ ਹਨ। ਜਿਸ ਤਰ੍ਹਾਂ ਇਸ ਬੋਲੀ ਵਿੱਚ ਕਿਹਾ ਗਿਆ ਹੈ:

ਹੋਰਾਂ ਦੇ ਜੀਜੇ ਲੰਮੇ-ਸਲੰਮੇ, ਮੇਰਾ ਜੀਜਾ ਮੇਚਦਾ ਨੀਂ  
ਮੈਂ ਮਰ ਗਈ ਲੋਕੋ, ਪਟਿਆਲੇ ਗੋਭੀ ਵੇਚਦਾ ਨੀਂ।

ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਪਟਿਆਲਾ ਦੀਆਂ ਦਸਤਕਾਰੀ, ਕਲਾਤਮਿਕ ਵਸਤਾਂ ਅਤੇ ਖ਼ਾਸ ਕਰਕੇ ਔਰਤਾਂ ਦੀਆਂ ਫੈਸ਼ਨ ਦੀਆਂ ਵਸਤਾਂ ਪਟਿਆਲਾ ਦੇ ਬਾਜ਼ਾਰਾਂ ਵਿੱਚ ਮਿਲਦੀਆਂ ਹਨ। ਇੱਥੋਂ ਦੇ ਬਾਜ਼ਾਰ ਰੇਸ਼ਮੀ ਨਾਲਿਆਂ, ਪਰਾਂਦੀਆਂ, ਰੰਗੀਨ ਚੁੰਨੀਆਂ, ਡੋਰੀਆਂ ਅਤੇ ਦੂਜੀਆਂ ਫੈਸ਼ਨ ਮਈ ਚੀਜ਼ਾਂ ਨਾਲ ਭਰੇ ਪਏ ਹੁੰਦੇ ਹਨ ਜਿਨ੍ਹਾਂ ਦੀ ਖ਼ਰੀਦ-ਫਰੋਖ਼ਤ ਪੰਜਾਬੀ ਮੁਟਿਆਰਾਂ ਬਹੁਤ ਹੀ ਚਾਅ ਨਾਲ ਕਰਦੀਆਂ ਹਨ। ਇੱਥੋਂ ਤੱਕ ਕਿ ਜੇ ਕੋਈ ਪਿੰਡਾਂ ਵਿੱਚ ਵਸਦੀ ਮੁਟਿਆਰ ਆਪ ਸ਼ਹਿਰ ਨਹੀਂ ਜਾ ਸਕਦੀ ਤਾਂ ਇਨ੍ਹਾਂ ਚੀਜ਼ਾਂ ਦੀ ਮੰਗ ਨੂੰ ਪ੍ਰਾਪਤ ਕਰਨ ਲਈ ਉਹ ਆਪਣੇ ਪਤੀ ਜਾਂ ਮਾਹੀਏ ਨੂੰ ਜ਼ਰੂਰ ਕਹਿੰਦੀ ਹੈ:

ਮਾਹੀਆ ਜੇ ਚੱਲਿਓਂ ਪਟਿਆਲੇ  
ਉੱਥੋਂ ਲੈ ਆਈਂ ਰੇਸ਼ਮੀ ਨਾਲੇ  
ਅੱਧੇ ਗੋਰੇ ਅਤੇ ਅੱਧੇ ਕਾਲੇ  
ਨਾਲੇ ਪਰਾਂਦੇ ਸ਼ੀਸ਼ਿਆਂ ਵਾਲੇ

ਪਰ ਕੁਝ ਸਾਲ ਪਹਿਲਾਂ ਪ੍ਰਸਿੱਧ ਪੰਜਾਬੀ ਗਾਇਕ ਹਰਦੀਪ ਸਿੰਘ ਨੇ ਪਟਿਆਲਾ ਬਾਰੇ ਗੀਤ ਗਾ ਕੇ ਸਾਰੇ ਪੰਜਾਬ ਨੂੰ ਹੀ ਝੂਮਣ ਲਾ ਦਿੱਤਾ ਸੀ। ਸ਼ਬਦਾਂ ਦੇ ਸੰਜੋਗ ਅਤੇ ਗਾਇਕੀ ਦੇ ਸੁਮੇਲ ਨੇ ਅਜਿਹਾ ਸੱਭਿਆਚਾਰਕ ਰੰਗ ਬੰਨ੍ਹਿਆ ਕਿ ਇਹ ਗੀਤ ਪੰਜਾਬ ਦੇ ਹਰ ਬੱਚੇ-ਬੱਚੇ ਦੀ ਜ਼ੁਬਾਨ 'ਤੇ ਆ ਗਿਆ:

ਸ਼ਹਿਰ ਪਟਿਆਲੇ ਦੇ  
ਮੁੱਛ-ਫੁੱਟ ਗੱਭਰੂ ਛਬੀਲੇ  
ਪੱਗਾਂ ਪੋਚਵੀਆਂ  
ਯਾਰੋ ਦਿਲਾਂ ਵੱਟੇ ਦਿਲ ਨੇ ਵਟਾਉਂਦੇ

ਸੱਭਿਆਚਾਰਕ ਰੰਗ ਹੀ ਨਹੀਂ, ਪਟਿਆਲਾ ਦੀ ਸੁੰਦਰਤਾ ਅਤੇ ਸੁਹੱਪਣ ਦੇ ਨਾਲ-ਨਾਲ ਇੱਥੋਂ ਦੀ ਬਹਾਦਰੀ, ਔਰਤਾਂ ਦੀ ਨਿਡਰਤਾ ਜੰਗਾਂ-ਯੁੱਧਾਂ ਵਿੱਚ ਜੋਸ਼ ਨਾਲ ਲੜਨਾ ਵੀ ਪਟਿਆਲਾ ਦੀ ਪਰੰਪਰਾ ਰਹੀਂ ਹੈ। ਮਹਾਰਾਜੇ ਪਟਿਆਲਾ ਦੀ ਭੈਣ ਸਾਹਿਬ ਕੌਰ ਨੂੰ ਜਦੋਂ ਮਰਹੱਟਿਆਂ ਵਿਰੁੱਧ ਲੜਨਾ ਪਿਆ ਤਾਂ ਉਸ ਨੇ ਭਰਾ ਦੀ ਮਦਦ ਲਈ ਮਰਹੱਟਿਆਂ ਨੂੰ ਵੰਗਾਰਿਆਂ ਅਤੇ ਪਟਿਆਲੇ ਦੀ ਆਨ ਅਤੇ ਸ਼ਾਨ ਲਈ ਜੰਗ ਵਿੱਚ ਉਹ ਜੌਹਰ ਦਿਖਾਏ ਕਿ ਕਿਸੇ ਕਵੀ ਨੂੰ ਇਹ ਸਤਰਾਂ ਕਲਮਬੱਧ ਕਰਨੀਆਂ ਪਈਆਂ:

ਲਿਖਿਆ ਸਾਹਿਬ ਕੌਰ ਨੇ  
ਅੰਟਾ ਰਾਓ ਤਾਣੀ  
ਮੈਂ ਕਰ ਕਰ ਸੁੱਟਾ ਡੱਕਰੇ  
ਸਭ ਤੇਰੀ ਢਾਣੀ  
ਮੈਂ ਨਾਗਣ ਦੇਸ਼ ਪੰਜਾਬ ਦੀ  
ਮੇਰਾ ਡੰਗਿਆ, ਨਾ ਮੰਗੇ ਪਾਣੀ  
ਮੈਂ ਸੀਂਹਣੀ ਪੰਜ ਦਰਿਆ ਦੀ  
ਮੈਨੂੰ 'ਕੱਲੀ ਨਾ ਜਾਣੀ।

ਇਸੇ ਤਰ੍ਹਾਂ ਦੀ ਹੀ ਸੂਰਬੀਰਤਾ ਪਹਿਲਾ ਬਾਬਾ ਆਲਾ ਸਿੰਘ ਨੇ ਅਹਿਮਦਸ਼ਾਹ ਅਬਦਾਲੀ ਵਿਰੁੱਧ ਪਿੰਡ ਮਾਨੂੰਪੁਰ ਦੀ ਲੜਾਈ ਵਿੱਚ ਦਿਖਾਈ ਸੀ ਜਿਸ ਵਿੱਚ ਅਹਿਮਦਸ਼ਾਹ ਅਬਦਾਲੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਇਸ ਤਰ੍ਹਾਂ ਪਟਿਆਲਾ ਆਪਣੀ ਸੂਰਬੀਰਤਾ ਲਈ ਵੀ ਜਾਣਿਆ ਜਾਂਦਾ ਹੈ। ਪਟਿਆਲਾ ਦੇ ਜੇ ਅਸੀਂ ਧਾਰਮਿਕ ਪਿਛੋਕੜ ਦੀ ਗੱਲ ਕਰੀਏ ਤਾਂ ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਗਮਨ ਵੀ ਹੋਇਆ ਜਿਨ੍ਹਾਂ ਦੀ ਯਾਦ ਵਿੱਚ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਸੁਸ਼ੋਭਿਤ ਹੈ। ਸ਼ਹਿਰ ਵਿੱਚ ਕਾਲੀ ਮਾਤਾ ਦੇ ਮੰਦਿਰ ਸਮੇਤ ਹੋਰ ਵੀ ਕਈ ਸਥਾਨ ਪੂਜਣਯੋਗ ਹਨ। ਸਿੱਖਿਆ ਅਤੇ ਸਿਹਤ ਸਹੂਲਤਾਂ ਪੱਖੋ ਵੀ ਪਟਿਆਲਾ ਪਹਿਲਾਂ ਤੋਂ ਹੀ ਅਗਾਂਹਵਧੂ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਰਾਜੀਵ ਗਾਂਧੀ ਲਾਅ ਕਾਲਜ, ਮਹਿੰਦਰਾ ਕਾਲਜ ਵਰਗੀਆਂ ਆਧੁਨਿਕ ਸਿੱਖਿਆ ਸਹੂਲਤਾਂ ਮਿਲ ਰਹੀਆਂ ਹਨ। ਬਹੁਤ ਸਾਰੀਆਂ ਵਿਰਾਸਤੀ ਅਤੇ ਇਮਾਰਤੀ ਕਲਾ ਦੇ ਨਮੂਨੇ ਵਾਲੀਆਂ ਇਮਾਰਤਾਂ ਦੇਖਣਯੋਗ ਹਨ। ਇਸ ਤਰ੍ਹਾਂ ਅਜਿਹਾ ਸਭ ਕੁਝ ਹੋਣ ਦੇ ਨਾਲ ਪਟਿਆਲਾ ਦੇ ਆਪਣੇ ਹੀ ਸੱਭਿਆਚਾਰਕ ਰੰਗ ਅੱਜ ਵੀ ਦੇਖਣ ਨੂੰ ਮਿਲਦੇ ਹਨ।

# ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀ ਖੇਤੀ ਵਿਭਿੰਨਤਾ ਦਾ ਮੁੱਦਾ ਉਭਾਰਨਾ ਜ਼ਰੂਰੀ

**ਗੁਰਦਰਸ਼ਨ ਸਿੰਘ**

ਅਤੀਤ ਦੌਰਾਨ ਭਾਰਤ ਦੇ ਅਨਾਜ ਸੰਕਟ ਸਮੇਂ ਛੋਟੇ ਖੇਤਰਫਲ ਵਾਲੇ ਸੂਬੇ ਪੰਜਾਬ ਨੇ ਸੰਕਟ ਮੋਚਨ ਦੀ ਭੂਮਿਕਾ ਨਿਭਾਈ ਸੀ। ਅੱਜ ਸਾਡਾ ਦੇਸ਼ ਅਨਾਜ ਪੱਖੋਂ ਪੂਰੀ ਤਰ੍ਹਾਂ ਸਵੈਨਿਰਭਰ ਹੈ। ਦੂਜੇ ਪਾਸੇ ਦੇਸ਼ ਦੀ ਅੰਨ ਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਪੰਜਾਬ ਸਿਰਫ਼ ਕਣਕ-ਝੋਨੇ ਵਾਲਾ ਦੋ ਫ਼ਸਲੀ ਸੂਬਾ ਬਣ ਕੇ ਰਹਿ ਗਿਆ ਹੈ, ਜਿਸ ਕਰਕੇ ਸੂਬੇ ਦਾ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ, ਇਥੋਂ ਦੀ ਧਰਤੀ ਬੰਜਰ ਹੋਣ ਦੇ ਸੰਕੇਤ ਦੇ ਰਹੀ ਹੈ। ਕਿਸੇ ਸਮੇਂ ਪੰਜਾਬ ਦੇ ਖੇਤਾਂ ਦਾ ਸ਼ਿੰਗਾਰ ਰਹੀਆਂ ਘੱਟ ਪਾਣੀ ਦੀ ਖਪਤ ਵਾਲੀਆਂ ਵਿਭਿੰਨ ਫਸਲਾਂ ਸਰ੍ਹੋਂ, ਸੂਰਜਮੁਖੀ, ਮੂੰਗਫਲੀ, ਤਾਰਾਮੀਰਾ, ਤੋਰੀਆ, ਛੋਲੇ, ਮੂੰਗੀ ਅਤੇ ਮੋਠ ਆਦਿ ਦੀ ਕਾਸ਼ਤ ਦਾ ਪਤਨ ਹੋ ਰਿਹਾ ਹੈ। ਪੰਜਾਬ ਦੀ ਖੇਤੀ ਵਿਭਿੰਨਤਾ ਨੂੰ ਸੂਬੇ ਦੇ ਜ਼ਰੱਈ ਭਵਿੱਖ ਅਤੇ ਦੇਸ਼ ਦੇ ਅਰਥਚਾਰੇ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਦੇਸ਼ ਵਿੱਚ ਲੋਕ ਸਭਾ ਚੋਣਾਂ ਦੀਆਂ ਚੱਲ ਰਹੀਆਂ ਸਰਗਰਮੀਆਂ ਦੇ ਮੱਦੇਨਜ਼ਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਮਸਲੇ ਅਤੇ ਮੌਜੂਦਾ ਫਸਲ ਚੱਕਰ ਨੂੰ ਬਦਲਣ ਦਾ ਮੁੱਦਾ ਉਭਾਰਨਾ ਸਮੇਂ ਦੀ ਲੋੜ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਆਪਣਾ ਦੂਜਾ ਕਾਰਜਕਾਲ ਪੂਰਾ ਕਰ ਚੁੱਕੀ ਹੈ। ਬੀਤੇ 5 ਸਾਲਾਂ ਦੌਰਾਨ ਕੇਂਦਰ ਸਰਕਾਰ ਨੇ ਦੇਸ਼ ਦੀਆਂ ਖੇਤੀ ਤਰਜੀਹਾਂ, ਖੁਰਾਕੀ ਲੋੜਾਂ, ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਕਿਸਾਨੀ ਨੂੰ ਸਹਾਰਾ ਦੇਣ ਲਈ ਕਿਹੜੀਆਂ ਯੋਜਨਾਵਾਂ ਬਣਾਈਆਂ ਅਤੇ ਕੇਂਦਰੀ ਯੋਜਨਾਵਾਂ ਵਿੱਚ ਪੰਜਾਬ ਨੂੰ ਕਿੰਨਾ ਕੁ ਨਜ਼ਰਗੋਚਰੇ ਰੱਖਿਆ ਗਿਆ ? ਬਾਰੇ ਵੀ ਵਿਚਾਰ ਚਰਚਾ ਕਰਨੀ ਬਣਦੀ ਹੈ।

ਕੇਂਦਰ ਸਰਕਾਰ ਵੱਲੋਂ ਦੇਸ਼ ਨੂੰ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਦੇ ਨਾਅਰੇ ਹੇਠ ਅਗਸਤ 2021 'ਚ ਰਾਸ਼ਟਰੀ ਖੁਰਾਕੀ ਤੇਲ ਮਿਸ਼ਨ ਸ਼ੁਰੂ ਕੀਤਾ ਗਿਆ, ਜੋ ਕਿ ਉੱਤਰੀ ਭਾਰਤ ਦੇ ਖੇਤੀ ਕਾਸ਼ਤਕਾਰਾਂ, ਖਾਸ ਕਰਕੇ ਪੰਜਾਬ ਦੀ ਕਿਸਾਨੀ ਨਾਲ ਸਰਾਸਰ ਅਨਿਆਂ ਹੈ। ਇਸ ਰਾਸ਼ਟਰੀ ਖੁਰਾਕੀ ਤੇਲ ਮਿਸ਼ਨ ਤਹਿਤ ਕੇਂਦਰ ਸਰਕਾਰ ਨੇ ਮੁਢਲੇ ਦੌਰ ਵਿੱਚ 11040 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ ਆਂਧਰਾ ਪ੍ਰਦੇਸ਼, ਤੇਲੰਗਾਨਾ, ਛਤੀਸ਼ਗੜ੍ਹ, ਤਾਮਿਲਨਾਡੂ, ਕੇਰਲਾ, ਗੁਜਰਾਤ, ਕਰਨਾਟਕਾ, ਓਡੀਸ਼ਾ, ਮਿਜ਼ੋਰਮ, ਨਾਗਾਲੈਂਡ, ਆਸਾਮ ਅਤੇ ਅਰੁਣਾਚਲ ਪ੍ਰਦੇਸ਼ ਰਾਜਾਂ ਦੇ 3,15,000 ਹੈਕਟੇਅਰ ਰਕਬੇ (ਜਿਸ ਵਿੱਚ ਜੰਗਲਾਤ ਵਾਲਾ ਖੇਤਰ ਵੀ ਸ਼ਾਮਿਲ ਹੈ) ਵਿੱਚ ਪਾਮਆਇਲ ਦੇ ਰੁੱਖ ਲਾਉਣ ਦਾ ਪ੍ਰੋਜੈਕਟ ਸ਼ੁਰੂ ਕੀਤਾ ਸੀ। ਵਾਤਾਵਰਨ ਸੰਬੰਧੀ ਅੰਤਰ ਸਰਕਾਰੀ ਕਮੇਟੀ ਇਸ ਦੇ ਹੱਕ ਵਿੱਚ ਨਹੀਂ ਸੀ, ਕਿਉਂਕਿ ਪਹਿਲਾਂ ਕੀਤੇ ਗਏ ਬਹੁਤ ਸਾਰੇ ਅਧਿਐਨਾਂ ਮੁਤਾਬਿਕ ਇਹ 'ਕਾਰਜ' ਵਾਤਾਵਰਨ ਦੀ ਸ਼ੁੱਧਤਾ ਦੇ ਪੱਖ ਤੋਂ ਅਨੁਕੂਲ ਨਹੀਂ ਸੀ, ਦੂਜੇ ਪਾਸੇ ਪਾਮਆਇਲ ਦੇ ਤੇਲਾਂ ਨੂੰ ਜਨਤਕ ਪੱਧਰ ਦੇ ਖੁਰਾਕੀ ਨਿਰੀਖਣ ਵਾਲੇ ਨਜ਼ਰੀਏ ਤੋਂ ਮਿਲਾਵਟਖੋਰੀ ਦੇ 'ਬਾਜ਼ਾਰ' ਵਿੱਚ ਖਪਤ ਵਾਲੀ ਵਸਤੂ ਸਮਝਿਆ ਜਾਂਦਾ ਹੈ, ਇਸ ਨੂੰ ਖਾਣਾ ਸਿਹਤ ਲਈ ਵੀ ਸਹੀ ਨਹੀਂ ਮੰਨਿਆ ਜਾਂਦਾ, ਕਿਉਂਕਿ ਇਸ ਦਾ ਖੁਰਾਕੀ ਮਿਆਰ ਸਰ੍ਹੋਂ ਅਤੇ ਸੂਰਜਮੁਖੀ ਆਦਿ ਬਨਸਪਤੀ ਦੇ ਤੇਲਾਂ ਦੇ ਬਰਾਬਰ ਦਾ ਵੀ ਕਦੇ ਨਹੀਂ ਮੰਨਿਆ ਗਿਆ। ਦੱਖਣੀ, ਪੂਰਬੀ ਅਤੇ ਪੱਛਮੀ ਰਾਜਾਂ ਦੇ ਕਿਸਾਨਾਂ ਨੂੰ ਇਸ ਦਾ ਲਾਭ ਭਾਵੇਂ ਕਿੰਨਾਂ ਵੀ ਹੋਵੇ, ਪਰ ਇਸ ਵੱਡੇ ਬਜਟ ਵਾਲੀ ਕੇਂਦਰੀ ਸਕੀਮ ਦਾ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਿਸਾਨਾਂ ਨਾਲ ਕੋਈ ਸਰੋਕਾਰ ਨਹੀਂ ਹੈ, ਜਿਸ ਤਰ੍ਹਾਂ ਕਈ ਦਹਾਕੇ ਪਹਿਲਾਂ ਪੰਜਾਬ ਵਿਚ ਝੋਨੇ ਦੀ ਖੇਤੀ ਨੂੰ ਵਿਕਸਿਤ ਕਰਨ ਦੇ ਤਾਂ ਰਾਹ ਤਲਾਸ਼ ਲਏ ਗਏ ਸਨ, ਪਰ ਹੁਣ ਪਰਾਲੀ ਦੀ ਸਮੱਸਿਆ ਅਤੇ ਧਰਤੀ ਹੇਠਲਾ ਜਲ ਸੰਕਟ ਆਉਣ 'ਤੇ ਇਸ ਤੋਂ ਬਦਲਵੀਂ ਖੇਤੀ ਲਈ ਅਜੇ ਕੋਈ ਹੋਰ ਫਸਲ ਲੱਭਣੀ ਖੇਤੀ ਮਾਹਿਰਾਂ ਲਈ ਇਕ ਵੱਡੀ ਚੁਣੌਤੀ ਬਣੀ ਹੋਈ ਹੈ। ਉਸੇ ਤਰ੍ਹਾਂ ਹੀ ਦੱਖਣੀ, ਪੂਰਬੀ ਅਤੇ ਪੱਛਮੀ ਰਾਜਾਂ ਵਿੱਚ ਜੰਗਲਾਂ ਦੀ ਥਾਂ 'ਤੇ ਲਗਾਏ ਪਾਮਆਇਲ ਤੋਂ ਸਮੱਸਿਆ ਆਉਣ ਉਪਰੰਤ ਬਦਲਵੀਂ ਲਾਹੇਵੰਦ ਬਨਸਪਤੀ ਦੀ ਤਲਾਸ਼ ਕਰਨੀ ਸੌਖੀ ਨਹੀਂ ਹੋਵੇਗੀ ਅਤੇ ਦੱਖਣ ਪੱਛਮੀ ਰਾਜਾਂ ਵਿਚ ਸ਼ੁਰੂ ਕਰਵਾਈ ਜਾ ਰਹੀ ਪਾਮਆਇਲ ਦੀ ਕਾਸ਼ਤ ਵਾਤਾਵਰਨ ਪੱਖੋਂ ਵੀ ਸਮੱਸਿਆ ਬਣ ਜਾਵੇਗੀ, ਜਿਵੇਂ ਅੱਜ ਕੱਲ੍ਹ ਪੰਜਾਬ ਲਈ ਝੋਨਾ ਸਮੱਸਿਆ ਬਣ ਗਿਆ ਹੈ।

ਪੰਜਾਬ ਵਿੱਚ ਗਵਰਨਰੀ ਰਾਜ ਦੌਰਾਨ ਡਾ. ਮਨੋਹਰ ਸਿੰਘ ਗਿੱਲ ਦੇ ਵਿਕਾਸ ਕਮਿਸ਼ਨਰ (ਖੇਤੀਬਾੜੀ) ਹੁੰਦਿਆਂ ਸੰਨ 1987-88 'ਚ ਦੇਸ਼ ਨੂੰ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਲਈ ਪੀਲੀ ਕ੍ਰਾਂਤੀ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਪੰਜਾਬ ਦੇ ਕਿਸਾਨਾਂ ਨੇ ਪ੍ਰਵਾਨ ਕਰਦਿਆਂ ਸਰ੍ਹੋਂ, ਸੂਰਜਮੁਖੀ, ਨਰਮਾ-ਕਪਾਹ, ਮੂੰਗਫਲੀ ਅਤੇ ਤੋਰੀਆ ਆਦਿ ਦੀ ਕਾਸ਼ਤ ਦਾ ਦਾਇਰਾ ਕਾਫੀ ਵਧਾਇਆ ਸੀ। 90ਵਿਆਂ ਦੇ ਦਹਾਕੇ ਵਿੱਚ ਤੇਲ ਬੀਜ ਵਾਲੀਆਂ ਉਕਤ ਫਸਲਾਂ ਦਾ ਰਕਬਾ ਲਗਭਗ 5 ਲੱਖ ਏਕੜ ਨੂੰ ਪਾਰ ਕਰ ਗਿਆ ਸੀ। ਸੰਨ 1993-94 ਦੌਰਾਨ ਭਾਰਤ ਦੇਸ਼ ਖੁਰਾਕੀ ਤੇਲਾਂ ਦੀ ਕੁੱਲ ਖਪਤ ਦਾ 97 ਫੀਸਦੀ ਹਿੱਸਾ ਪੈਦਾ ਕਰਕੇ ਮਿਆਰੀ ਖੁਰਾਕ ਵਾਲੇ ਤੇਲ-ਬੀਜਾਂ ਦੀ ਕਾਸ਼ਤ ਪੱਖੋਂ ਲਗਭਗ ਸਵੈਨਿਰਭਰ ਹੋ ਗਿਆ ਸੀ, ਪਰ ਥੋੜ੍ਹੇ ਸਾਲਾਂ ਬਾਅਦ ਡਬਲਿਊ.ਟੀ.ਓ ਦੀਆਂ ਸ਼ਰਤਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਖੁਰਾਕੀ ਤੇਲਾਂ 'ਤੇ ਦਰਾਮਦੀ ਕਰ ਡਿਊਟੀ ਘਟਾਉਣ ਉਪਰੰਤ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਸਸਤੇ ਅਤੇ ਨੀਵੇਂ ਮਿਆਰ ਵਾਲੇ ਖੁਰਾਕੀ ਤੇਲਾਂ ਨੇ ਉੱਤਰੀ ਭਾਰਤ ਦੇ ਕਿਸਾਨਾਂ ਦੀਆਂ ਤੇਲ ਬੀਜ ਵਾਲੀਆਂ ਜਿਣਸਾਂ ਬੇਹੱਦ ਮੰਦੀਆਂ ਕਰ ਦਿੱਤੀਆਂ। ਸਿੱਟੇ ਵਜੋਂ ਕਿਸਾਨ ਤੇਲ ਬੀਜ ਫਸਲਾਂ ਦੀ ਕਾਸ਼ਤ ਤੋਂ ਹੱਥ ਖੜ੍ਹੇ ਕਰਕੇ ਕਣਕ-ਝੋਨੇ ਦੇ ਫਸਲੀ ਚੱਕਰ ਵੱਲ ਕੇਂਦਰਿਤ ਹੋ ਗਏ। ਉੱਤਰੀ ਭਾਰਤ ਵਿੱਚ ਖੁਰਾਕੀ ਤੇਲ ਬੀਜਾਂ ਦੀ ਕਾਸ਼ਤ ਘਟ ਜਾਣ ਉਪਰੰਤ ਭਾਰਤ ਸਰਕਾਰ ਵੱਲੋਂ ਬਾਹਰਲੇ ਦੇਸ਼ਾਂ ਤੋਂ ਲਗਭਗ 76 ਹਜ਼ਾਰ ਕਰੋੜ ਦੀ ਰਾਸ਼ੀ ਖਰਚ ਕੇ ਖੁਰਾਕੀ ਤੇਲ ਦਰਾਮਦ ਕੀਤੇ ਜਾਂਦੇ ਹਨ। ਕੇਂਦਰ ਸਰਕਾਰ ਦੇ ਮੰਤਰੀ ਕਈ ਵਾਰ ਇਹ ਅਹਿਸਾਨ ਤਾਂ ਜ਼ਾਹਿਰ ਕਰ ਚੁੱਕੇ ਹਨ ਕਿ ਕੇਂਦਰ ਵੱਲੋਂ ਪੰਜਾਬ 'ਚੋਂ ਝੋਨਾ ਅਤੇ ਕਣਕ ਖਰੀਦਣ ਲਈ ਹਰ ਸਾਲ ਐੱਮ.ਐੱਸ.ਪੀ ਤਹਿਤ ਲਗਭਗ 65000 ਤੋਂ 70000 ਕਰੋੜ ਰੁਪਏ ਦੀ ਸੀ.ਸੀ.ਐੱਲ ਜਾਰੀ ਕੀਤੀ ਜਾਂਦੀ ਹੈ, ਪਰ ਪੰਜਾਬ ਦੇ ਕਿਸਾਨਾਂ ਦਾ ਇਹ ਅਹਿਸਾਨ ਕੇਂਦਰ ਸਰਕਾਰ ਭੁੱਲ ਚੁੱਕੀ ਹੈ ਕਿ ਕਿਸੇ ਸਮੇਂ ਦੇਸ਼ ਨੂੰ ਉੱਚੇ ਮਿਆਰ ਵਾਲੇ ਖੁਰਾਕੀ ਤੇਲਾਂ ਪੱਖੋਂ ਸਵੈਨਿਰਭਰ ਬਣਾਉਣ ਵਿਚ ਮੋਹਰੀ ਵੀ ਪੰਜਾਬ ਦੇ ਕਿਸਾਨ ਹੀ ਸਨ, ਜੋ 90ਵਿਆਂ ਦੇ ਦਹਾਕਿਆਂ 'ਚ ਖੁਰਾਕੀ ਤੇਲ ਬੀਜ ਪੈਦਾ ਕਰਕੇ ਸੀ.ਸੀ.ਐੱਲ ਤੋਂ ਵੱਧ ਮੁੱਲ ਦੀ ਖੁਰਾਕੀ ਤੇਲ ਦਰਾਮਦ 'ਤੇ ਖਰਚ ਹੋਣ ਵਾਲੀ ਦੇਸ਼ ਦੀ ਮੁਦਰਾ ਨੂੰ ਬਚਾਉਂਦੇ ਸਨ।

ਕੇਂਦਰ ਸਰਕਾਰ ਵੱਲੋਂ ਜੇਕਰ ਪਿਛਲੇ ਸਾਲਾਂ ਦੌਰਾਨ ਪਾਮਆਇਲ ਵਾਲੀ ਕੇਂਦਰੀ ਸਕੀਮ ਦੀ ਬਜਾਏ 7 ਏਕੜ ਤੱਕ ਦੇ ਕਿਸਾਨਾਂ ਲਈ ਸਰ੍ਹੋਂ, ਸੂਰਜਮੁਖੀ, ਕਪਾਹ ਅਤੇ ਮੂੰਗਫਲੀ ਆਦਿ ਤੇਲ ਬੀਜ ਫ਼ਸਲਾਂ ਦੀ ਐੱਮ.ਐੱਸ.ਪੀ ਦੁੱਗਣੀ ਅਤੇ ਗਾਰੰਟੀ ਵਾਲੀ ਕੀਤੀ ਜਾਂਦੀ ਤਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਜਾਂਦੇ ਖੁਰਾਕੀ ਤੇਲਾਂ 'ਤੇ ਖ਼ਰਚ ਆਉਂਦੀ ਦੇਸ਼ ਦੀ ਵੱਡੀ ਧਨ ਰਾਸ਼ੀ ਨੂੰ ਬਚਾ ਕੇ ਭਾਰਤੀ ਅਰਥਚਾਰਾ ਮਜ਼ਬੂਤ ਕੀਤਾ ਜਾ ਸਕਦਾ ਸੀ, ਦੂਸਰਾ ਦੇਸ਼ ਦਾ ਅੰਨ ਭੰਡਾਰ ਭਰਨ ਉਪਰੰਤ ਖੇਤੀ ਦੇ ਧੰਦੇ 'ਚੋਂ ਘਾਟੇ ਦਾ ਸ਼ਿਕਾਰ ਹੋਏ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਨੂੰ ਨਿਰਉਤਸ਼ਾਹਿਤ ਹੋਣ ਤੋਂ ਬਚਾਇਆ ਜਾ ਸਕਦਾ ਸੀ। ਦੇਸ਼ ਦੇ ਖਪਤਕਾਰਾਂ ਨੂੰ ਪਾਮਆਇਲ ਦੀ ਬਜਾਏ ਚੰਗੇ ਮਿਆਰ ਵਾਲੇ ਖੁਰਾਕੀ ਤੇਲ ਮੁਹੱਈਆ ਕਰਵਾਏ ਜਾ ਸਕਦੇ ਸਨ, ਜਿਸ ਨਾਲ ਮਨੁੱਖੀ ਸਿਹਤ ਲਈ ਚੰਗਾ ਅਸਰ ਪੈਣ ਉਪਰੰਤ ਦਵਾਈਆਂ ਦੀ ਖਪਤ ਘਟਾਈ ਜਾ ਸਕਦੀ ਸੀ। ਜੇਕਰ ਮੁੜ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਤਾਂ ਕਣਕ, ਝੋਨੇ ਹੇਠੋਂ ਰਕਬਾ ਕੱਢ ਕੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਵਿਚ ਸੁਧਾਰ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਸਾਲ 2019-20 ਦੌਰਾਨ ਦੇਸ਼ ਦੇ ਲੋੜਵੰਦ ਸੂਬਿਆਂ ਵਿੱਚ 6 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਅਟਲ ਭੂਮੀ ਜਲ ਯੋਜਨਾ ਲਾਗੂ ਕੀਤੀ ਗਈ, ਜਿਸ ਵਿੱਚ 7 ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਕਰਨਾਟਕਾ, ਮਹਾਂਰਾਸ਼ਟਰ, ਗੁਜਰਾਤ ਅਤੇ ਹਰਿਆਣਾ ਦੇ 78 ਜ਼ਿਲ੍ਹਿਆਂ ਨੂੰ ਸ਼ਾਮਿਲ ਕੀਤਾ ਗਿਆ। ਇਸ ਯੋਜਨਾ ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਇੱਥੋਂ ਦਾ ਕੋਈ ਜ਼ਿਲ੍ਹਾ ਸ਼ਾਮਿਲ ਨਹੀਂ ਕੀਤਾ ਗਿਆ ਜਦੋਂ ਕਿ ਪੰਜਾਬ ਦੇ ਕੁੱਲ 150 ਬਲਾਕਾਂ ਵਿਚੋਂ 114 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਜਲ ਚੱਕਰ ਦੇ ਕੁਦਰਤੀ ਸੰਤੁਲਨ ਨਾਲੋਂ ਡੂੰਘਾ ਹੋ ਕੇ ਡਾਰਕ ਜ਼ੋਨ ਵਿੱਚ ਜਾ ਚੁੱਕਾ ਹੈ। ਸੂਬੇ ਦੇ 4 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਨਾਜ਼ੁਕ ਹੱਦ ਤੱਕ ਅਤੇ 15 ਬਲਾਕਾਂ 'ਚ ਅਰਧ ਨਾਜ਼ੁਕ ਹੋ ਚੁੱਕੀ ਹੈ। ਸਿਰਫ਼ 17 ਬਲਾਕਾਂ ਵਿੱਚ ਹੀ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਿਹਤਰ ਹੈ। ਇਸ ਦੇ ਬਾਵਜੂਦ ਪੰਜਾਬ ਨੂੰ ਪਾਣੀ ਦੀ ਸੰਭਾਲ ਵਾਲੀ ਕੇਂਦਰੀ ਯੋਜਨਾ ਵਿੱਚ ਸ਼ਾਮਿਲ ਨਾ ਕਰਨਾ ਅਤੇ ਇਥੋਂ ਦੀ ਲੀਡਰਸ਼ਿਪ ਵਲੋਂ ਇਸ ਵਿਰੁੱਧ ਜ਼ੋਰਦਾਰ ਆਵਾਜ਼ ਨਾ ਉਠ ਸਕਣਾ ਸੂਬੇ ਦੀ ਰਾਜਸੀ ਕਮਜ਼ੋਰੀ ਆਖੀ ਜਾ ਸਕਦੀ ਹੈ।

ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗਦੇ ਪੱਧਰ ਤੋਂ ਸੁਚੇਤ ਹੋ ਕੇ ਸੂਬੇ ਨਾਲ ਵਿਤਕਰਾ ਕਰਨ ਵਾਲੀਆਂ ਅਤੇ ਕੌਮੀ ਆਰਥਿਕਤਾ ਲਈ ਢੁਕਵੀਆਂ ਕੇਂਦਰੀ ਯੋਜਨਾਵਾਂ ਨੂੰ ਦਰੁਸਤ ਕਰਵਾਉਣ ਦਾ ਮੁੱਦਾ ਉੱਚੀ ਸੁਰ ਵਿੱਚ ਉਭਾਰਨਾ ਚਾਹੀਦਾ ਹੈ। ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਅਤੇ ਰਾਜ ਦੇ ਜਲ ਸਰੋਤਾਂ ਨੂੰ ਬਚਾਣ ਦਾ ਰਾਹ ਖੇਤੀ ਵਿਭਿੰਨਤਾ ਨੂੰ ਲਾਗੂ ਕਰਕੇ ਹੀ ਲੱਭਿਆ ਜਾ ਸਕਦਾ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ

# ਗੋਬਿੰਦ ਘਾਟ ਪੁਸ਼ਕਰ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੁਸ਼ਕਰ ਨਗਰ ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਵਿੱਚ ਸਥਿਤ ਹੈ ਜਿੱਥੇ ਬ੍ਰਹਮਾ ਜੀ ਦੇ ਮੰਦਰ ਵਿਖੇ ਕੱਤਕ ਦੀ ਪੂਰਨਮਾਸ਼ੀ ਨੂੰ ਮੁੱਖ ਮੇਲਾ ਲੱਗਦਾ ਹੈ। ਇਸ ਮੇਲੇ ਵਿੱਚ

ਜਿੱਥੇ ਧਾਰਮਿਕ ਸ਼ਰਧਾ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਉੱਥੇ ਇਸ ਜਗ੍ਹਾ ਲੱਗਣ ਵਾਲੇ ਸੱਭਿਆਚਾਰਕ ਸਮਾਗਮ ਆਮ ਲੋਕਾਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਬ੍ਰਹਮਾ ਜੀ ਦਾ ਮੰਦਰ ਇੱਕ ਵੱਡੀ ਝੀਲ ਦੇ ਕੰਢੇ 'ਤੇ ਬਣਿਆ ਹੋਇਆ ਹੈ ਜਿਸ ਦੇ ਪਾਣੀ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਕੱਤਕ ਦੀ ਪੂਰਨਮਾਸ਼ੀ ਮੌਕੇ ਇਸ ਝੀਲ ਵਿੱਚ ਨਹਾਉਣਾ ਪੁੰਨ ਕਰਮ ਸਮਝਿਆ ਜਾਂਦਾ ਹੈ। ਇਸ ਝੀਲ ਦੇ ਕੰਢੇ ਰਾਜਿਆਂ ਅਤੇ ਰਾਜਸਥਾਨ ਦੇ ਜਾਗੀਰਦਾਰ ਘਰਾਣਿਆਂ ਵੱਲੋਂ ਜਿਹੜੇ ਘਾਟ ਬਣਾਏ ਹੋਏ ਹਨ ਉਹਨਾਂ ਦੀ ਗਿਣਤੀ 52 ਦੱਸੀ ਜਾਂਦੀ ਹੈ, ਇਹਨਾਂ ਵਿਚੋਂ ਵਰਾਹ ਘਾਟ, ਬ੍ਰਹਮ ਘਾਟ ਅਤੇ ਗੋਬਿੰਦ ਘਾਟ ਨੂੰ ਪ੍ਰਮੁਖ ਮੰਨਿਆ ਜਾਂਦਾ ਹੈ, 'ਗੋਬਿੰਦ ਘਾਟ' ਦਾ ਸੰਬੰਧ ਸਿੱਖਾਂ ਨਾਲ ਹੈ।

ਸਥਾਨਕ ਪਰੰਪਰਾ ਅਤੇ ਗੁਰਮੁਖੀ ਸਰੋਤਾਂ ਅਨੁਸਾਰ ਇਸ ਘਾਟ ਨੂੰ ਗੁਰੂ ਨਾਨਕ

ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਪੰਡਿਤ ਤਾਰਾ ਸਿੰਘ ਨਰੋਤਮ ਦੱਸਦੇ ਹਨ ਗੁਰਦੁਆਰਾ ਤੀਰਥ ਮੇਂ ਛੋਟਾ ਸਾ ਬਨਾ ਹੈ, ਗੋਬਿੰਦ ਘਾਟ ਪੈ। ਪੁਸ਼ਕਰ ਮੇਂ ਰਾਮ ਸਿੰਘ ਬ੍ਰਾਹਮਣ ਨੇ ਤੀਰਥ ਕੇ ਕਿਨਾਰੇ ਚੁਬਾਰੇ ਮੇਂ ਗ੍ਰੰਥ ਸਾਹਿਬ ਜੀ ਭੀ ਥਾਪਨ ਕੀਆ ਹੂਆ ਹੈ। ਵਹੀ ਗੁਰੂ ਮਤ ਕੇ ਲੋਗੋਂ ਕਾ ਪ੍ਰੋਹਤ ਹੈ।

ਮੌਜੂਦਾ ਸਮੇਂ ਵਿੱਚ ਵੀ ਇਸ ਘਾਟ 'ਤੇ ਬਣੇ ਹੋਏ ਇੱਕ ਮੰਦਰ ਦੇ ਗੁੰਬਦ ਦੇ

ਬਾਹਰ ਵਾਲੇ ਪਾਸੇ ਗੁਰਮੁਖੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿੱਚ 'ਗੋਬਿੰਦ

ਘਾਟ' ਲਿਖਿਆ ਹੋਇਆ ਹੈ। ਭਾਈ ਸੰਤੋਖ ਸਿੰਘ ਦੱਸਦੇ ਹਨ ਕਿ ਗੁਰੂ ਗੋਬਿੰਦ

ਸਿੰਘ ਜੀ ਨੇ ਇਸ ਅਸਥਾਨ 'ਤੇ ਪੁੱਜ ਕੇ ਉਸ ਘਾਟ ਵਿਖੇ ਇਸ਼ਨਾਨ ਕੀਤਾ ਸੀ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਆਏ ਸਨ। ਇੱਥੇ ਹੀ ਆਦਿ ਗੁਰੂ ਜੀ ਨੇ ਸਿੱਧ, ਜੋਗੀਆਂ ਆਦਿ ਨਾਲ ਵਿਚਾਰ ਚਰਚਾ ਕੀਤੀ ਸੀ। ਜਦੋਂ ਦਸਵੇਂ ਪਾਤਸ਼ਾਹ ਇੱਥੇ ਪੁੱਜੇ ਤਾਂ ਇੱਕ ਪੰਡਤ ਚੇਤਨ ਦਾਸ ਆਪਣੇ ਸਾਥੀ ਪੰਡਤਾਂ, ਬ੍ਰਾਹਮਣਾਂ ਅਤੇ ਬਾਣੀਆਂ ਨੂੰ ਨਾਲ

ਲੈ ਕੇ ਗੁਰੂ ਜੀ ਕੋਲ ਆਇਆ ਅਤੇ ਦੇਖਿਆ ਕਿ ਗੁਰੂ ਜੀ ਅਤੇ ਉਹਨਾਂ ਦੇ ਸਿੰਘਾਂ ਦਾ ਪਹਿਰਾਵਾ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਵੱਖਰਾ ਹੈ। ਭਾਈ ਸੰਤੋਖ

ਸਿੰਘ ਦੱਸਦੇ ਹਨ ਕਿ ਇਸ ਵਿਲੱਖਣ ਪਹਿਰਾਵੇ ਨੂੰ ਦੇਖ ਕੇ ਪੰਡਤ ਚੇਤਨ ਦਾਸ ਨੇ ਪੁੱਛਿਆ ਕਿ ਤੁਹਾਡੀ ਅਤੇ ਤੁਹਾਡੇ ਨਾਲ ਆਏ ਇਹ ਕੇਸਧਾਰੀ ਕਿਸ ਜਾਤ ਨਾਲ ਸੰਬੰਧਿਤ ਹਨ?

ਬਿੱਪ੍ਰ ਬਨਕ ਤੇ ਆਦਿਕ ਜਾਲ।
ਚਲਿ ਆਏ ਚੇਤਨ ਦਿਜ ਨਾਲ।
ਕਰਿ ਕਰਿ ਨਮੋ ਪ੍ਰਵਾਰਤਿ ਬੈਸੇ।
ਕੌਨ ਜਾਤ ਬੂਝਤਿ ਭੇ ਐਸੇ।

ਗੁਰੂ ਜੀ ਨੇ ਦੱਸਿਆ ਕਿ ਹਿੰਦੂਆਂ ਅਤੇ ਤੁਰਕਾਂ ਤੋਂ ਵੱਖਰਾ 'ਖ਼ਾਲਸਾ' ਪੰਥ

ਹੈ, ਇਹਨਾਂ ਨੂੰ ਅਕਾਲ ਪੁਰਖ ਦੇ ਉਪਾਸਕ ਸਮਝੋ :

ਸੁਨਿ ਕਰਿ ਗੁਰ ਫੁਰਮਾਵਨਿ ਕੀਆ।
ਭਯੋ ਖਾਲਸਾ ਜਗ ਮਹਿਂ ਤੀਆ।
ਹਿੰਦੂ ਤੁਰਕ ਦੁਹਿਨ ਤੇ ਨਯਾਰੋ।
ਸ਼੍ਰੀ ਅਕਾਲ ਕੇ ਦਾਸ ਬਿਚਾਰੋ।

ਪੁਸ਼ਕਰ ਤੀਰਥ ਦੀ ਯਾਤਰਾ ਸਮੇਂ ਪੰਡਤ ਚੇਤਨ ਦਾਸ ਗੁਰੂ ਜੀ ਦੇ ਨਾਲ ਹੀ ਰਿਹਾ ਸੀ। ਉਸ ਨੇ ਗੁਰੂ ਜੀ ਨੂੰ ਨਾਗ ਦੀ ਗੁਫਾ ਅਤੇ ਬ੍ਰਹਮਾ ਜੀ ਦਾ ਤਪ ਅਸਥਾਨ ਦਿਖਾਉਣ ਦੇ ਨਾਲ-ਨਾਲ ਬ੍ਰਹਮਾ ਅਤੇ ਸ਼ਿਵ ਜੀ ਨਾਲ ਸੰਬੰਧਿਤ ਪੌਰਾਣਿਕ ਕਹਾਣੀਆਂ ਵਿਸਥਾਰ ਸਹਿਤ ਸੁਣਾਈਆਂ ਸਨ। 1932 ਵਿੱਚ ਪਟਿਆਲੇ ਦੇ ਸ. ਮਾਨ ਸਿੰਘ ਨੇ ਇਸ ਅਸਥਾਨ ਦੀ ਯਾਤਰਾ ਉਪਰੰਤ ਜਿਹੜੀ ਜਾਣਕਾਰੀ ਇਕੱਤਰ ਕੀਤੀ ਹੈ ਉਸ ਦੇ ਆਧਾਰ 'ਤੇ ਖ਼ਾਲਸਾ ਸਮਾਚਾਰ ਵਿੱਚ ਜਿਹੜਾ ਲੇਖ ਛਪਿਆ ਉਸ ਦੀ ਇਕ ਟਿੱਪਣੀ ਵਿੱਚ ਦੱਸਿਆ ਗਿਆ ਹੈ

ਕਿ ਚੇਤਨ ਦਾਸ ਪੰਡਤ ਉਸ ਅਸਥਾਨ ਦੀ ਸੇਵਾ ਕਰਦਾ ਸੀ ਜਿੱਥੇ ਗੁਰੂ ਨਾਨਕ ਦੇਵ ਜੀ ਆ ਕੇ ਬਿਰਾਜੇ ਸਨ।

ਇਸ ਚੇਤਨ ਦਾਸ ਪੰਡਤ ਦੇ ਵੰਸ਼ਜ਼ ਹਾਲੇ ਵੀ ਪੁਸ਼ਕਰ ਵਿਖੇ ਹੀ ਵੱਸਦੇ ਹਨ ਅਤੇ

ਗੋਬਿੰਦ ਘਾਟ ਤੋਂ ਕੁੱਝ ਦੂਰੀ 'ਤੇ ਹੀ ਇਹਨਾਂ ਦਾ ਟਿਕਾਣਾ ਹੈ। ਇੱਥੇ ਇਹ 'ਪੰਜਾਬੀ ਪਾਂਡੇ' ਵੱਜੋਂ ਪ੍ਰਸਿੱਧ ਹਨ। ਜਦੋਂ ਮੌਜੂਦਾ ਪਾਂਡੇ ਸ੍ਰੀ ਵਿਸ਼ਣੂ ਪ੍ਰਸਾਦ ਪਰਾਸ਼ਰ ਨਾਲ ਮੁਲਾਕਾਤ ਹੋਈ ਤਾਂ ਇਹਨਾਂ ਨੇ ਇਸ ਅਸਥਾਨ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਦੱਸਿਆ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਇੱਥੇ ਆਏ ਸਨ ਤਾਂ ਉਹਨਾਂ ਦੇ ਪੂਰਵਜਾਂ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਇੱਕ ਹੁਕਮਨਾਮਾ ਬਖ਼ਸ਼ਿਸ਼ ਕੀਤਾ ਸੀ ਜਿਹੜਾ ਕਿ ਹੁਣ ਇਸ ਪਰਿਵਾਰ ਨੇ ਸੰਭਾਲ ਕੇ ਰੱਖਿਆ ਹੋਇਆ ਹੈ। ਭਾਵੇਂ ਕਿ ਵਿਦਵਾਨ ਇਸ ਹੁਕਮਨਾਮੇ ਦੀ ਇਤਿਹਾਸਕ ਪ੍ਰਮਾਣਕਿਤਾ ਸੰਬੰਧੀ ਸ਼ੰਕਾ ਕਰਦੇ ਹਨ ਪਰ ਜਿਹੜਾ ਵੀ ਸਿੱਖ ਸ਼ਰਧਾਲੂ ਜਾਂ ਖੋਜੀ ਇਸ ਅਸਥਾਨ 'ਤੇ ਜਾਂਦਾ ਹੈ, ਉਹ ਇਸ ਪਾਂਡੇ ਨੂੰ ਜ਼ਰੂਰ ਮਿਲ ਕੇ ਆਉਂਦਾ ਹੈ ਕਿਉਂਕਿ ਇਹਨਾਂ ਨੇ ਇੱਕ ਵਹੀ ਸੰਭਾਲ ਕੇ ਰੱਖੀ ਹੋਈ ਹੈ ਜਿਹੜੀ ਕਿ ਇਸ ਅਸਥਾਨ 'ਤੇ ਆਉਣ ਵਾਲੀਆਂ ਸਿੱਖ ਸ਼ਖ਼ਸੀਅਤਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਪੰਡਤ ਜੀ ਦੇ ਬਜ਼ੁਰਗ ਦਾੜ੍ਹੀ ਰੱਖਦੇ ਅਤੇ ਪਗੜੀ ਬੰਨਦੇ ਸਨ ਜਿਸ ਕਰਕੇ ਇਹ ਇਸ ਇਲਾਕੇ ਵਿੱਚ 'ਦਾੜ੍ਹੀ ਵਾਲੇ ਪਾਂਡੇ' ਵੱਜੋਂ ਪ੍ਰਸਿੱਧ ਹਨ। ਇਹਨਾਂ ਦੇ ਪਿਤਾ ਜੀ ਦਾ ਨਾਂਅ ਸ੍ਰੀ ਰਾਮੇਸ਼ਵਰ ਲਾਲ ਸੀ ਜਿਨ੍ਹਾਂ ਦਾ ਭਰਾ ਮਦਨ ਸਿੰਘ ਸੀ। ਇਹਨਾਂ ਦੇ ਵਡੇਰਿਆਂ ਵਿੱਚ ਲਾਲ ਸਿੰਘ ਪੁੱਤਰ ਹਨੂਮਾਨ ਸਿੰਘ ਪੁੱਤਰ ਮਲਾਰ ਜੀ ਪੁੱਤਰ ਕਜੋੜ ਮੱਲ ਹੋਏ ਹਨ। ਜਿਹੜੇ ਕਿ ਚੇਤਨ ਦਾਸ ਜੀ ਦੀ ਪੀੜ੍ਹੀ ਵਿਚੋਂ ਇੱਥੇ ਨਿਵਾਸ ਕਰਦੇ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨਗਰ ਵਿਖੇ ਆਉਣ ਦਾ ਉਦੇਸ਼ ਵਰਨਣ ਕਰਦੇ

ਹੋਏ ਦੱਸਿਆ ਜਾਂਦਾ ਹੈ ਕਿ ਉਹਨਾਂ ਨੇ ਇਸ ਅਸਥਾਨ 'ਤੇ ਰਾਜਪੂਤ ਰਾਜਿਆਂ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਆਪਣੇ ਧਰਮ ਅਤੇ ਸਮਾਜ ਦੀਆਂ ਕਦਰਾਂ-ਕੀਮਤਾਂ ਪ੍ਰਤੀ ਸੁਚੇਤ ਅਤੇ ਦ੍ਰਿੜ੍ਹ ਰਹਿਣ ਲਈ ਕਿਹਾ ਸੀ। ਗੁਰੂ ਜੀ ਨੇ ਜਿਥੇ ਰਾਜਪੂਤ ਰਾਜਿਆਂ ਨੂੰ ਗੱਦੀ ਬਚਾਉਣ ਲਈ ਆਪਣੀਆਂ ਲੜਕੀਆਂ ਮੁਸਲਮਾਨਾਂ ਨੂੰ ਦੇਣ ਤੋਂ ਵਰਜਿਆ ਸੀ ਉੱਥੇ ਦੀ ਪ੍ਰੋਹਿਤ ਸ਼੍ਰੇਣੀ ਨੂੰ ਛੂਤ-ਛਾਤ ਦੀ ਭਾਵਨਾ ਤੋਂ ਮੁਕਤ ਹੋਣ ਦਾ ਸੰਦੇਸ਼ ਦਿੱਤਾ ਸੀ।

ਪੁਸ਼ਕਰ ਵਿਖੇ ਜਿਸ ਘਾਟ 'ਤੇ ਗੁਰੂ ਜੀ ਨੇ ਇਸ਼ਨਾਨ ਕੀਤਾ ਸੀ, ਉਸ ਯਾਦ ਨੂੰ

ਕਾਇਮ ਰੱਖਣ ਲਈ ਸਥਾਨਕ ਸੰਗਤ ਨੇ ਉੱਥੇ ਇੱਕ ਅਜਿਹੇ ਘਾਟ ਦੀ ਉਸਾਰੀ ਕਰਵਾ ਦਿੱਤੀ ਸੀ ਜਿੱਥੇ ਕਿਸੇ ਵੀ ਜਾਤ ਨਾਲ ਸੰਬੰਧਿਤ ਵਿਅਕਤੀ ਇਸ਼ਨਾਨ ਕਰ ਸਕਦਾ ਸੀ। ਪਿੱਛੋਂ ਇਸ ਅਸਥਾਨ 'ਤੇ ਹੀ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਗਈ ਜਿੱਥੇ ਬਿਨਾਂ ਭੇਦ-ਭਾਵ ਸਾਰਿਆਂ ਨੂੰ ਲੰਗਰ ਛਕਾਇਆ ਜਾਂਦਾ ਸੀ।



ਇਸ ਨਗਰ ਵਿਖੇ ਸਿੱਖਾਂ ਦੀ ਕੋਈ ਬਹੁਤੀ ਅਬਾਦੀ ਨਹੀਂ ਹੈ ਅਤੇ ਇੱਥੋਂ ਲਗਪਗ

12-15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਅਜਮੇਰ ਵਿਖੇ ਜਿਹੜੇ ਥੋੜ੍ਹੇ-ਬਹੁਤ ਸਿੱਖ ਨਿਵਾਸ ਕਰਦੇ ਹਨ, ਉਹ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਸਨ। ਇਸ ਗੁਰਧਾਮ ਦੀ ਸੁਯੋਗ ਸੇਵਾ ਸੰਭਾਲ ਨਾ ਹੋਣ ਕਰਕੇ ਇਹ ਸਥਾਨਕ ਲੋਕਾਂ ਦੇ ਕਬਜ਼ੇ ਅਧੀਨ ਆ ਗਿਆ ਸੀ।




ਭਾਵੇਂ ਕਿ ਇਸ ਇਲਾਕੇ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ ਪਰ ਇਸ ਅਸਥਾਨ ਪ੍ਰਤੀ ਉਹਨਾਂ ਦੇ ਮਨ ਵਿੱਚ ਬਹੁਤ ਖਿੱਚ ਹੈ, ਉਹ ਇਸ ਅਸਥਾਨ ਨੂੰ ਅਬਾਦ ਦੇਖਣਾ ਚਾਹੁੰਦੇ ਸਨ। ਭਾਈ ਵੀਰ ਸਿੰਘ ਜੀ ਨੇ ਵੀ ਇਸ ਅਸਥਾਨ 'ਤੇ ਬਣੇ ਹੋਏ 'ਗੋਬਿੰਦ ਘਾਟ' ਦੀ ਯਾਤਰਾ ਕੀਤੀ ਸੀ ਜਿਸ ਦਾ ਜ਼ਿਕਰ ਉਹ ਖ਼ਾਲਸਾ ਸਮਾਚਾਰ ਵਿੱਚ ਕਰਦੇ ਹੋਏ ਦੱਸਦੇ ਹਨ ਕਿ ਅਕਾਲੀਆਂ ਤੋਂ ਡਰਦੇ ਹੁਣ ਓਥੇ ਦੇ ਲੋਕੀ ਇਥੇ ਦੇ ਨਿਵਾਸ ਤੇ ਕਥਾ ਨੂੰ ਝਿਜਕ ਕੇ ਦੱਸਦੇ ਯਾ ਛਿਪਾਉਂਦੇ ਹਨ। ਪਰ ਇਸ ਤੋਂ ਪਹਿਲਾਂ ਜਦੋਂ ਅਸੀਂ ਓਥੇ ਗਏ ਸਾਂ ਤਾਂ ਸਾਨੂੰ ਖੁਸ਼ੀ ਨਾਲ ਲੋਕਾਂ ਨੇ ਗੁਰੂ ਜੀ ਦੇ ਓਥੇ ਜਾਣ ਦੀ ਕਥਾ ਸੁਣਾਈ ਸੀ ਤੇ ਸਾਨੂੰ ਯਾਦ ਪੈਂਦਾ ਹੈ ਕਿ ਘਾਟ ਉਤੇ ਨਾਮ ਦਾਤਾ ਜੀ ਦੇ ਨਾਮ ਦਾ ਬੋਰਡ 'ਗੋਬਿੰਦ ਘਾਟ' ਬੀ ਲੱਗਾ ਹੋਇਆ ਸੀ।

ਭਾਈ ਸਾਹਿਬ ਤੋਂ ਇਲਾਵਾ ਜਿਹੜਾ ਵੀ ਪ੍ਰਮੁੱਖ ਧਾਰਮਿਕ ਜਾਂ ਰਾਜਸੀ ਆਗੂ

ਉੱਥੇ ਜਾਂਦਾ ਸੀ, ਉਹ ਇਸ ਅਸਥਾਨ ਦੇ ਦਰਸ਼ਨ ਕਰਦਾ ਸੀ, ਉਹਨਾਂ ਵਿਚੋਂ ਬਹੁਤਿਆਂ ਦੇ ਨਾਂ ਉੱਥੇ 'ਦਾੜ੍ਹੀ ਵਾਲੇ ਪਾਂਡੇ' ਦੇ ਨਾਂ ਨਾਲ ਪ੍ਰਸਿੱਧ ਇੱਕ ਸਥਾਨਿਕ ਪਾਂਡੇ ਦੀਆਂ ਵਹੀਆਂ ਵਿੱਚ ਦੇਖੇ ਜਾ ਸਕਦੇ ਹਨ। ਗੋਬਿੰਦ ਘਾਟ ਵਾਲੇ ਅਸਥਾਨ ਪ੍ਰਤੀ ਸਿੱਖਾਂ ਦੀ ਖਿੱਚ ਦਿਨੋ-ਦਿਨ ਵੱਧਦੀ ਜਾ ਰਹੀ ਸੀ ਅਤੇ ਉਹਨਾਂ ਨੇ ਉੱਥੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰ ਬਣਾਉਣ ਬਾਰੇ ਯੋਜਨਾ ਬਣਾਉਣੀ ਸ਼ੁਰੂ ਕੀਤੀ। 1972 ਵਿੱਚ ਜਦੋਂ ਸ. ਜੋਗਿੰਦਰ ਸਿੰਘ ਰਾਜਸਥਾਨ ਦੇ ਗਵਰਨਰ ਬਣੇ ਤਾਂ ਉਹਨਾਂ ਦੇ ਮਨ ਵਿੱਚ ਇਸ ਅਸਥਾਨ 'ਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਯਾਦਗਾਰ ਕਾਇਮ ਕਰਨ ਲਈ ਆਸ ਦੀ ਕਿਰਨ ਪੈਦਾ ਹੋਈ। 3 ਅਪ੍ਰੈਲ 1973 ਨੂੰ ਰਾਜਸਥਾਨ ਦੇ ਗਵਰਨਰ ਸ. ਜੋਗਿੰਦਰ ਸਿੰਘ ਪੁਸ਼ਕਰ ਆਏ ਤਾਂ ਅਜਮੇਰ ਦੇ ਸਿੱਖਾਂ ਨੇ ਇਕੱਠੇ ਹੋ ਕੇ ਉਹਨਾਂ ਅੱਗੇ ਆਪਣੀ ਮੰਗ ਰੱਖ ਦਿੱਤੀ।

ਇਸ ਕਾਰਜ ਨੂੰ ਯੋਜਨਾਬੱਧ ਢੰਗ ਨਾਲ ਅੱਗੇ ਵਧਾਉਣ ਲਈ ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਹਾਥੀ ਭਾਟਾ ਦੀ ਇੱਕ ਮੀਟਿੰਗ 8 ਜੁਲਾਈ 1973 ਨੂੰ ਹੋਈ ਜਿਸ ਨੇ ਗੁਰੂ ਸਾਹਿਬ ਦੀ ਯਾਦਗਾਰ ਸਥਾਪਿਤ ਕਰਨ ਲਈ ਗਵਰਨਰ ਸਾਹਿਬ ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਗਵਰਨਰ ਸਾਹਿਬ ਦੇ ਸੁਝਾਅ ਅਨੁਸਾਰ ਗੁਰੂ ਗੋਬਿੰਦ ਸਿੰਘ ਮੈਮੋਰੀਅਲ ਕਮੇਟੀ, ਪੁਸ਼ਕਰ ਰਾਜ ਦਾ ਗਠਨ ਕੀਤਾ ਗਿਆ ਸੀ ਜਿਸ ਦੇ ਕਨਵੀਨਰ ਅਤੇ ਚੇਅਰਮੈਨ ਸ. ਬ੍ਰਹਮਾ ਸਿੰਘ ਸਨ। ਇਹ ਭਾਰਤੀ ਰੇਲਵੇ ਵਿਚੋਂ ਅਸਿਸਟੈਂਟ ਕੰਟਰੋਲਰ, ਸਟੋਰ ਦੀ ਪਦਵੀ ਤੋਂ ਰਿਟਾਇਰ ਹੋਏ ਸਨ ਅਤੇ ਰਾਜਸਥਾਨ ਸਿੱਖ ਪ੍ਰਤੀਨਿਧੀ ਬੋਰਡ ਦੇ ਸਕੱਤਰ ਸਨ। ਰਾਜਸਥਾਨ ਦੇ ਗਵਰਨਰ ਸਾਹਿਬ ਦੀ ਸਹਾਇਤਾ ਅਤੇ ਸੁਝਾਅ ਅਨੁਸਾਰ ਇਹਨਾਂ ਅਧੀਨ ਬਣੀ ਕਮੇਟੀ ਦੇ ਮੈਂਬਰਾਂ ਨੇ ਗੁਰੂ ਜੀ ਦੀ ਯਾਦਗਾਰ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਾਰਜ ਕੀਤਾ ਸੀ।

ਇਸ ਕਮੇਟੀ ਦੇ ਯਤਨਾਂ ਸਦਕਾ ਸਥਾਨਕ ਪ੍ਰਸਾਸ਼ਨ ਨੇ ਰਾਜ ਦੇ ਟੂਰਿਸਟ ਬੰਗਲੇ ਦੇ ਨਾਲ ਲੱਗਦੇ ਜੈਪੁਰ ਘਾਟ 'ਤੇ 500 ਵਰਗ ਮੀਟਰ ਦਾ ਪਲਾਟ ਅਲਾਟ ਕਰ ਦਿੱਤਾ ਸੀ ਜਿੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਮਾਇਆ ਅਤੇ ਹੋਰ ਵਧੇਰੇ ਜਾਣਕਾਰੀ ਇਕੱਤਰ ਕਰਨ ਦਾ ਕਾਰਜ ਅਰੰਭਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਮੈਮੋਰੀਅਲ ਕਮੇਟੀ ਵੱਲੋਂ ਗੁਰੂ ਸਾਹਿਬ ਦੀ ਯਾਦਗਾਰ ਸਥਾਪਿਤ ਕਰਨ ਲਈ ਪ੍ਰਾਪਤ ਹੋਈ ਬੇਨਤੀ ਦੇ ਆਧਾਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤਾ ਗਿਆ :

ਪੁਸ਼ਕਰ ਰਾਜ ਅਜਮੇਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ

ਮੈਮੋਰੀਅਲ ਦੀ ਉਸਾਰੀ ਬਾਰੇ ਗਿਆਨੀ ਬ੍ਰਹਮ ਸਿੰਘ ਜੀ ਜਨਰਲ ਸਕੱਤਰ, ਗੁਰੂ

ਗੋਬਿੰਦ ਸਿੰਘ ਮੈਮੋਰੀਅਲ ਸੁਸਾਇਟੀ ਪੁਸ਼ਕਰ ਰਾਜ (ਅਜਮੇਰ) ਦੀ ਪੱਤਰਕਾ ਮਿਤੀ 6.5.1983, ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪੁਸ਼ਕਰ ਰਾਜ ਅਜਮੇਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੈਮੋਰੀਅਲ ਦੀ ਉਸਾਰੀ ਦੀ ਸੇਵਾ ਸੰਤ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਜਾਂਦੀ ਹੈ ਅਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਸਥਾਨ ਸਰਕਾਰ ਵੱਲੋਂ ਪੁਸ਼ਕਰ ਤੀਰਥ ਉੱਪਰ ਇਸ ਸਮਾਰਕ ਲਈ ਜ਼ਮੀਨ ਲੀਜ਼ ਪੁਰ ਮੁਫਤ ਦੇਣ ਦੀ ਧੰਨਵਾਦੀ ਹੈ।

ਭਾਵੇਂ ਕਿ ਹਾਲਾਂ ਤੱਕ ਸਰਕਾਰ ਵੱਲੋਂ ਅਲਾਟ ਕੀਤੀ ਗਈ ਜ਼ਮੀਨ 'ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਕਿਸੇ ਵੀ ਢੁਕਵੀਂ ਯਾਦਗਾਰ ਸਥਾਪਿਤ ਨਹੀਂ ਹੋ ਸਕੀ ਪਰ ਪੁਸ਼ਕਰ ਵਿਖੇ ਗੋਬਿੰਦ ਘਾਟ ਤੋਂ ਲਗਭਗ ਇੱਕ ਕਿਲੋਮੀਟਰ ਦੀ ਦੂਰੀ 'ਤੇ 'ਗੁਰਦੁਆਰਾ ਗੁਰੂ ਨਾਨਕ ਦਰਬਾਰ' ਸੁਸ਼ੋਭਿਤ ਹੈ। ਪੁਸ਼ਕਰ ਵਿਖੇ ਆਉਣ ਵਾਲੀ ਸਿੱਖ ਸੰਗਤ ਇਸੇ ਗੁਰਦੁਆਰਾ ਸਾਹਿਬ ਵਿਖੇ ਹੀ ਨਿਵਾਸ ਕਰਦੀ ਹੈ। ਇਸ ਅਸਥਾਨ ਦੀ ਸੇਵਾ ਕਰ ਰਹੇ ਬਾਬਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਵਰਤਮਾਨ ਇਮਾਰਤ ਦੀ ਉਸਾਰੀ 1998 ਵਿੱਚ ਬਾਬਾ ਲੱਖਾ ਸਿੰਘ ਕੋਟੇ ਵਾਲਿਆਂ ਅਤੇ ਬਾਬਾ ਪ੍ਰੀਤਮ ਸਿੰਘ ਨੇ ਕਰਵਾਈ ਸੀ ਪਰ ਇਸ ਤੋਂ ਪਹਿਲਾਂ ਇਥੇ 1923 ਦੀ ਬਣੀ ਹੋਈ ਇੱਕ ਛੋਟੀ ਜਿਹੀ ਇਮਾਰਤ ਪਹਿਲਾਂ ਵੀ ਮੌਜੂਦ ਸੀ। ਗੁਰੂ

ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।

ਗੁਰਦੁਆਰਾ ਸਾਹਿਬ ਦੀ ਚਾਰ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰਾਂ ਆਦਿ ਬਣੇ ਹੋਏ ਹਨ। ਇਸ ਗੁਰਧਾਮ ਵਿਖੇ ਨਿਵਾਸ ਕਰਨ ਵਾਲੀ ਸੰਗਤ ਦੀ ਭਾਵਨਾ ਵੀ 'ਗੋਬਿੰਦ ਘਾਟ' ਨਾਲ ਜੁੜੀ ਹੁੰਦੀ ਹੈ ਜਿਸ ਕਰਕੇ ਉਹ ਇਸ ਦੇ ਦਰਸ਼ਨ ਕਰਨ ਲਈ ਚਲੀ ਜਾਂਦੀ ਹੈ।

# ਸਿੱਖ ਇਤਿਹਾਸ ਦਾ ਅਹਿਮ ਇਤਿਹਾਸਕ ਦੁਖਾਂਤਕ ਕਾਂਡ ਛੋਟਾ ਘੱਲੂਘਾਰਾ

**ਮਾਸਟਰ ਲਖਵਿੰਦਰ ਸਿੰਘ**

'ਨਾ ਡਰੋ, ਨਾ ਡਰਾਓ' ਦੇ ਸਿਧਾਂਤ ਉੱਤੇ ਪਹਿਲਾਂ ਸਿੱਖ ਗੁਰੂ ਸਾਹਿਬਾਨਾਂ ਨੇ ਖ਼ੁਦ ਪਹਿਰਾ ਦਿੱਤਾ ਅਤੇ ਫਿਰ ਉਨ੍ਹਾਂ ਪਿੱਛੋਂ ਜਾਂਬਾਜ਼ ਸਿੱਖਾਂ ਨੇ ਆਪਣੇ ਗੁਰੂ ਸਾਹਿਬਾਨਾਂ ਦੇ ਪਦ ਚਿੰਨ੍ਹਾਂ ਉੱਪਰ ਚੱਲਦਿਆਂ ਤੇ ਅਮਲ ਕਰਦਿਆਂ ਹਰ ਤਰ੍ਹਾਂ ਦੇ ਜ਼ੁਲਮ ਨਾਲ ਪਹਿਲਾਂ ਸਬਰ ਸੰਤੋਖ ਤੇ ਸਹਿਣਸ਼ੀਲਤਾ ਨਾਲ ਟਾਕਰਾ ਕੀਤਾ ਅਤੇ ਜਦੋਂ ਜਾਬਰ ਫਿਰ ਵੀ ਜ਼ੁਲਮ ਕਰਨ ਤੋਂ ਨਾ ਟਲਦਾ ਤਾਂ ਫਿਰ ਤਲਵਾਰ ਉਠਾ ਕੇ ਅਜਿਹੇ ਜਾਬਰ ਨਾਲ ਲੋਹਾ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਜ਼ਰਵਾਨਿਆਂ ਨੇ ਸਮੂਹਿਕ ਤੌਰ 'ਤੇ ਸਿੱਖਾਂ ਨੂੰ ਕਤਲੇਆਮ ਕਰਨ ਦੇ ਕਈ ਕਾਂਡ ਵੀ ਵਰਤਾਏ, ਜਿਨ੍ਹਾਂ ਨੂੰ ਸਿੱਖ ਇਤਿਹਾਸ 'ਚ 'ਘੱਲੂਘਾਰਿਆਂ' ਦਾ ਨਾਂਅ ਦਿੱਤਾ ਗਿਆ ਹੈ। 'ਛੋਟਾ ਘੱਲੂਘਾਰਾ' ਸਿੱਖ ਇਤਿਹਾਸ ਵਿੱਚ ਵਰਤਿਆ ਪਹਿਲਾ ਘੱਲੂਘਾਰਾ (ਮੰਡਰਾਇਆ ਘੋਰ ਸੰਕਟ) ਹੈ।

ਸੰਨ 1746 ਦੇ ਆਸ-ਪਾਸ ਦਾ ਸਮਾਂ ਵੀ ਇੱਕ ਅਜਿਹਾ ਸਮਾਂ ਸੀ, ਜਿਸ ਦੌਰਾਨ ਸਮੇਂ ਦੀ ਮੁਗ਼ਲ ਸਰਕਾਰ ਨੇ ਸਿੱਖਾਂ ਨੂੰ ਮਾਰ ਮੁਕਾ ਕੇ ਸਿੱਖ ਨਸਲਕੁਸ਼ੀ ਕਰਨ ਦੀ ਠਾਣੀ ਹੋਈ ਸੀ, ਜਿਸ ਲਈ ਹਰ ਹੀਲਾ ਵਰਤਿਆ ਜਾ ਰਿਹਾ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਜਿਊਂਦੇ ਜਾਂ ਮਰੇ ਸਿੱਖ ਦੀ ਲੱਭਤ ਲਈ ਇਨਾਮ ਰੱਖੇ ਜਾ ਚੁੱਕੇ ਸਨ। ਸਿੱਖੀ ਦੀ ਪਛਾਣ ਮਲੀਅਮੇਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਸੀ। 'ਗੁੜ' ਨੂੰ 'ਰੋੜੀ' ਕਹਿਣ ਦੇ ਹੁਕਮ ਦੇ ਦਿੱਤੇ ਗਏ ਸਨ ਤਾਂ ਕਿ 'ਗੁੜ' ਆਖਦਿਆਂ ਲੋਕਾਂ ਦੇ ਮੂੰਹ 'ਚੋਂ ਭੁੱਲ-ਭੁਲੇਖੇ ਵੀ ਗੁਰ/ਗੁਰੂ ਸ਼ਬਦ ਨਾ ਨਿਕਲ ਜਾਏ। ਇਸ ਦੇ ਉਚਾਰਨ ਕਰਨ ਵਾਲਿਆਂ ਨੂੰ ਦੰਡਿਤ ਕੀਤਾ ਜਾਣ ਲੱਗਾ ਸੀ। ਅਜਿਹੇ ਕਰੜੇ ਸਮੇਂ ਵੀ ਮੁਗ਼ਲ ਸਰਕਾਰ ਦੇ ਇੰਤਾਹ ਦੇ ਵਿਰੁੱਧ ਸਿੱਖਾਂ ਦੀ ਮੁੱਠੀ ਭਰ ਗਿਣਤੀ ਨੇ ਧਰਮ ਯੁੱਧ ਛੇੜਿਆ ਹੋਇਆ ਸੀ। ਜੰਗਲਾਂ ਅਤੇ ਘੋੜਿਆਂ ਦੀਆਂ ਕਾਠੀਆਂ ਨੂੰ ਹੀ ਆਪਣਾ ਵਸੇਬਾ ਬਣਾ ਕੇ ਜਾਂਬਾਜ਼ ਸਿੱਖਾਂ ਨੇ ਗੁਰੀਲੇ ਯੁੱਧ ਅਪਣਾਉਂਦਿਆਂ ਜਾਬਰ ਸਰਕਾਰ ਦੀ ਨੱਕ 'ਚ ਦਮ ਕੀਤਾ ਹੋਇਆ ਸੀ। ਭਾਈ ਬੋਤਾ ਸਿੰਘ ਤੇ ਗਰਜ਼ਾ ਸਿੰਘ ਵਰਗੇ ਇਕੱਲੇ-ਦੁਕੱਲੇ ਅਣਖੀ ਸੂਰੇ ਜਾਬਰ ਨੂੰ ਵੰਗਾਰਦੇ ਤੇ ਇਕ ਵੱਡੀ ਫ਼ੌਜ ਨਾਲ ਭਿੜਦੇ ਹੋਏ ਵੀਰ ਗਤੀ ਪ੍ਰਾਪਤ ਕਰ ਲੈਂਦੇ।



ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖ਼ਾਨ ਦੀ ਮੌਤ ਪਿੱਛੋਂ ਉਸ ਦੇ ਉੱਤਰ ਅਧਿਕਾਰੀਆਂ 'ਚ ਛਿੜੀ ਖਾਨਾਜੰਗੀ ਦਾ ਫਾਇਦਾ ਉਠਾਉਂਦਿਆਂ ਸਿੱਖ ਲਾਹੌਰ ਦੇ ਆਸਪਾਸ ਕਬਜ਼ਾ ਕਰਨ ਦੇ ਯਤਨ ਵਜੋਂ ਜੰਗਲਾਂ ਤੋਂ ਬਾਹਰ ਆਉਣ ਲੱਗੇ। ਇਸ ਦੀ ਕਨਸੋਅ ਜਦ ਯਹੀਆਂ ਖ਼ਾਨ ਨੂੰ ਮਿਲੀ ਤਾਂ ਉਸ ਨੇ ਵੀ ਸਿੱਖੀ ਦਾ ਖੁਰਾ-ਖੋਜ ਮਿਟਾਉਣ ਲਈ ਬੀੜਾ ਉਠਾ ਲਿਆ ਅਤੇ ਉਸ ਦੇ ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਜੋ ਐਮਨਾਬਾਦ ਦਾ ਸਿਪਾਹ ਸਲਾਰ (ਫ਼ੌਜਦਾਰ) ਸੀ, ਨੂੰ ਸਿੱਖਾਂ ਉਤੇ ਹਮਲਾ ਕਰਨ ਲਈ ਭੇਜਿਆ, ਅੱਗੋਂ ਸਿੱਖਾਂ ਨੇ ਇਸ ਹਮਲਵਾਰ ਫ਼ੌਜ ਨੂੰ ਚੰਗਾ ਸਬਕ ਸਿਖਾਇਆ। ਭਾਈ ਨਿਬਾਹੂ ਸਿੰਘ ਨੇ ਦਲੇਰੀ ਵਰਤਦਿਆਂ ਹਾਥੀ 'ਤੇ ਸੱਜ-ਧੱਜ ਕੇ ਸਵਾਰ ਹੋਏ ਜਸਪਤ ਰਾਏ ਦੇ ਸਿਰ ਨੂੰ ਧੜ ਨਾਲੋਂ ਵੱਖ ਕਰਕੇ ਮਾਰ ਮੁਕਾਇਆ। ਜਸਪਤ ਰਾਏ ਦੀ ਮੌਤ ਦੀ ਖ਼ਬਰ ਸੁਣ ਕੇ ਉਸ ਦਾ ਭਰਾ ਲਖਪਤ ਰਾਏ ਅੱਗ-ਬਗੂਲਾ ਹੋ ਉੱਠਿਆ ਅਤੇ ਉਸ ਨੇ ਪ੍ਰਣ ਕੀਤਾ ਕਿ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਤੱਕ ਨਾ ਹੀ ਸਿਰ ਉਤੇ ਪਗੜੀ ਬੰਨ੍ਹੇਗਾ ਅਤੇ ਨਾ ਹੀ ਆਪਣੇ ਆਪ ਨੂੰ ਖੱਤਰੀ ਬੁਲਵਾਏਗਾ। ਇਸ ਬਾਬਤ ਪੰਥ ਪ੍ਰਕਾਸ਼ 'ਚ ਇੰਝ ਵਰਨਣ ਮਿਲਦਾ ਹੈ:-

ਜਬ ਸਿੰਘੋਂ ਨੇ ਜਸਪਤ ਮਾਰਾ।
ਲੁਟਿਓ ਏਮਨਾਬਾਦ ਨਿਹਾਰਾ।
ਲਖਪਤ ਜਾਇ ਬਿਜੇ ਖਾਂ ਪਾਸ।
ਪਗੜੀ ਸਿਰੋਂ ਉਤਾਰੀ ਖਾਸ।
ਕਸਮ ਉਠਾਇ ਕਹਯੋ ਇਮ ਖੀਜ।
ਮੈਂ ਜਬ ਲੌ ਸਿੰਘਹਿ ਨਿਰਬੀਜ।
ਨਹਿ ਕਰ ਲੈਹੋ, ਤਬ ਲੌ ਜਾਣ।
ਪਗੜੀ ਧਰਨੀ ਸਿਰ ਮੁਹਿ ਆਣ।

ਇਸ ਤਰ੍ਹਾਂ ਭਰੇ-ਪੀਤੇ ਅਤੇ ਗ਼ੁੱਸੇ 'ਚ ਲੋਹਾ-ਲਾਖਾ ਹੋਇਆ ਲਖਪਤ ਰਾਇ ਇੱਕ ਵੱਡੀ ਫ਼ੌਜ (ਜੋ ਸਮੇਂ ਦੇ ਖ਼ਤਰਨਾਕ ਹਥਿਆਰਾਂ ਤੇ ਤੋਪਾਂ ਆਦਿ ਨਾਲ ਲੈਸ ਸੀ) ਨੂੰ ਲੈ ਕੇ ਸਿੱਖਾਂ ਉੱਤੇ ਹਮਲਾ ਕਰਨ ਲਈ ਤੁਰ ਪਿਆ। ਰਾਹ 'ਚ ਜੋ ਵੀ ਸਿੱਖ ਨਜ਼ਰੀਂ ਚੜ੍ਹਦਾ, ਉਸ ਨੂੰ ਮਾਰ ਮੁਕਾਉਂਦਾ ਹੋਇਆ ਅੱਗੇ ਵੱਧਦਾ ਆ ਰਿਹਾ ਸੀ। ਇਸ ਦੀ ਖ਼ਬਰ ਜਦ ਸਿੱਖਾਂ ਨੂੰ ਲੱਗੀ ਤਾਂ ਉਨ੍ਹਾਂ ਨੇ ਆਪਣੀ ਰਣਨੀਤੀ ਤਹਿਤ ਕਾਹਨੂੰਵਾਨ ਦੀ ਝੱਲ/ਛੰਭ/ਜੰਗਲਾਂ ਵੱਲ ਰੁਖ਼ ਕਰ ਲਿਆ। ਹਮਲਾਵਰ ਫ਼ੌਜ ਦੇ ਨੇੜੇ ਢੁੱਕਣ ਉੱਤੇ ਸਿੱਖਾਂ ਆਪਣੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਦੁਆਲੇ 'ਰੱਖਿਆ ਚੱਕਰ' ਬਣਾ ਲਿਆ। ਨਾਲ-ਨਾਲ ਹਮਲਾਵਰ ਦੁਸ਼ਮਣ ਦਾ ਟਾਕਰਾ ਕਰਦੀ ਹੋਈ ਇਹ ਸਿੱਖ ਵਹੀਰ ਹਿਮਾਲਿਆ ਦੇ ਜੰਗਲਾਂ ਵੱਲ ਪਿੱਛੇ ਹੱਟਦੀ ਰਹੀ ਪਰ ਪਹਾੜਾਂ ਦੀ ਤਿੱਖੀ ਚੜ੍ਹਾਈ ਕੰਧ ਬਣ ਗਈ ਅਤੇ ਪਹਾੜੀ ਰਾਜਿਆਂ ਦੀ ਹੱਦ ਬੰਦੀ ਸ਼ੁਰੂ ਹੋ ਗਈ। ਉੱਧਰ ਮੁਗ਼ਲ ਸਰਕਾਰ ਦਾ ਫ਼ਰਮਾਨ ਜਾਰੀ ਹੋ ਚੁੱਕਾ ਸੀ ਕਿ ਪਹਾੜੀ ਰਾਜੇ ਸਿੱਖਾਂ ਦੀ ਹਰਗਿਜ਼ ਵੀ ਕਿਸੇ ਤਰ੍ਹਾਂ ਦੀ ਮਦਦ ਨਾ ਕਰਨ। ਵੈਸੇ ਵੀ ਇਹ ਪਹਾੜੀ ਰਾਜੇ ਵੀ ਕਰੀਬ ਮੁੱਢ-ਕਦੀਮ ਤੋਂ ਸਿੱਖੀ ਨਾਲ ਖਾਰ ਹੀ ਖਾਂਦੇ ਆ ਰਹੇ ਸਨ। ਇਸ ਵਕਤ ਵੀ ਸਿੱਖਾਂ ਪ੍ਰਤੀ ਉਨ੍ਹਾਂ ਦੀ ਵਿਰੋਧਤਾ ਵੀ ਸਿਖ਼ਰਾਂ 'ਤੇ ਸੀ। ਰਾਵੀ ਵੀ ਭਰ ਜੋਬਨ 'ਚ ਵਹਿ ਰਹੀ ਸੀ। ਰਾਸ਼ਨ ਤੇ ਹਥਿਆਰਾਂ ਦੀ ਵੀ ਕਮੀ ਹੋ ਚੁੱਕੀ ਸੀ। ਭਾਵ ਇਹ ਸਿੱਖ ਵਹੀਰ ਸੰਕਟ 'ਚ ਪੂਰੀ ਤਰ੍ਹਾਂ ਘਿਰ ਚੁੱਕੀ ਸੀ। ਭੁੱਖਣ-ਭਾਣੇ ਸਿੱਖ ਫਿਰ ਵੀ ਇਸ ਬਿਪਤਾ ਦੀ ਘੜੀ 'ਚ ਸਿਰੜ ਕਾਇਮ ਰੱਖ ਕੇ ਟਾਕਰਾ ਜ਼ਰੂਰ ਕਰ ਰਹੇ ਸਨ ਪਰ ਹਮਲਾਵਰ ਫ਼ੌਜ ਭਾਰੂ ਪੈ ਗਈ। ਉਸ ਨੇ ਸੁਰੱਖਿਆ ਘੇਰਾ ਤੋੜ ਕੇ ਬੱਚਿਆਂ ਤੇ ਬਜ਼ੁਰਗਾਂ ਦਾ ਭਾਰੀ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਥੋੜ੍ਹੇ-ਬਹੁਤ ਬਚੇ-ਖੁਚੇ ਸਿੱਖ ਬਿਖੜੇ ਪੈਂਡੇ ਤਹਿ ਕਰਦੇ ਹੋਏ ਬਿਆਸ ਤੇ ਫਿਰ ਸਤਲੁਜ ਦਰਿਆ ਪਾਰ ਕਰ ਕੇ ਲੱਖੀ ਦੇ ਜੰਗਲਾਂ (ਮਾਲਵੇ) ਵੱਲ ਨਿਕਲ ਗਏ। ਮੰਡਰਾਏ ਇਸ ਘੋਰ ਸੰਕਟ 'ਚੋਂ ਉੱਭਰ ਕੇ ਸਿੱਖ ਜ਼ਬਰ ਦਾ ਸਿਰ ਫੇਹਣ ਲਈ ਫਿਰ ਤੋਂ ਵਿਉਂਤਬੰਦੀਆਂ ਕਰਨ 'ਚ ਜੁੱਟ ਗਏ ਤਾਂ ਕਿ ਹਲੀਮੀ ਰਾਜ ਕਾਇਮ ਹੋ ਸਕੇ।

ਇਤਿਹਾਸ ਅਨੁਸਾਰ ਸਿੱਖ ਇਤਿਹਾਸ 'ਚ ਵਾਪਰੇ ਇਸ ਕਤਲੋ-ਗਾਰਦ 'ਚ ਕਰੀਬ 7 ਹਜ਼ਾਰ ਸਿੱਖ ਸ਼ਹੀਦ ਹੋਏ ਅਤੇ 3 ਹਜ਼ਾਰ ਦੇ ਕਰੀਬ ਸਿੱਖਾਂ ਨੂੰ ਕੈਦ ਕਰ ਕੇ ਦਿੱਲੀ ਗੇਟ ਲਾਹੌਰ ਲਿਜਾ ਕੇ ਸਮੂਹਿਕ ਤੌਰ 'ਤੇ ਕਤਲ ਕਰ ਦਿੱਤਾ ਗਿਆ। ਇਹ ਸ਼ਹੀਦੀ ਸਥਾਨ 'ਸ਼ਹੀਦਗੰਜ' ਲਾਹੌਰ ਵਿਖੇ ਸਥਿਤ ਹੈ। ਜ਼ਰਵਾਣੇ ਵੱਲੋਂ ਢਾਹੇ ਇਸ ਭਿਆਨਕ ਖ਼ੂਨੀ ਕਹਿਰ ਨੂੰ ਸਿੱਖ ਇਤਿਹਾਸ 'ਚ 'ਛੋਟਾ ਘੱਲੂਘਾਰਾ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਖ਼ੂਨੀ ਸਾਕੇ ਦੇ ਸ਼ਹੀਦਾਂ ਦੀ ਯਾਦ 'ਚ ਇੱਕ ਆਲੀਸ਼ਾਨ ਯਾਦਗਾਰ ਦੇ ਰੂਪ 'ਚ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਿਖੇ 'ਛੋਟਾ ਘੱਲੂਘਾਰਾ' ਗੁਰਦੁਆਰਾ ਸੁਸ਼ੋਭਿਤ ਹੈ।

**-ਸਟੇਟ ਐਵਾਰਡੀ, ਪਿੰਡ ਨਿੱਕਾ ਰਈਆ (ਹਵੇਲੀਆਣਾ), ਜ਼ਿਲ੍ਹਾ ਅੰਮ੍ਰਿਤਸਰ,**

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# "ਛੋਟਾ ਘੱਲੂਘਾਰਾ"

(17 ਮਈ 1746 )

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥ ਅੰਗ 1412

ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ - ਲਾਜ ਛੱਡ ਕੇ ਹਊਮੇ ਦੂਰ ਕਰਕੇ ਆ ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾਂ ਕੀਤਾ ਜਾਏ ਪਰ ਕੋਈ ਝਿਜਕ ਨਹੀਂ ਕੀਤੀ ਜਾਏ। ਜਦੋਂ ਬਿਨਾ ਝਿਜਕ ਦੇ ਲੋਕ ਲਾਜ ਅਤੇ ਹਊਮੇ ਛੱਡੀ ਜਾਏ।

ਸਿੱਖ ਧਰਮ ਵਿੱਚ ਕੁਰਬਾਨੀਆਂ ਦੀ ਸੇਧ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲੀ ਹੈ। ਸਿੰਘ ਨੇ ਧਰਮ ਅਤੇ ਲੋਕ ਭਲਾਈ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਸਿੱਖ ਧਰਮ ਮੂਲ ਰੂਪ ਵਿੱਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ ਜਿਸ ਨੇ ਸਦਾ ਹੀ ਸਮਾਜ ਨੂੰ ਉਸਾਰੂ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਜਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹਰ ਹੱਥ-ਹਰਬਾ ਵਰਤਿਆ। ਦੂਸਰੇ ਪਾਸੇ ਅੰਮ੍ਰਿਤ ਦੀ ਦਾਤ ਨੇ ਅਜਿਹਾ ਫੌਜੀ ਖ਼ਾਲਸਾ ਤਿਆਰ ਕੀਤਾ, ਜਿਸ ਨੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ, ਨਿਆਂ, ਸਵੈ ਰੱਖਿਆ ਲਈ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ, ਕਈ ਮੁਹਿੰਮਾਂ ਅਤੇ ਬਿਖੜੇ ਪੈਂਡਿਆਂ ਵਿਚੋਂ ਲੰਘ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਖ਼ਾਲਸਾ ਰਾਜ ਸਥਾਪਤ ਹੋਇਆ। ਇੱਥੇ ਤੱਕ ਪਹੁੰਚਣ ਲਈ ਕਈ ਸਾਕੇ, ਘਲੂਘਾਰੇ ਵਾਪਰੇ, ਜਿੰਨਾਂ ਵਿੱਚ 'ਛੋਟਾ ਘੱਲੂਘਾਰਾ ' ਵੀ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ। ਕਾਹਨੂੰਵਾਨ ਛੰਭ ਜੋ ਗੁਰਦਾਸਪੁਰ ਤੋਂ ਮੁਕੇਰੀਆ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੀ ਦੂਰੀ 'ਤੇ ਫ਼ੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲਾਮ ਹੋਇਆ ਸੀ। ਇਸ ਲਈ ਉਸ ਘਲੂਘਾਰੇ ਨੂੰ ਵੱਖਰਾ ਦਰਸਾਉਣ ਲਈ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ ' ਕਿਹਾ ਜਾਂਦਾ ਹੈ।

ਪਿਛੋਕੜ ਇਤਿਹਾਸ ਵਿੱਚ ਕਿ ਅਠਾਰਵੀਂ ਸਦੀ ਦਾ ਸਮਾਂ ਭਾਰਤ ਲਈ ਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਬੜਾ ਉਥਲ ਪੁੱਥਲ ਦਾ ਸਮਾਂ ਸੀ। ਮੁਗਲ ਸਾਮਰਾਜ ਦੀ ਅਧੋਗਤੀ ਤੇ ਅਨਿਆਂ ਕਾਰਨ ਲੋਕ ਅੰਦਰੂਨੀ ਤੌਰ 'ਤੇ ਵੀ ਪਿਸ ਰਹੇ ਸਨ। ਉਧਰੋਂ ਵਿਦੇਸ਼ੀ ਹਮਲਿਆਂ -ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਗਿਲਜਿਆਂ ਤੇ ਰੁਹੇਲਿਆਂ ਦੇ ਜ਼ੁਲਮ ਨੇ ਸਧਾਰਣ ਜਨ ਜੀਵਨ ਨੂੰ ਬਿਪਤਾ ਵਿੱਚ ਪਾ ਰਖਿਆ ਸੀ।

ਹਿੰਦੂ ਅਹਿਲਕਾਰ ਮੁਗਲ ਹਾਕਮਾਂ ਦੇ ਪਿੱਠੂ ਸਨ। ਮੁਗਲ ਸਾਮਰਾਜ, ਵਿਦੇਸ਼ੀ ਜਰਵਾਣੇ, ਜੋ ਲੁੱਟ ਖਸੁੱਟ ਲਈ ਹਮਲੇ ਕਰਦੇ ਸਨ। ਆਪਣੀ ਹਕੂਮਤ ਕਾਇਮ ਕਰਨ ਦੇ ਆਹਰ ਵਿੱਚ ਸਨ। ਅਜਿਹੀਆਂ ਸਾਰੀਆਂ ਤਾਕਤਾਂ ਨੂੰ ਪਛਾੜ ਕੇ ਸਿੱਖ ਯੋਧਿਆਂ ਨੇ ਖ਼ਾਲਸਾ ਰਾਜ ਸਥਾਪਤ ਕੀਤਾ।

ਜਦੋਂ ਤੁਰਕਾਨੀ ਫ਼ੌਜਾਂ ਦਾ ਜੋਰ ਵੱਧ ਜਾਂਦਾ ਤਾਂ ਸਿੰਘ ਘਰ ਘਾਟ ਛੱਡ ਕੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵਿੱਚ ਚਲੇ ਜਾਂਦੇ। ਪਹਾੜਾਂ 'ਤੇ ਚੜ ਜਾਂਦੇ, ਕਾਹਨੂੰਵਾਨ ਦੇ ਛੰਭ ਵਿੱਚ ਸਮਾਂ ਗੁਜ਼ਾਰਦੇ। ਛੰਭ ਵਧੇਰੇ ਸੁਰਖਿਅਤ ਸੀ ਕਿਉਂਕਿ ਇਸਦੇ ਸੰਘਣੇ ਬੇਲੇ ਤੇ ਤੰਗ ਰਸਤਿਆਂ ਤੋਂ ਸਿੰਘ ਚੰਗੀ ਤਰਾਂ ਜਾਣੂੰ ਸਨ। ਸਿੰਘ ਆਪਣੇ ਫ਼ੌਜੀ ਅਭਿਆਸ ਇੱਥੇ ਜਾਰੀ ਰਖਦੇ ਸਨ ।

ਸੰਨ 1746 ਵਿੱਚ ਜਦੋਂ ਸਿੰਘ ਮੁਗਲ ਹਕੂਮਤ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਲੜ ਰਹੇ ਸਨ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲਾਨੌਰ ਦੇ ਦੋ ਖੱਤਰੀ ਭਰਾ ਜਸਪਤ ਰਾਏ ਤੇ ਲਖਪਤ ਰਾਏ ਸਨ। ਜਸਪਤ ਰਾਏ ਏਮਨਾਬਾਦ ਦਾ ਫ਼ੌਜਦਾਰ ਸੀ। ਲਖਪਤ ਰਾਏ ਲਾਹੌਰ ਦਾ ਦੀਵਾਨ। ਜਸਪਤ ਰਾਏ ਜੰਗਲਾਂ ਵਿੱਚ ਸਿੰਘਾਂ ਦਾ ਪਿੱਛਾ ਕਰਦਾ ਮਾਰਿਆ ਗਿਆ। ਲਖਪਤ ਰਾਏ ਨੇ ਇਹ ਕਸਮ ਖਾਧੀ ਕਿ ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਵਾਂਗਾ। ਬੇਦੋਸੇ ਅਤੇ ਕ੍ਰਿਤ ਕਰਨ ਵਾਲੇ ਸਿੰਘਾਂ ਨੂੰ ਪਿੰਡਾਂ 'ਚੋਂ ਫੜ ਕੇ ਲਿਆਂਦਾ ਜਾਂਦਾ, ਉਹਨਾਂ ਉੱਤੇ ਦੀਨ ਕਬੂਲ ਕਰਨ ਦੀ ਸ਼ਰਤ ਰੱਖੀ ਜਾਂਦੀ, ਇਨਕਾਰ ਕਰਨ 'ਤੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ।

ਇਸ ਸਖ਼ਤੀ ਦੇ ਦੌਰ ਵਿੱਚ ਬਹੁਤ ਸਾਰੇ ਸਿੰਘ ਘਰ -ਘਾਟ ਛੱਡ ਕੇ ਪਹਾੜਾਂ ਨੂੰ ਚਲੇ ਗਏ। ਬਹੁਤ ਸਾਰੇ ਸਿੰਘ ਕਾਹਨੂੰਵਾਨ ਦੇ ਛੰਭ ਵਿੱਚ ਮੁਸੀਬਤ ਦਾ ਸਮਾਂ ਗੁਜਾਰਨ ਲੱਗੇ। ਲਖਪਤ ਰਾਏ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ। ਨਾਲ ਹੀ ਪੰਜਾਬ ਵਿਚੋਂ ਸਿੰਘਾਂ ਨੂੰ ਚੁਣ ਚੁਣ ਕੇ ਖਤਮ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ। ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਮਰਿਆਦਾ ਭੰਗ ਕੀਤੀ। ਸਿੰਘਾਂ ਦੇ ਘਰ-ਘਾਟ ਉਜਾੜ ਦਿੱਤੇ। ਆਪਣੇ ਵੱਲੋਂ ਸਿੰਘਾਂ ਦੀ ਹੋਂਦ ਨੂੰ ਖਤਮ ਕਰ ਲਿਆ। ਉਪਰੰਤ ਬਹੁਤ ਸਾਰੀ ਫ਼ੌਜ, ਜੋ ਹਾਥੀ,ਘੋੜੇ, ਤੋਪਾਂ, ਜ਼ੰਬੂਰੇ,ਸਾਰੇ ਮਾਰੂ ਹਥਿਆਰਾਂ ਨਾਲ ਜੰਗ ਵਾਸਤੇ ਤਿਆਰ ਸੀ। ਇਸਦੇ ਨਾਲ ਹੀ ਮੁਲਤਾਨ, ਬਹਾਵਲਪੁਰ, ਕਸੂਰ, ਜਲੰਧਰ, ਲੁਧਿਆਣਾ ਦੇ ਇਲਾਕਿਆਂ ਦੇ ਮੁਖੀ ਆਪਣੀਆਂ ਫ਼ੌਜਾਂ ਲੈ ਕੇ ਪਹੁੰਚੇ। ਇਸ ਤੋਂ ਇਲਾਵਾ ਕੀੜੀ ਪਠਾਣਾ ਦੇ ਅਫ਼ਗਾਨ, ਮੁਕੇਰੀਆਂ, ਦਸੂਹਾ ਦੇ ਰੰਘੜ, ਬਟਾਲੇ ਦੇ ਸਯਅਦ ਤੇ ਹੋਰ ਝੂਠੇ ਸਰਕਾਰੀ ਹਿਮਾਇਤੀ ਵੀ ਲੱਖਪਤ ਰਾਏ ਦੀ ਕਮਾਨ ਹੇਠ ਕਾਹਨੂੰਵਾਨ ਛੰਭ ਨੂੰ ਘੇਰਾ ਪਾਈ ਬੈਠੇ ਸਨ। ਇਸ ਲਸ਼ਕਰ ਦੀ ਗਿਣਤੀ ਲੱਖਾਂ ਵਿੱਚ ਸੀ। ਇਹ ਦੁਸ਼ਮਣ ਦੀ ਸਾਰੀ ਫ਼ੌਜ 10 ਵਿੱਚ ਫੈਲੀ ਹੋਈ ਸੀ। ਦੂਸਰੇ ਪਾਸੇ ਛੰਭ ਵਿੱਚ ਘਿਰੇ ਸਿੰਘਾਂ ਦੀ ਗਿਣਤੀ 22 ਹਜ਼ਾਰ ਮੰਨੀ ਗਈ ਹੈ, ਕਿਉਂਕਿ 7000 ਸ਼ਹੀਦ ਹੋਏ ਅਤੇ 3000 ਬੰਦੀ ਬਣਾ ਲਏ ਗਏ। ਕਰੀਬ 12 ਹਜ਼ਾਰ ਸਿੰਘ ਬਚ ਕੇ ਨਿਕਲ ਗਏ ਸਨ। ਬੰਦੀ ਸਿੰਘਾਂ ਨੂੰ ਨਾਖਾਸ ਚੌਂਕ ਲਾਹੌਰ ਵਿੱਚ ਤਸੀਹੇ ਦੇ ਕੇ ਸ਼ਹੀਦੀ ਕੀਤਾ ਗਿਆ। ਸ਼ਹੀਦ ਹੋਏ ਸਿੰਘ ਜਾਂ ਤਾਂ ਜੰਗਲ ਦੀ ਅੱਗ ਵਿੱਚ ਸ਼ਹੀਦ ਹੋਏ ਜਾਂ ਦਰਿਆ ਦੀ ਮਾਰ ਹੇਠ ਆ ਗਏ।

ਸਿੰਘ ਭਾਵੇਂ ਮੁਸੀਬਤ ਦਾ ਸਮਾਂ ਗੁਜ਼ਾਰ ਰਹੇ ਸਨ, ਪਰ ਤੁਰਕਾਨੀ ਫ਼ੌਜ ਦਾ ਨੁਕਸਾਨ ਕਰਦੇ ਤੇ ਰਸਤਾਂ ਬਸਤਾਂ ਲੁੱਟ ਕੇ ਲੈ ਆਉਂਦੇ। ਸਿੰਘ 2-4 ਦੇ ਜਥਿਆਂ 'ਚ ਗੁਰੀਲਾ ਜੰਗ ਲੜਦੇ। ਸਿੰਘ ਨੇ ਸੰਸਾਰ ਦੀ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਸਿੰਘ ਧਰਮ ਦੀ ਖਾਤਰ ਅਣਖ ਤੇ ਗੈਰਤ ਲਈ ਦੀਨ ਦੁਨੀਆਂ ਦੇ ਭਲੇ ਲਈ ਸ਼ਹੀਦ ਹੋਣ ਵਾਸਤੇ ਤਤਪਰ ਰਹਿੰਦੇ। ਹਮੇਸ਼ਾ ਜੰਗਲਾਂ ਵਿੱਚ ਰਹਿਣ ਕਰਕੇ ਸਿੰਘ ਮੁਸੀਬਤਾਂ, ਅਖਾਈਆਂ, ਕਠਨਾਈਆਂ ਤੇ ਔਂਕੜਾਂ ਦਾ ਮੁਕਾਬਲਾ ਕਰ ਸਕਦੇ ਸਨ। ਉਹਨਾਂ ਨੂੰ ਘਣੇ ਜੰਗਲ ਦੀਆਂ ਡੰਡੀਆਂ ਤੇ ਕੰਡਿਆਲੇ ਰਾਹਾਂ ਦਾ ਪਤਾ ਸੀ। ਤਿੰਨ - ਚਾਰ ਮਹੀਨੇ ਤਕ ਦੁਸ਼ਮਣ ਨਾਲ ਝੜਪਾਂ ਚਲਦੀਆਂ ਰਹੀਆਂ। ਲੱਖਪਤ ਰਾਏ ਦੀ ਫ਼ੌਜ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਆਪਣੀ ਹਾਰ ਹੁੰਦੀ ਵੇਖ ਕੇ ਉਸਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਨੂੰ ਕਟਵਾ ਕੇ ਚੁਫੇਰਿਓਂ ਅੱਗ ਲਾ ਦਿੱਤੀ। ਸਿੰਘ ਦੀ ਫ਼ੌਜ ਘੋਰ ਮੁਸੀਬਤ ਵਿੱਚ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਸਿੰਘਾਂ ਦਾ ਵਧੇਰੇ ਸਮਾਂ ਜੰਗਲਾਂ ਵਿੱਚ ਟਿਕੇ ਰਹਿਣਾ ਮੁਸ਼ਕਿਲ ਸੀ। ਆਗੂ ਸਿੰਘਾਂ ਨੇ ਗੁਰਮਤਾ ਕਰਕੇ ਜੰਗਲਾਂ ਵਿਚੋਂ ਇਕ ਪਾਸੇ ਨੂੰ ਨਿਕਲ ਜਾਣਾ ਠੀਕ ਸਮਝਿਆ। ਸਿੰਘਾਂ ਕੋਲ ਨਾ ਤਾਂ ਕਾਫ਼ੀ ਰਸਤਾਂ ਬਸਤਾਂ ਸਨ। ਕਾਫ਼ੀ ਸਮਾਂ ਲੜਦੇ ਰਹਿਣ ਕਰਕੇ ਦਾਰੂ -ਸਿੱਕਾ ਵੀ ਖਤਮ ਹੋਣ 'ਤੇ ਸੀ । ਜੋ ਮੁਕਾਬਲਾ ਕਰਨ ਲਈ ਕਾਫ਼ੀ ਨਹੀਂ ਸੀ। ਜੰਗਲ ਦੀ ਅੱਗ ਵਧੇਰੇ ਮੁਸੀਬਤ ਬਣੀ। ਸਿੰਘਾਂ ਲਈ ਹੁਣ ਮੁਕਾਬਲਾ ਕਰਨਾ ਕਠਿਨ ਸੀ। ਇਸ ਲਈ ਸੈਨਾ ਦੇ ਜਥੇਦਾਰਾਂ ਨਵਾਬ ਕਪੂਰ ਸਿੰਘ, ਸ੍ਰ. ਚੜ੍ਹਤ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਗੁਰਦਿਆਲ ਸਿੰਘ ਡਲੇਵਾਲੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋਕੀ, ਸ੍ਰ. ਸ਼ਾਮ ਸਿੰਘ , ਸ੍ਰ. ਫ਼ਤਿਹ ਸਿੰਘ ਆਦਿ ਦੀ ਅਗਵਾਈ ਹੇਠ ਛੰਭ ਵੱਲੋਂ ਪਹਾੜ ਵੱਲ ਦੀ ਬਾਹੀ ਨੂੰ ਨਿਕਲਣ ਦਾ ਮਤਾ ਪਕਾਇਆ। ਨਿਕਲਦੇ ਹੀ ਵੈਰੀ ਨਾਲ ਟੱਕਰ ਲੈਂਦਿਆਂ ਸਿੰਘ ਅਦੁੱਤੀ ਸ਼ਹੀਦੀਆਂ ਪਾਉਂਦੇ ਗਏ। ਪਠਾਨਕੋਟ ਨੇੜੇ ਪੁੱਜਦਿਆਂ ਹਿੰਦੂ ਪਹਾੜੀ ਰਾਜਿਆਂ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ।

ਪਿੱਛੇ ਸ਼ਾਹੀ ਸੈਨਾ ਅੱਗੇ ਅੱਗੇ ਸਿੰਘ, ਪਹਾੜੀ ਹਿੰਦੂ ਰਾਜਿਆਂ ਨੇ ਘਾਟ ਦੇ ਸਾਰੇ ਨਾਕੇ ਰੋਕ ਲਏ। ਬਿਆਸ ਦਰਿਆ ਵੀ ਠਾਠਾਂ ਮਾਰ ਰਿਹਾ ਸੀ। ਅਸਾਵੀਂ ਤੁਰਕੀ ਫ਼ੌਜ ਸਿੰਘਾਂ ਦਾ ਘਾਣ ਕਰ ਰਹੀ ਸੀ। ਜੇਠ ਹਾੜ ਦੀ ਕੜਕਦੀ ਧੁੱਪ, ਢਿੱਡ ਦੀ ਭੁੱਖ , ਸ਼ਸਤਰਾਂ ਦੀ ਅਣਹੋਂਦ, ਸਰੀਰਾਂ ਦੀ ਨਿਰਬਲਤਾ ਤੇ ਪਿੱਛੇ ਪਿੱਛ ਤੁਰਕਾਨੀ ਸੈਨਾ ਤ ਹਿੰਦੂ ਰਾਜਿਆਂ ਦੇ ਜ਼ੁਲਮ ਨੇ ਸਿੰਘਾਂ ਦੇ ਜਥਿਆਂ ਨੂੰ ਅਤਿ ਮੁਸੀਬਤ ਵਿੱਚ ਪਾ ਦਿੱਤਾ। ਹਠੀਲੇ ਸਿੰਘ ਲੜਦੇ ਭਿੜਦੇ ਹੋਏ ਦੁਸ਼ਮਣਾਂ ਤੇ ਕੁਦਰਤੀ ਆਫਤਾਂ ਦਾ

(ਬਾਕੀ ਸਫ਼ਾ 30 'ਤੇ)









ਬਦਕਿਸਮਤੀ ਨਾਲ, ਮਨੁੱਖਾਂ ਨੇ ਧਰਤੀ ਦੀ ਬਹੁਤ ਚੰਗੀ ਦੇਖਭਾਲ ਨਹੀਂ ਕੀਤੀ ਹੈ। ਅਸੀਂ ਸਾਰਿਆਂ ਨੇ ਇਸ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਪਹੁੰਚਾਇਆ ਹੈ। ਆਪਣੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਰੱਖਿਆ ਅਤੇ ਗ੍ਰਹਿ ਨੂੰ ਸੁਰੱਖਿਅਤ ਰੱਖਣ ਲਈ, ਸਾਨੂੰ ਸਾਰਿਆਂ ਨੂੰ ਇੱਕ ਸਾਫ਼-ਸੁਥਰੀ ਜੀਵਨ ਸ਼ੈਲੀ ਵੱਲ ਸਰਗਰਮ ਕਦਮ ਚੁੱਕਣ ਦੀ ਲੋੜ ਹੈ, ਭਾਵੇਂ ਇਹ ਗੈਸ ਹੋਵੇ, ਭੋਜਨ ਹੋਵੇ, ਕੱਪੜੇ, ਕਾਰਾਂ, ਫਰਨੀਚਰ, ਪਾਣੀ, ਖਿਡੌਣੇ, ਇਲੈਕਟ੍ਰੋਨਿਕਸ ਜਾਂ ਹੋਰ ਸਮਾਨ, ਅਸੀਂ ਸਾਰੇ ਇਸ ਦੀ ਵਰਤੋਂ ਕਰ ਰਹੇ ਹਾਂ। ਤੁਹਾਨੂੰ ਇਹਨਾਂ ਚੀਜ਼ਾਂ ਦੀ ਵਰਤੋਂ ਬੰਦ ਕਰਨ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਆਪਣੀਆਂ ਆਦਤਾਂ ਨੂੰ ਬਦਲਣਾ ਪਵੇਗਾ ਅਤੇ ਉਹਨਾਂ ਦੀ ਵਰਤੋਂ ਉਦੋਂ ਹੀ ਕਰਨੀ ਚਾਹੀਦੀ ਹੈ ਜਦੋਂ ਬਿਲਕੁਲ ਜ਼ਰੂਰੀ ਹੋਵੇ। ਨਾਲ ਹੀ ਸਾਨੂੰ ਅਜਿਹੀਆਂ ਚੀਜ਼ਾਂ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਸਾਡੀ ਧਰਤੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

**ਮੁੜ ਵਰਤੋਯੋਗ ਬੈਗਾਂ ਦੀ ਵਰਤੋ ਕਰੋ**

ਪਲਾਸਟਿਕ ਦੇ ਕਰਿਆਨੇ ਦੇ ਥੈਲੇ ਵੀ ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟ ਦਿੱਤੇ ਜਾਂਦੇ ਹਨ, ਜਿਸ ਨਾਲ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਹੁੰਦਾ ਹੈ। ਭੋਜਨ ਦੀ ਖੋਜ ਕਰਨ ਵਾਲੇ ਜਾਨਵਰ ਪਲਾਸਟਿਕ ਨੂੰ ਭੋਜਨ ਸਮਝ ਕੇ ਖਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਨਾਲ ਹੀ, ਪਲਾਸਟਿਕ ਨੂੰ ਸੜਨ ਲਈ ਲੰਬਾ ਸਮਾਂ ਲੱਗਦਾ ਹੈ। ਜਦੋਂ ਵੀ ਤੁਸੀਂ ਖਰੀਦਦਾਰੀ ਕਰਨ ਜਾਂਦੇ ਹੋ, ਹਮੇਸ਼ਾ ਆਪਣੇ ਨਾਲ ਦੁਬਾਰਾ ਵਰਤੋਂ ਯੋਗ ਬੈਗ ਰੱਖੋ।

**ਸਿਰਫ਼ ਲੋੜ ਪੈਣ 'ਤੇ ਹੀ ਪ੍ਰਿੰਟਆਊਟ ਲਵੋ**

ਅਸੀਂ ਉਨ੍ਹਾਂ ਚੀਜ਼ਾਂ ਦੇ ਪ੍ਰਿੰਟਆਊਟ ਲੈਣਾ ਪਸੰਦ ਕਰਦੇ ਹਾਂ, ਜੋ ਕੁਝ ਸਮੇਂ ਲਈ ਲਾਭਦਾਇਕ ਹੁੰਦੀਆਂ ਹਨ ਅਤੇ ਫਿਰ ਬੇਕਾਰ ਹੋ ਜਾਂਦੀਆਂ ਹਨ। ਇਸ ਕਾਰਨ ਕਾਗਜ਼ਾਂ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ। ਕਾਗਜ਼ ਬਰਬਾਦ ਕਰਨ ਦੀ ਬਜਾਏ, ਜਦੋਂ ਬਿਲਕੁਲ ਜ਼ਰੂਰੀ ਹੋਵੇ ਤਾਂ ਹੀ ਪ੍ਰਿੰਟਆਊਟ ਲੈਣਾ ਬਿਹਤਰ ਹੈ।

**ਮੁੜ ਵਰਤੋਂਯੋਗ ਕੰਟੇਨਰਾਂ ਦੀ ਵਰਤੋਂ ਕਰੋ**

ਇੱਕ ਬੋਤਲ ਜਾਂ ਕੰਟੇਨਰ ਦੀ ਵਰਤੋਂ ਕਰੋ ਜਿਸਨੂੰ ਕਈ ਵਾਰ ਧੋਇਆ ਅਤੇ ਦੁਬਾਰਾ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਬਾਜ਼ਾਰ ਵਿੱਚ ਉਪਲਬਧ ਪਲਾਸਟਿਕ ਦੀਆਂ ਬੋਤਲਾਂ ਦੀ ਬਜਾਏ, ਆਪਣੀ ਖੁਦ ਦੀ ਬੋਤਲ ਲੈ ਕੇ ਜਾਓ ਅਤੇ ਵਾਰ-ਵਾਰ ਪਾਣੀ ਨਾਲ ਭਰੋ।

**ਬਿਜਲੀ ਬਚਾਓ**

ਆਮ ਤੌਰ 'ਤੇ ਵਰਤੇ ਜਾਂਦੇ ਬਲਬਾਂ ਨੂੰ ਊਰਜਾ-ਕੁਸ਼ਲ ਲਾਈਟ ਬਲਬਾਂ ਨਾਲ ਬਦਲੋ। ਇਹ ਲੰਬੇ ਸਮੇਂ ਤੱਕ ਚੱਲਦੇ ਹਨ। ਜਦੋਂ ਤੁਸੀਂ ਟੀਵੀ, ਲਾਈਟਾਂ ਜਾਂ ਹੋਰ ਇਲੈਕਟ੍ਰਾਨਿਕ ਚੀਜ਼ਾਂ ਦੀ ਵਰਤੋਂ ਨਹੀਂ ਕਰ ਰਹੇ ਹੋ, ਤਾਂ ਉਹਨਾਂ ਨੂੰ ਬੰਦ ਕਰ ਦਿਓ।



**ਪਾਣੀ ਬਚਾਓ**

ਅਸੀਂ ਬਹੁਤ ਸਾਰਾ ਪਾਣੀ ਵੀ ਬਰਬਾਦ ਕਰਦੇ ਹਾਂ। ਜਦੋਂ ਤੁਸੀਂ ਆਪਣੇ ਦੰਦ ਬੁਰਸ਼ ਕਰ ਰਹੇ ਹੋ, ਤਾਂ ਪਾਣੀ ਦੀ ਟੂਟੀ ਬੰਦ ਕਰ ਦਿਓ। ਜਦੋਂ ਤੱਕ ਤੁਸੀਂ ਨਹਾਉਣ ਲਈ ਤਿਆਰ ਨਹੀਂ ਹੋ ਜਾਂਦੇ, ਉਦੋਂ ਤੱਕ ਸ਼ਾਵਰ ਨਾ ਚਲਾਓ। ਬਰਤਨ ਧੋਣ ਵੇਲੇ ਪਾਣੀ ਦੀ ਬਰਬਾਦੀ ਨਾ ਕਰੋ।

**ਕਾਰ ਦੀ ਵਰਤੋਂ ਘੱਟ ਤੋਂ ਘੱਟ ਕਰੋ**

ਵਾਹਨ ਵਾਤਾਵਰਨ ਲਈ ਹਾਨੀਕਾਰਕ ਹਨ। ਜਨਤਕ ਆਵਾਜਾਈ, ਪੈਦਲ, ਜਾਂ ਸਾਈਕਲ ਚਲਾਉਣਾ ਬਿਹਤਰ ਵਿਕਲਪ ਹਨ ਜੋ ਵਾਤਾਵਰਣ ਦੇ ਨਾਲ-ਨਾਲ ਤੁਹਾਡੇ ਬਜਟ ਵਿੱਚ ਵੀ ਮਦਦ ਕਰਦੇ ਹਨ। ਇਸ ਤੋਂ ਇਲਾਵਾ ਤੁਹਾਨੂੰ ਵਰਕਆਊਟ ਵੀ ਮਿਲਦਾ ਹੈ। ਇਸ ਤੋਂ ਇਲਾਵਾ ਤੁਸੀਂ ਕਾਰ ਪੂਲ ਦੀ ਵਰਤੋਂ ਵੀ ਕਰ ਸਕਦੇ ਹੋ, ਇਸ ਨਾਲ ਪੈਟਰੋਲ ਦੀ ਬਚਤ ਹੋਵੇਗੀ ਅਤੇ ਪੈਸੇ ਵੀ ਘੱਟ ਹੋਣਗੇ।

**ਸ਼ਾਕਾਹਾਰੀ ਖਾਓ**

ਆਪਣੀ ਖੁਰਾਕ ਵਿੱਚੋਂ ਮੀਟ, ਮੱਛੀ ਜਾਂ ਡੇਅਰੀ ਉਤਪਾਦਾਂ ਨੂੰ ਹਟਾਓ। ਅਜਿਹਾ ਕਰਨ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਅਤੇ ਊਰਜਾ ਦੀ ਖਪਤ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਇਸ ਤੋਂ ਇਲਾਵਾ, ਤੁਸੀਂ ਦੁਬਾਰਾ ਵਰਤੋਂ ਯੋਗ ਮਾਸਕ ਦੀ ਵਰਤੋਂ ਕਰ ਸਕਦੇ ਹੋ। ਡਿਸਪੋਜ਼ੇਬਲ ਮਾਸਕ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਇੱਕ ਵਾਰ ਪਹਿਨ ਕੇ ਸੁੱਟ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਇਸ ਦਾ ਅਸਰ ਜੰਗਲੀ ਜੀਵ ਜੰਤੂਆਂ 'ਤੇ ਵੀ ਪੈ ਰਿਹਾ ਹੈ।



## ਜੰਗਲਾਂ ਨੂੰ ਅੱਗ ਲੱਗਣ ਲਈ ਜ਼ਿੰਮੇਵਾਰ ਕੌਣ ?

ਅੰਮ੍ਰਿਤ ਚੰਦਰਾ

ਨੈਣੀਤਾਲ ਦੇ ਜੰਗਲਾਂ ਨੂੰ ਲੰਘੇ ਦਿਨੀਂ ਅੱਗ ਲੱਗਣ ਦੀ ਘਟਨਾ ਕਾਰਨ ਜੰਗਲਾਂ ਨੂੰ ਅੱਗ ਲੱਗਣ ਦਾ ਮੁੱਦਾ ਗਰਮਾਅ ਗਿਆ ਹੈ। ਆਮ ਤੌਰ 'ਤੇ ਅੱਗ ਨੂੰ ਬਾਲਣ, ਆਕਸੀਜਨ ਅਤੇ ਗਰਮੀ ਦੀ ਲੋੜ ਹੁੰਦੀ ਹੈ। ਜਦੋਂ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਤਾਂ ਇੱਕ ਛੋਟੀ ਜਿਹੀ ਚੰਗਿਆੜੀ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀ ਜੰਗਲਾਂ ਵਿੱਚੋਂ ਲੰਘਣ ਵਾਲੇ ਰੇਲਵੇ ਪਟੜੀਆਂ ਅਤੇ ਰੇਲ ਗੱਡੀਆਂ ਦੇ ਪਹੀਆਂ ਨੂੰ ਰਗੜਨ ਕਾਰਨ ਪੈਦਾ ਹੋ ਸਕਦੀ ਹੈ। ਕਈ ਵਾਰ ਸੁੱਕੇ ਦਰੱਖਤਾਂ ਦੀਆਂ ਟਾਹਣੀਆਂ ਇੱਕ ਦੂਜੇ ਨਾਲ ਰਗੜਦੀਆਂ ਹਨ ਅਤੇ ਚੰਗਿਆੜੀਆਂ ਪੈਦਾ ਕਰਦੀਆਂ ਹਨ ਅਤੇ ਜੰਗਲ ਦੀ ਭਿਆਨਕ ਅੱਗ ਦਾ ਕਾਰਨ ਬਣ ਜਾਂਦੀਆਂ ਹਨ। ਸੂਰਜ ਦੀਆਂ ਤੇਜ਼ ਕਿਰਨਾਂ ਵੀ ਅੱਗ ਨੂੰ ਉਤਸ਼ਾਹਿਤ ਕਰਦੀਆਂ ਹਨ।

ਜੰਗਲ ਦੀ ਅੱਗ ਲਈ ਆਮ ਤੌਰ 'ਤੇ ਮਨੁੱਖੀ ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ। ਕਈ ਵਾਰ, ਜੋ ਲੋਕ ਜੰਗਲ ਵਿੱਚ ਸੈਰ ਕਰਨ, ਫੋਟੋਗ੍ਰਾਫੀ ਲਈ ਜਾਂ ਕਿਸੇ ਖੋਜ ਲਈ ਜਾਂਦੇ ਹਨ, ਉਹ ਅਚਾਨਕ ਕੈਂਪ ਫਾਇਰ, ਬਲਦੀ ਸਿਗਰੇਟ, ਜਾਨਵਰਾਂ ਨੂੰ ਡਰਾਉਣ ਲਈ ਵਰਤੇ ਜਾਂਦੇ ਪਟਾਕੇ, ਜਾਂ ਮਾਚਿਸ ਦੀਆਂ ਸਟਿਕਾਂ ਨੂੰ ਸਾੜ ਦਿੰਦੇ ਹਨ। ਇਸ ਨਾਲ ਜੰਗਲ ਦੀ ਅੱਗ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਦੇ ਨਾਲ ਹੀ, ਜਦੋਂ ਇੱਕ ਵਾਰ ਜੰਗਲ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਉੱਥੇ ਵਗਣ ਵਾਲੀ ਖੁੱਲ੍ਹੀ ਹਵਾ ਇਸ ਨੂੰ ਹੋਰ ਵਧਾ ਦਿੰਦੀ ਹੈ। ਤੇਜ਼ ਹਵਾ ਹੋਵੇ ਤਾਂ ਅੱਗ ਬੜੀ ਤੇਜ਼ੀ ਨਾਲ ਜੰਗਲ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ।

ਕਈ ਵਾਰ ਜੰਗਲ ਦੀ ਅੱਗ ਲਈ ਵੀ ਜੰਗਲ ਹੀ ਜ਼ਿੰਮੇਵਾਰ ਹੁੰਦੇ ਹਨ। ਅਸਲ ਵਿੱਚ ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ ਤਾਂ ਰੁੱਖਾਂ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ। ਇਹ ਸੁੱਕੀਆਂ ਟਹਿਣੀਆਂ ਆਸਾਨੀ ਨਾਲ ਅੱਗ ਫੜ ਲੈਂਦੀਆਂ ਹਨ। ਢਲਾਣ ਵਾਲੇ ਜੰਗਲਾਂ ਵਿੱਚ ਅੱਗ ਜ਼ਿਆਦਾ ਤੇਜ਼ੀ ਨਾਲ ਫੈਲਦੀ ਹੈ। ਅਸਲ ਵਿੱਚ ਅਜਿਹੇ ਜੰਗਲਾਂ ਵਿੱਚ ਅੱਗ ਪਹਿਲਾਂ ਸੁੱਕੇ ਘਾਹ ਵਿੱਚ ਫੈਲਦੀ ਹੈ ਅਤੇ ਫਿਰ ਰੁੱਖਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ। ਜੇਕਰ ਜੰਗਲ 'ਚ ਸੁੱਕਾ ਬਾਲਣ ਬਹੁਤ ਜ਼ਿਆਦਾ ਹੋ ਜਾਵੇ ਤਾਂ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੇਜ਼ੀ ਨਾਲ ਬਦਲਦਾ ਮੌਸਮ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਦਰਅਸਲ, ਘੱਟ ਬਰਸਾਤ, ਸੋਕੇ ਵਰਗੀਆਂ ਸਥਿਤੀਆਂ, ਬਹੁਤ ਜ਼ਿਆਦਾ ਗਰਮੀ ਦੀਆਂ ਲਹਿਰਾਂ ਅਤੇ ਅਤਿ ਦੀ ਗਰਮੀ ਜੰਗਲਾਂ ਦੀ ਅੱਗ ਲਈ ਜ਼ਿੰਮੇਵਾਰ ਹਨ। ਜਲਵਾਯੂ ਪਰਿਵਰਤਨ ਦੇ ਨਾਲ, ਇਹੋ ਜਿਹੇ ਹਾਲਾਤ ਪੈਦਾ ਹੋ ਰਹੇ ਹਨ. ਕੁਦਰਤ ਦੇ ਵੱਧ ਰਹੇ ਸ਼ੋਸ਼ਣ ਕਾਰਨ ਵਾਤਾਵਰਣ ਦਾ ਸੰਤੁਲਨ ਵਿਗੜ ਗਿਆ ਹੈ। ਕੁਝ ਥਾਵਾਂ 'ਤੇ ਜ਼ਿਆਦਾ ਮੀਂਹ ਪੈ ਰਿਹਾ ਹੈ ਅਤੇ ਕਈ ਥਾਵਾਂ 'ਤੇ ਘੱਟ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਤਾਪਮਾਨ ਵੀ ਵੱਧ ਰਿਹਾ ਹੈ। ਇਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦਾ ਖਤਰਾ ਵੱਧ ਰਿਹਾ ਹੈ।



ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੰਗਲ ਦੀ ਇਸ ਵਿਸ਼ਾਲ ਅੱਗ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਮਾਹਰ ਅੱਗ ਲੱਗਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਵਿਸ਼ੇਸ਼ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਟੂਲ ਤਾਪਮਾਨ, ਹਵਾ ਦੀ ਗਤੀ ਵਰਗੇ ਮਾਪਦੰਡਾਂ ਦੀ ਜਾਂਚ ਕਰਦਾ ਹੈ। ਇਹ ਮਾਪਦੰਡ ਖਤਰਨਾਕ ਪੱਧਰ ਤੱਕ ਪਹੁੰਚਣ ਤੋਂ ਪਹਿਲਾਂ ਅੱਗ ਨੂੰ ਰੋਕਣ ਦੇ ਯਤਨ ਕੀਤੇ ਜਾਂਦੇ ਹਨ। ਇਸ ਤਹਿਤ ਜੰਗਲਾਂ ਵਿੱਚ ਟੋਏ ਪੁੱਟੇ ਜਾਂਦੇ ਹਨ ਤਾਂ ਜੋ ਅੱਗ ਨਾ ਫੈਲੇ। ਨਾਲ ਹੀ, ਉਹ ਸਾਰੀਆਂ ਚੀਜ਼ਾਂ ਜੋ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ, ਜੰਗਲਾਂ ਵਿੱਚੋਂ ਹਟਾ ਦਿੱਤੀਆਂ ਜਾਂਦੀਆਂ ਹਨ।

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਸੁਖਜੀਤ

# ਸਤਾਈ ਮੀਲ



ਉਸ ਨੇ ਨਜ਼ਰ ਘੁਮਾਈ ਤੇ ਹੈਰਾਨ ਰਹਿ ਗਿਆ। ਉਹ ਟੂਟੀ ਕੋਲ ਖੜ੍ਹੀ ਹੈ। ਅਜੇ ਹੁਣੇ ਤਾਂ ਉਸ ਨੇ ਵੇਖਿਆ ਸੀ ਉਹਨੂੰ ਕਮਰੇ 'ਚ ਵੜਦੀ ਨੂੰ, ਤੇ ਫਿਰ ਇੰਨੀ ਛੇਤੀ...? ਗੱਲ ਹੈਰਾਨੀ ਵਾਲੀ ਹੈ, ਭਾਵੇਂ ਪਿਛਲੇ ਕਿੰਨੇ ਹੀ ਸਮੇਂ ਤੋਂ ਉਸ ਨੇ ਹੈਰਾਨ ਹੋਣਾ ਛੱਡ ਦਿੱਤਾ ਸੀ। ਹੈਰਾਨ ਹੋਣਾ ਅਣਜਾਣਪੁਣੇ ਦੀ ਨਿਸ਼ਾਨੀ ਹੈ ਤੇ ਉਹ ਹੁਣ ਅਣਜਾਣ ਨਹੀਂ ਰਿਹਾ ਸੀ। ਪਹਿਲਾਂ ਤਾਂ ਉਹ ਜਦੋਂ ਨਵਾਂ-ਨਵਾਂ ਦਿੱਲੀ ਆਇਆ ਸੀ ਤਾਂ ਉਚੀਆਂ-ਉਚੀਆਂ ਬਿਲਡਿੰਗਾਂ, ਮੋਟਰਾਂ-ਕਾਰਾਂ ਦੀਆਂ ਲੰਮੀਆਂ ਕਤਾਰਾਂ ਜਾਂ ਅੱਧਨੰਗੀਆਂ ਔਰਤਾਂ ਵੇਖ ਕੇ ਹੀ ਹੈਰਾਨ ਹੋ ਜਾਂਦਾ ਹੁੰਦਾ ਸੀ।

ਦਿੱਲੀ ਉਹ ਆ ਵੀ ਅਚਾਨਕ ਹੀ ਗਿਆ ਸੀ। ਇਕਦਮ। ਪਿੰਡ ਕਿਸੇ ਜ਼ਮੀਨੀ ਝਗੜੇ 'ਚ ਉਹਦੇ ਕੋਲੋਂ ਗੋਲੀ ਚੱਲ ਗਈ ਸੀ। ਮਰਿਆ ਭਾਵੇਂ ਕੋਈ ਨਹੀਂ ਸੀ ਪਰ ਉਹ ਲਸੰਸੀ ਰਾਈਫਲ ਸਮੇਤ 'ਅੰਦਰ' ਹੋ ਗਿਆ ਸੀ। ਇਤਫਾਕਵੱਸ ਗੁਰਮੁਖ ਸਿੰਘ ਐਮ.ਪੀ. ਪਿੰਡ ਗਏ ਹੋਏ ਸਨ। ਗੁਰਮੁਖ ਸਿੰਘ ਐਮ.ਪੀ. ਉਨ੍ਹਾਂ ਦੇ ਪਿੰਡ ਦੇ ਹੀ ਨੇ ਪਰ ਕਈ ਵਰ੍ਹਿਆਂ ਤੋਂ ਦਿੱਲੀ ਰਹਿ ਰਹੇ ਸਨ। ਐਮ.ਪੀ. ਸਾਹਿਬ ਨੇ ਉਸ ਨੂੰ ਬਾਹਰ ਕਢਾ ਲਿਆ ਤੇ ਦੋਹਾਂ ਧਿਰਾਂ ਦਾ ਰਾਜ਼ੀਨਾਮਾ ਕਰਾ ਦਿੱਤਾ ਸੀ। ਉਹ ਐਮ.ਪੀ. ਸਾਹਿਬ ਦਾ ਅਹਿਸਾਨਮੰਦ ਤਾਂ ਹੋ ਹੀ ਗਿਆ ਸੀ, ਪਰ ਜਦੋਂ ਉਨ੍ਹਾਂ ਕਿਹਾ, ਕਰਨੈਲ, ਜੱਟ ਖੌਰ ਨਹੀਂ ਗਵਾਉਂਦਾ। ਤੂੰ ਚਾਰ ਦਿਨ ਪਾਸੇ ਹੋ ਜਾ। ਜਾਂ ਇਓਂ ਕਰ, ਮੇਰੇ ਨਾਲ ਦਿੱਲੀ ਚਲਾ ਚੱਲ। ਇੰਨੇ ਸਨੇਹ ਨੇ ਜਿਵੇਂ ਉਸ ਨੂੰ ਮੁੱਲ ਲੈ ਲਿਆ ਹੋਵੇ। ਉਂਝ ਵੀ ਕੈਲੇ ਨੂੰ ਪਹਿਲੀ ਵਾਰ ਕਿਸੇ ਨੇ ਕਰਨੈਲ ਕਿਹਾ ਸੀ। ਇਉਂ ਜੁਆਨ ਤੇ ਦਲੇਰ ਕਰਨੈਲ, ਆਪਣੀ ਰਾਇਫਲ ਸਮੇਤ ਐਮ.ਪੀ. ਸਾਹਿਬ ਨਾਲ ਦਿੱਲੀ ਆ ਗਿਆ ਸੀ। ਉਨ੍ਹਾਂ ਚਾਰ ਦਿਨਾਂ ਨੂੰ ਚਾਰ ਵਰ੍ਹੇ ਹੋਣ ਲੱਗੇ ਨੇ ਪਰ ਉਹ ਪਿੰਡ ਨਹੀਂ ਪਰਤ ਸਕਿਆ।

ਉਹ ਪਾਣੀ ਲੈ ਕੇ ਅੰਦਰ ਜਾ ਰਹੀ ਹੈ। ਉਹਦੀ ਤੋਰ ਵੇਖ ਕੇ ਉਹ ਅਚੰਭੇ 'ਚ ਪੈ ਗਿਆ। ਉਹ ਭੱਜਣ ਵਾਂਗੂੰ ਤੁਰ ਰਹੀ ਹੈ, ਪਰ ਸੁਭਾਵਿਕ। ਰਸੋਈ 'ਚ ਪਾਣੀ ਰੱਖ ਉਹ ਬਾਹਰ ਆਈ, ਉਸੇ ਚਾਲ ਨਾਲ। ਉਹ ਹੈਰਾਨ ਖੜ੍ਹਾ ਹੈ। ਛੱਤ ਦੇ ਇੱਕ ਸਿਰੇ ਰਸੋਈ ਹੈ। ਵਿਚਕਾਰ ਦੋ ਕਮਰੇ। ਫਿਰ ਵਿਹੜਾ ਤੇ ਦੂਜੇ ਸਿਰੇ ਟੂਟੀ। ਦੋਹਾਂ ਸਿਰਿਆਂ 'ਤੇ ਸਰੀਏ ਲੱਗੇ ਨੇ ਤੇ ਟੂਟੀ ਤੋਂ ਰਸੋਈ ਤੱਕ ਇਨ੍ਹਾਂ ਨਾਲ ਰੱਸੀਆਂ ਬੰਨ੍ਹੀਆਂ ਹੋਈਆਂ ਨੇ, ਜਿਵੇਂ ਉਨ੍ਹਾਂ ਦੇ ਪਿੰਡ ਰੱਬੀ ਜੁਲਾਹੇ ਦੀ ਤਾਣੀ ਹੁੰਦੀ ਸੀ। ਤਣੀਆਂ 'ਤੇ ਕੱਚੇ ਸੂਤ ਵਰਗੀ ਪਸ਼ਮ ਹੈ ਸ਼ਾਇਦ, ਜੋ ਧੋ ਕੇ ਸੁੱਕਣੀ ਪਾਈ ਹੋਈ ਹੈ।

ਉਹ ਤਣੀਆਂ, ਟੂਟੀ, ਰਸੋਈ ਤੇ ਕਮਰੇ ਦਰਮਿਆਨ ਘੁੰਮ ਰਹੀ ਹੈ।

ਕਰਨੈਲ ਨੇ ਮਹਿਸੂਸ ਕੀਤਾ ਕਿ ਉਹਨੇ ਮੁੜਦੀ ਨੇ ਉਹਨੂੰ ਵੇਖ ਲਿਆ ਹੈ। ਉਂਝ ਉਹ ਵੀ ਆਪਣੇ ਸੁਭਾਅ ਤੋਂ ਉਲਟ, ਉਹਨੂੰ ਕਾਫ਼ੀ ਦੇਰ ਤੋਂ ਦੇਖ ਰਿਹਾ ਹੈ। ਸੁਭਾਅ ਉਹਦਾ ਸੰਗਾਊ ਹੈ। ਸ਼ਰਧਾਵੱਸ, ਆਉਣ ਵੇਲੇ ਜਿਹੜਾ ਪ੍ਰਭਾਵ ਉਹਨੇ ਆਪਣਾ ਸਾਹਿਬ ਦੇ ਘਰ ਬਣਾ ਲਿਆ ਸੀ, ਚਾਰ ਵਰ੍ਹੇ ਦਿੱਲੀ 'ਚ ਰਹਿ ਕੇ ਵੀ ਉਹੋ ਜਿਹਾ ਹੀ ਉਹ ਹੁਣ ਵੀ ਹੈ। ਸਾਊ, ਸ਼ਰਾਬ ਨਾ ਪੀਣ ਵਾਲਾ, ਆਵਾਗੌਣ ਬਾਜ਼ਾਰ ਨਾ ਜਾਣ ਵਾਲਾ ਕਰਨੈਲ, ਸਾਹਿਬ ਦੇ ਘਰ ਚੰਗਾ ਮੁੰਡਾ ਕਰ ਕੇ ਜਾਣਿਆ ਜਾਂਦਾ ਹੈ। ਉਹ ਆਮ ਕਰ ਕੇ ਨੀਵੀਂ ਪਾ ਕੇ ਰੱਖਦਾ ਹੈ ਤੇ ਉਸ ਦੀ ਇਸ ਨੀਵੀਂ 'ਚੋਂ ਦੇਖਣ ਦੀ ਆਦਤ ਨੇ ਉਹਦਾ ਬਹੁਤ ਵੱਡਾ ਫਾਇਦਾ ਕੀਤੈ ਕਿ ਦੇਖਣ ਵਾਲੇ ਨੂੰ ਉਹ ਦੇਖਦਾ ਨਹੀਂ ਦਿਸਦਾ। ਉਹ ਬਿਨਾਂ ਗਰਦਨ ਉਠਾਇਆਂ ਤੇ ਘੁਮਾਇਆਂ ਆਸੇ-ਪਾਸੇ ਚੰਗੀ ਤਰ੍ਹਾਂ ਵੇਖ ਲੈਂਦਾ ਹੈ।

ਉਹ ਉਥੋਂ ਹਟਿਆ ਤੇ ਇਕ ਨੁੱਕਰ ਸੰਤਰੀ ਕੋਲ ਜਾ ਖੜ੍ਹਾ ਹੋਇਆ। ਪੁਲਿਸ ਵਾਲਾ ਸਾਵਧਾਨ ਹੋ ਗਿਆ। ਸਾਹਿਬ ਦੀ ਗਾਰਦ ਉਹਦਾ ਪੂਰਾ ਸਤਿਕਾਰ ਕਰਦੀ ਹੈ। ਉਹਦੇ ਰਾਹੀਂ ਹੀ ਛੁੱਟੀ, ਤਰੱਕੀ ਜਾਂ ਕੋਈ ਹੋਰ ਕੰਮ ਦੀ ਗੱਲ ਸਾਹਿਬ ਕੋਲ ਪਹੁੰਚਦੀ ਹੈ ਉਨ੍ਹਾਂ ਦੀ। ਉਹ ਉਥੋਂ ਵੀ ਹਟ ਗਿਆ। ਚੋਰ ਅੱਖ ਨਾਲ ਵੇਖਿਆ, ਉਹ ਵਿਹੜੇ ਵਿਚਲੀ ਤਣੀ 'ਤੇ ਧਾਗੇ ਜਿਹੇ ਖਿਲਾਰ ਰਹੀ ਹੈ। ਉਸ ਨੂੰ ਸਮਝ ਨਾ ਆਈ ਕਿ ਕਿਹੜੇ ਵੇਲੇ ਧੋ ਕੇ ਲੈ ਆਈ ਹੈ। ਇੰਨੀ ਫੁਰਤੀ ਉਹਨੇ ਕਦੇ ਨਹੀਂ ਵੇਖੀ। ਵੇਖੀ ਤਾਂ ਇਹ ਕੁੜੀ ਵੀ ਨਹੀਂ ਪਹਿਲਾਂ ਇੱਥੇ। ਸ਼ਾਇਦ ਉਹਨੇ ਧਿਆਨ ਨਾ ਦਿੱਤਾ ਹੋਵੇ ਪਰ ਨਹੀਂ, ਧਿਆਨ ਤਾਂ ਉਹ ਪੂਰਾ ਰੱਖਦਾ ਹੈ ਆਲੇ-ਦੁਆਲੇ ਦਾ। ਨਾਲੇ ਉਹ ਰਹਿੰਦਾ ਹੀ ਕੋਠੀ ਦੀ ਉਤਲੀ ਛੱਤ 'ਤੇ ਹੈ ਜ਼ਿਆਦਾ ਕਰ ਕੇ। ਇਸ ਤ੍ਰੈ-ਮੰਜ਼ਲੀ ਕੋਠੀ ਦੀ ਉਪਰਲੀ ਮੰਜ਼ਿਲ 'ਤੇ ਹੀ ਤਾਂ ਸਾਹਿਬ ਦਾ ਕਮਰਾ ਹੈ ਜਿਸ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਤੇ ਉਨ੍ਹਾਂ ਘੱਟ ਲੋਕਾਂ 'ਚੋਂ ਕਰਨੈਲ ਇੱਕ ਹੈ। ਆਏ ਗਏ ਨੂੰ ਸਾਹਿਬ ਹੇਠਲੇ ਕਮਰੇ 'ਚ ਹੀ ਮਿਲਦੇ ਨੇ। ਮਿਲਣ ਆਇਆਂ ਤੋਂ ਕਰਨੈਲ, ਸਾਹਿਬ ਦੇ ਕੋਲ ਹੁੰਦਾ ਹੈ ਸਦਾ। ਸਾਹਿਬ ਵਾਲਾ ਰਿਵਾਲਵਰ ਹਮੇਸ਼ਾ ਉਹਦੇ ਲੱਕ ਨਾਲ ਬੱਝਾ ਰਹਿੰਦਾ ਹੈ। ਰਿਵਾਲਵਰ ਉਹ ਨਹਾਉਣ ਵੇਲੇ ਹੀ ਉਤਾਰਦੈ। ਉਦੋਂ ਜਾਪਦੈ ਜਿਵੇਂ ਉਸ ਨੇ ਆਪਣਾ ਕੋਈ ਅੰਗ ਲਾਹ ਕੇ ਰੱਖ ਦਿੱਤਾ ਹੋਵੇ। ਰਾਇਫਲ ਉਹ ਦੌਰੇ ਵੇਲੇ ਹੀ ਨਾਲ ਲਿਜਾਂਦਾ ਹੈ।

ਉਸ ਨੂੰ ਯਾਦ ਆਇਆ ਕਿ ਸਾਹਮਣੇ ਮਕਾਨ ਦੀ ਇੱਕ ਮੰਜ਼ਿਲ ਕਾਫੀ ਲੰਬੇ ਸਮੇਂ ਤੋਂ ਖਾਲੀ ਪਈ ਸੀ। ਸਾਹਿਬ ਨਾਲ ਬਾਹਰ ਗਿਆ ਉਹ ਕੱਲ੍ਹ ਹੀ ਪਰਤਿਆ ਹੈ। ਉਨ੍ਹਾਂ ਦਿਨਾਂ ਦੌਰਾਨ ਹੀ ਕੋਈ ਨਵਾਂ ਕਿਰਾਏਦਾਰ ਆਇਐ ਸ਼ਾਇਦ। ਕੋਈ ਬੱਚਾ ਵਗੈਰਾ ਨਹੀਂ ਦਿਸਦਾ। ਬੱਸ, ਉਹੀ ਕੁੜੀ ਸਤਾਈ-ਅਠਾਈ ਵਰ੍ਹਿਆਂ ਦੀ, ਵਿਆਹੀ ਹੋਈ ਜਾਪਦੀ ਹੈ।

ਆਲੇ-ਦੁਆਲੇ ਦੀਆਂ ਛੱਤਾਂ 'ਤੇ ਸੁਰੱਖਿਆ ਪੱਖੋਂ ਭਾਵੇਂ ਉਹ ਅਕਸਰ ਗੌਰ ਕਰਦਾ ਰਹਿੰਦੈ ਪਰ ਜਾਪਿਆ ਜਿਵੇਂ ਇੱਧਰ ਉਹ ਜ਼ਿਆਦਾ ਹੀ ਧਿਆਨ ਦੇ ਰਿਹੈ। ਹਟਦਿਆਂ-ਹਟਦਿਆਂ ਉਸ ਨੇ ਵੇਖਿਆ ਕਿ ਉਹ ਸਬਜ਼ੀ ਲੈ ਕੇ ਟੂਟੀ ਵੱਲ ਜਾ ਰਹੀ ਹੈ। ਕਰਨੈਲ ਨੂੰ ਅਹਿਸਾਸ ਹੋਇਆ ਕਿ ਸ਼ਾਮ ਹੋ ਗਈ ਹੈ। ਸਬਜ਼ੀ ਵੇਖ ਕੇ ਉਹਦੇ ਜੀਅ ਵਿੱਚ ਆਇਆ ਕਿ ਹੇਠਾਂ ਜਾ ਕੇ ਬੀਬੀ ਜੀ ਨੂੰ ਪੁੱਛੇ, ਆਪਾਂ ਕੀ ਧਰਨੈ ਅੱਜ? ਪਰ ਕਈ ਵਰ੍ਹਿਆਂ ਤੋਂ ਉਹ ਇਹ ਗੱਲ ਸੋਚਦਾ ਹੀ ਹੈ, ਪੁੱਛ ਨਹੀਂ ਸਕਿਆ ਕਦੇ ਵੀ। ਉਦੋਂ ਉਹਨੂੰ ਘਰ ਬਹੁਤ ਯਾਦ ਆਉਂਦਾ ਹੈ। ਉਦੋਂ ਹੋਰ ਵੀ, ਜਦੋਂ ਐਮ.ਪੀ. ਸਾਹਿਬ ਦੇ ਦੋਵੇਂ ਲੜਕੇ ਤੇ ਲੜਕੀ ਪੁੱਛਦੇ ਨੇ, ਆਜ ਕਿਆ ਬਨਾ ਰਹੇ ਹੈਂ ਮੰਮ...?

ਇਹ ਤਿੰਨੋਂ ਉਹਦੇ ਪਿੰਡ ਦੀਆਂ ਗਲੀਆਂ 'ਚ ਖੇਡਦੇ ਰਹੇ ਨੇ ਪਰ ਹੁਣ ਦਿੱਲੀ ਦੀ ਬੋਲੀ ਬੋਲਦੇ ਨੇ। ਘਰ ਉਸ ਨੂੰ ਯਾਦ ਤਾਂ ਬਹੁਤ ਵਾਰੀ ਬਹੁਤ ਹੀ ਆਉਂਦੈ,ਪਰ ਉਹ ਚਾਹੁੰਦਾ ਹੋਇਆ ਵੀ ਉਸ ਘਰ ਨਹੀਂ ਜਾ ਸਕਦਾ।

ਪਿੰਡ ਵਿੱਚ ਬੜੀ ਟੌਹਰ ਹੈ ਉਸ ਦੀ। ਉਹਦੇ ਘਰਦੇ ਐਮ.ਪੀ. ਸਾਹਿਬ ਦੇ ਖਾਸ ਬੰਦਿਆਂ 'ਚੋਂ ਗਿਣੇ ਜਾਂਦੇ ਨੇ। ਉਹਦੇ ਭਰਾ ਬਿਨਾਂ ਕਾਗਜ਼ਾਂ ਤੋਂ ਮੋਟਰਸਾਈਕਲ ਦੁੜਾਈ ਫਿਰਦੇ ਨੇ। ਨਿੱਕੀ ਮੋਟੀ ਲੜਾਈ ਕਰਦੇ ਨੇ। ਪੁਲਿਸ ਕੁਝ ਨਹੀਂ ਕਹਿੰਦੀ। ਪਿੰਡ ਵਿੱਚ ਦੁਸ਼ਮਣ ਦੱਬੇ ਬੈਠੇ ਨੇ। ਪਿੰਡ ਹੁੰਦਿਆਂ ਉਹ ਇੱਕ ਵਾਰੀ ਮੱਕੀ ਦੇ ਖੇਤ ਦੀ ਰਾਖੀ ਬੈਠ ਗਿਆ ਸੀ ਕਿ ਕੋਈ ਛੱਲੀਆਂ ਨਾ ਤੋੜੇ, ਤਾਂ ਉਹਦਾ ਬਾਪੂ ਉਹਨੂੰ ਉਠਾ ਕੇ ਘਰ ਲੈ ਗਿਆ ਸੀ ਤੇ ਕਿਹਾ ਸੀ, 'ਇਉਂ ਸਿਰ੍ਹਾਣੇ ਬੈਠ ਕੇ ਖੇਤਾਂ ਦੀ ਰਾਖੀ ਨਹੀਂ ਹੁੰਦੀ ਪੁੱਤ। ਰਾਖੀ ਤਾਂ ਘਰ ਬੈਠ ਕੇ ਹੁੰਦੀ ਐ।'

ਘਰ ਬੈਠ ਕੇ? ਗੱਲ ਉਹਦੇ ਸਮਝ ਨਹੀਂ ਆਈ ਸੀ।

ਹਾਂ ਘਰ ਬੈਠ ਕੇ...ਜੱਟ ਦਾ ਸੇਕ ਹੋਣਾ ਚਾਹੀਦੈ, ਰੋਅਬ ਚਾਹੀਦੈ ਮੱਲ, ਲੋਕਾਂ ਨੂੰ ਭੈਅ ਹੋਵੇ-ਇਹ ਫਲਾਣੇ ਦਾ ਖੇਤ ਐ ਓਏ।

ਉਹ ਘਰ ਆ ਗਿਆ ਸੀ ਪਰ ਅਸਲੀ ਗੱਲ ਉਹਦੇ ਸਮਝ ਹੁਣ ਆਈ ਹੈ। ਹੁਣ ਉਹਦਾ ਦੂਰ ਬੈਠੇ ਦਾ ਬਹੁਤ ਭੈਅ ਹੈ ਪਿੰਡ 'ਚ। ਉਹਦੇ ਬਾਰੇ ਕਈ ਅਫਵਾਹਾਂ ਨੇ ਕਿ ਐਮ.ਪੀ. ਸਾਹਿਬ ਦੇ ਦੁਸ਼ਮਣਾਂ 'ਚੋਂ ਉਹਨੇ ਇਕੋ ਰਾਤ 'ਚ ਹੀ ਦੋ ਖ਼ਤਮ ਕਰ 'ਤੇ। ਇੱਕ ਪਲਾਟ ਦਾ ਰੌਲਾ ਹੈ ਦਿੱਲੀ 'ਚ ਸਾਹਿਬ ਦਾ। ਉਥੇ ਕਰਨੈਲ ਨੇ ਕੰਧਾਂ ਛਲਣੀ ਕਰਤੀਆਂ ਗੋਲੀਆਂ ਨਾਲ। ਇੱਕ ਜ਼ਮੀਨ ਦਾ ਕਬਜ਼ਾ ਲਿਆ ਐਮ.ਪੀ. ਸਾਹਿਬ ਨੇ, ਉਥੇ ਕਰਨੈਲ ਨੇ ਤਿੰਨ ਬੰਦੇ ਮਾਰ ਕੇ ਜਮਨਾ 'ਚ ਰੋੜ੍ਹ 'ਤੇ, ਬਾਕੀ ਭੱਜ ਗਏ।÷

ਅੰਦਰੋਂ ਸੜਦੇ, ਉਪਰੋਂ ਖ਼ੁਸ਼ ਹੋ ਕੇ ਕਹਿੰਦੇ ਨੇ, ਜੱਟ ਐ ਬਈ ਫੇਰ ਵੀ...। ਨਾਲੇ ਕੀਲਾ ਤਕੜਾ ਹੋਵੇ, ਜੱਟ ਕੀ ਜਾਣਦੈ ਫੇਰ।

ਛੱਤ ਦੇ ਪਰਲੇ ਕੋਨੇ ਵੱਲ ਚਲੀ ਗਈ ਹੈ ਉਹ। ਖੜ੍ਹੀ ਹੈ ਕੁਝ ਛਿਣ। ਦੂਰ ਤੱਕ ਦੇਖ ਕੇ ਪਰਤ ਆਈ ਹੈ, ਜਿਵੇਂ ਪੈਰ ਮੱਚਦੇ ਹੋਣ ਜਾਂ ਕਿਸੇ ਨੂੰ ਉਡੀਕਦੀ ਹੋਵੇ। ਕਰਨੈਲ ਸੋਚਦੈ, ਘਰਵਾਲੇ ਨੂੰ ਉਡੀਕਦੀ ਹੋਊ, ਪਰ ਛੇਤੀ ਹੀ ਖਿਆਲ ਆਉਂਦੈ ਉਹਨੂੰ ਕਿ ਦਿੱਲੀ 'ਚ ਘਰਵਾਲਿਆਂ ਨੂੰ ਕੌਣ ਉਡੀਕਦੈ ਇਸ ਤਰ੍ਹਾਂ? ਦਿੱਲੀ ਅਜਿਹੀ ਉਲਝਣ ਹੈ ਜੋ ਉਸ ਤੋਂ ਕਦੇ ਨਹੀਂ ਸੁਲਝੀ। ਚੰਗੇ ਭਲੇ ਸਾਊ ਦਿਸਦੇ ਬੰਦੇ ਜਿਨ੍ਹਾਂ ਨੂੰ ਜਦੋਂ ਉਹ ਬੋਲਦੇ ਸੁਣਦੈ ਤਾਂ ਦੇਵਤੇ ਹੀ ਲੱਗਦੇ ਨੇ ਪਰ ਜਦ ਉਨ੍ਹਾਂ ਬਾਰੇ ਜਾਣਨ ਲੱਗਦੈ ਤਾਂ...।

ਜਿੱਦਣ ਉਹਨੇ ਐਮ.ਪੀ. ਗੁਰਮੁਖ ਸਿੰਘ ਨੂੰ ਜਾਣਿਆ ਸੀ, ਕਿੰਨਾ ਤੜਫਿਆ ਸੀ। ਬੜੀ ਸ਼ਰਧਾ ਸੀ ਉਨ੍ਹਾਂ ਵਿੱਚ ਉਸ ਦੀ। ਸੁਹਣੀ ਦਸਤਾਰ, ਚੂੜੀਦਾਰ ਪਜਾਮਾ, ਅਚਕਨ, ਮੁਸਕਰਾਹਟ। ਉਹ ਸੋਚਦਾ, ਦੇਵਤੇ ਵੀ ਅਜਿਹੀ ਨਹੀਂ ਹੋਣੇ। ਘਰ 'ਚ ਮਹਾਰਾਜ ਦਾ ਪ੍ਰਕਾਸ਼ ਐ। ਵਾਕ ਲੈਣ ਤੋਂ ਪਹਿਲਾਂ ਕੋਈ ਕੰਮ ਨਹੀਂ ਕਰਦੇ।

ਇੱਕ ਦਿਨ ਉਨ੍ਹਾਂ ਦੀ ਫੈਕਟਰੀ ਵਿਚਲੀ ਯੂਨੀਅਨ ਦਾ ਆਗੂ ਆਇਆ ਸੀ। ਫੈਕਟਰੀ 'ਚ ਹੜਤਾਲ ਚੱਲ ਰਹੀ ਸੀ। ਆਪ ਹੀ ਬੁਲਾਇਆ ਸੀ ਸਾਹਿਬ ਨੇ। ਐਮ.ਪੀ. ਸਾਹਿਬ ਨੇ ਉਸ ਨੂੰ ਸਹਿਯੋਗ ਦੇਣ ਲਈ ਕਿਹਾ ਤਾਂ ਉਹ ਭੜਕ ਉਠਿਆ ਸੀ। ਸਾਹਿਬ ਧੀਰਜ ਨਾਲ ਮੁਸਕਰਾਉਂਦੇ ਹੋਏ ਸਮਝਾ ਰਹੇ ਸਨ ਪਰ ਉਹ ਉਚੀ-ਉਚੀ ਬੋਲਦਾ ਤੇ ਗੁੱਸੇ ਨਾਲ ਗੱਲਾਂ ਕਰਦਾ ਸੀ। ਕਰਨੈਲ ਤੋਂ ਸਹਿ ਨਾ ਹੋਇਆ। ਉਹਨੇ ਉਸ ਮਾੜਚੂ ਜਿਹੇ ਨੂੰ ਗਲਮੇ ਤੋਂ ਫੜ ਲਿਆ। ਧਰਤੀ ਤੋਂ ਪੈਰ ਚੱਕ ਦਿੱਤੇ।

ਸਾਲਿਆ ਤੈਨੂੰ ਬੋਲਣਾ ਸਿਖਾਵਾਂ।

ਆਪਣੀ ਜਗ੍ਹਾ ਤੋਂ ਉਠ ਖੜ੍ਹੇ ਸਨ ਐਮ.ਪੀ. ਸਾਹਿਬ। ਕਰਨੈਲ ਦੀ ਬਾਂਹ ਫੜ ਕੇ ਗੁੱਸੇ ਨਾਲ ਬੋਲੇ ਸਨ, ਪਾਗਲ ਹੋ ਗਿਆ ਏਂ ਕਰਨੈਲ। ਗਰੀਬ ਮਜ਼ਦੂਰ 'ਤੇ ਹੱਥ ਚੁੱਕਦੈਂ...ਸ਼ਰਮ ਨਹੀਂ ਆਉਂਦੀ। ਸਾਹਿਬ ਦਾ ਕੱਦ ਹੋਰ ਉਚਾ ਹੋ ਗਿਆ ਸੀ ਕਰਨੈਲ ਦੀਆਂ ਨਜ਼ਰਾਂ ਵਿੱਚ। ਆਪਣਾ ਗਲਮਾ ਠੀਕ ਕਰਦਾ ਯੂਨੀਅਨ ਵਾਲਾ ਬੋਲਿਆ ਸੀ, ਐਸੇ ਹਾਥ ਨਹੀਂ ਉਠਾਤੇ, ਉਹ ਕਰਨੈਲ ਨੂੰ ਮੁਖਾਤਿਬ ਸੀ, ਹਾਥ ਉਠਾਨਾ ਸਾਹਿਬ ਸੇ ਸੀਖਨਾ।

ਉਹ ਘ੍ਰਿਣਾ ਨਾਲ ਐਮ.ਪੀ. ਸਾਹਿਬ ਵੱਲ ਦੇਖਦਾ ਬਾਹਰ ਨਿਕਲ ਗਿਆ ਸੀ। ਸਾਹਿਬ ਨੇ ਲੰਬਾ ਸਾਹ ਲੈਂਦਿਆਂ ਕਰਨੈਲ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ ਸੀ, 'ਇਹ ਦਿੱਲੀ ਹੈ ਪਿਆਰੇ...।'

ਦੂਜੇ ਦਿਨ ਉਸ ਯੂਨੀਅਨ ਆਗੂ ਦਾ ਐਕਸੀਡੈਂਟ ਹੋ ਗਿਆ ਸੀ।

ਅੱਜ ਕਿਵੇਂ ਸਮਾਧੀ ਲਈ ਊ ਛੋਟੇ ਸਾਹਿਬ ਨੇ। ਹੌਲਦਾਰ ਜੋਗਿੰਦਰ ਹੈ। ਇਹ ਅੰਮ੍ਰਿਤਸਰ ਵੱਲ ਦਾ ਹੈ। ਬਹੁਤ ਦੇਰ ਤੋਂ ਸਾਹਿਬ ਨਾਲ ਗੰਨਮੈਨ ਹੈ। ਸਿਆਣਾ ਹੋਣ ਕਰ ਕੇ ਉਹਨੂੰ 'ਬਾਪੂ' ਆਖਦੇ ਨੇ ਸਾਰੇ।

ਸਮਾਧੀ ਕਾਹਦੀ ਬਾਪੂ, ਬੱਸ ਨਿਰੀਖਣ ਕਰ ਰਿਹਾਂ...। ਉਹਨੇ ਵੀ ਟਿੱਚਰ ਨਾਲ ਜਵਾਬ ਦਿੱਤਾ।

ਅੱਛਾ, ਵੇਖੀ ਫੇਰ ਚਾਲ? ਬਾਪੂ ਨੇ ਕੁਨੱਖਾ ਝਾਕਿਆ।

ਹੈਂ? ਹੈਰਾਨੀ ਨਾਲ ਕਿਹਾ ਕਰਨੈਲ ਨੇ। ਉਂਝ ਜਾਣਦਾ ਸੀ ਉਹ ਕਿ ਬਾਪੂ ਬੜਾ ਘਾਗ ਐ।

ਇਉਂ ਕੀ ਵੇਖਨੈਂ ਪੁੱਤਰਾ! ਅਸੀਂ ਵੀ ਸੁਰੱਖਿਆ ਗਾਰਡ ਆਂ। ਪੂਰਾ ਧਿਆਨ ਰੱਖਦੇ ਆਂ ਆਲੇ-ਦੁਆਲੇ ਦਾ।

ਓਏ ਵਾਹ ਓਏ ਬਾਪੂ। ਕਰਨੈਲ ਵੀ ਹੱਸ ਪਿਆ। ਦੂਜੇ ਕਰਮਚਾਰੀ ਵੀ ਉਪਰ ਆ ਗਏ। ਇਕ ਜਣਾ ਕੰਨ ਕੋਲ ਖਾਜ ਜਿਹੀ ਕਰਦਾ ਬੋਲਿਆ, ਅੱਜ ਡਿਊਟੀ ਐ ਰਾਤ ਨੂੰ ਕਰਨੈਲ ਬਾਈ, ਸਿਹਤ ਕੁਝ ਠੀਕ ਨਹੀਂ।

ਕੋਈ ਨਹੀਂ, ਡਿਊਟੀ ਮੈਂ ਦੇ ਦੂੰਗਾਂ।

ਕਰਨੈਲ ਅਣਜਾਣ ਬਣਦਾ ਬੋਲਿਆ।

ਨਹੀਂ, ਨਹੀਂ...ਤੁਸੀਂ ਊਂਈ ਮਿਹਰਬਾਨੀ ਕਰੋ। ਕਰਨੈਲ ਅੱਗੇ ਹੱਥ ਫੈਲਾ ਉਹ ਆਜ਼ਜੀ ਜਿਹੀ ਨਾਲ ਬੋਲਿਆ।

ਕਰਨੈਲ ਨੇ ਹੱਸਦਿਆਂ ਮੋਮੀ ਕਾਗਜ਼ ਕੱਢਿਆ ਤੇ ਉਹ ਦੇ ਅੱਗੇ ਫੈਲਾ ਦਿੱਤਾ।

ਅਬ ਤੋਂ ਕਰਨੈਲ ਬਾਈ ਪੱਕੇ ਹੋ ਗਏ ਲਗਤੇ ਹੈਂ। ਕਿਸੇ ਹੋਰ ਨੇ ਕਿਹਾ ਤਾਂ ਬਾਪੂ ਝੱਟ ਬੋਲ ਉਠਿਆ, ਓਏ ਨਹੀਂ ਅਜੇ ਨਹੀਂ।

ਅਜੇ ਕਿਉਂ ਨਹੀਂ ਬਾਪੂ? ਕਰਨੈਲ ਨੇ ਟੇਢਾ ਜਿਹਾ ਵੇਖਿਆ।

ਆਹੋ ਅਜੇ ਨਹੀਂ, ਅਜੇ ਤੇ ਤੂੰ ਵਿਖਾਲੇ ਕਰਦੈਂ ਪੁੱਤਰਾ, ਜਿੱਦਣ ਪੱਕਾ ਲੱਗ ਜੇਂਗਾ, ਏਤਰਾਂ ਪ੍ਰਸ਼ਾਦ ਨਹੀਂ ਵਰਤਾਏਂਗਾ।

ਅੱਛਾ! ਹੈਰਾਨੀ ਨਾਲ ਕਿਹਾ ਕਰਨੈਲ ਨੇ। ਆਹੋ ਸਮਝ ਲੈ ਜਦੋਂ ਕੋਈ ਨਸ਼ਾ ਲੁਕਾਣ ਲੱਗ ਪਏ ਤਾਂ ਪੱਕਾ ਹੋ ਗਿਆ।

ਤੇ ਬਾਪੂ ਨੇ ਝਪਟਾ ਮਾਰ ਕੇ ਕਾਗਜ਼ ਕਰਨੈਲ ਦੇ ਹੱਥ ਤੋਂ ਚੁੱਕ ਲਿਆ ਤੇ ਲਪੇਟ ਕੇ ਆਪਣੀ ਜੇਬ 'ਚ ਪਾ ਲਿਆ। ਕਰਨੈਲ ਹੱਸ ਪਿਆ; ਕਿਹਾ ਕੁਝ ਨਾ, ਤਾਂ ਬਾਪੂ ਬੋਲਿਆ, ਵੇਖਿਆ ਪੁੱਤਰਾ, ਜੇ ਹੁੰਦਾ ਨਾ ਪੱਕਾ, ਜਾਨ ਨਿਕਲ ਜਾਂਦੀ ਤੇਰੀ। ਅਜੇ ਕੀ ਕਦਰ ਐ ਤੈਨੂੰ ਨਸ਼ੇ ਦੀ।

ਤੇ ਬਾਪੂ ਜਿਵੇਂ ਜੇਬ 'ਚ ਪਾਉਂਦਾ ਈ ਨਸ਼ਈ ਹੋ ਗਿਆ ਹੋਵੇ।

ਲਾਈਟਾਂ ਜਗ ਪਈਆਂ ਹਨ। ਉਸ ਨੂੰ ਰੋਟੀ ਲਈ ਹਾਕ ਵੱਜੀ ਹੈ। ਜਦੋਂ ਉਹ ਰੋਟੀ ਖਾ ਵਿਹਲਾ ਹੋ ਕੇ ਉਪਰ ਆਇਆ ਤਾਂ ਬਾਪੂ ਛੱਤ 'ਤੇ ਟਹਿਲਦਾ ਹੋਇਆ ਦਿਸਿਆ। ਸਾਹਮਣੇ ਵੇਖਿਆ, ਕੋਈ ਟੂਟੀ 'ਤੇ ਮੂੰਹ-ਹੱਥ ਧੋ ਰਿਹਾ ਸੀ। ਉਹ ਕਮਰੇ 'ਚੋਂ ਨਿਕਲੀ ਤੇ ਤੌਲੀਆ ਰੱਖ ਕੇ ਰਸੋਈ 'ਚ ਜਾ ਵੜੀ। ਚਾਨਣ ਵਿੱਚ ਸਭ ਕੁਝ ਉਵੇਂ ਦਿਸਦਾ ਹੈ, ਦਿਨ ਵਾਂਗੂੰ। ਹੱਥ-ਮੂੰਹ ਪੂੰਝ ਕੇ ਵਿਹੜੇ 'ਚ ਤੁਰੇ ਆਉਂਦੇ ਬੰਦੇ ਨੂੰ ਵੇਖ ਉਹ ਬੁਝ ਜਿਹਾ ਗਿਆ।

ਨਹੀਂ...ਏਸ ਬੰਦੇ ਲਈ ਕੋਈ ਭੱਜ-ਭੱਜ ਚਾਅ ਨਾਲ ਕੰਮ ਨਹੀਂ ਕਰ ਸਕਦਾ, ਕਦੇ ਨਹੀਂ।

ਮਰੀਅਲ ਜਿਹਾ। ਢਿੱਲੀ-ਢਿੱਲੀ ਤੋਰ। ਥੱਕਿਆ-ਥੱਕਿਆ। ਉਸ ਨੇ ਅੰਦਾਜ਼ਾ ਲਾਇਆ, ਮਾਇਆਪੁਰੀ ਦੇ ਗੈਰਜਾਂ 'ਚ ਕੰਮ ਕਰਦਾ ਹੋਊ। ਉਹ ਬਾਪੂ ਕੋਲ ਨੂੰ ਹੋ ਗਿਆ।

ਆਹ ਕੁੜੀ ਕਾਹਦੇ ਸਿਰ 'ਤੇ ਭੱਜੀ ਫਿਰਦੀ ਐ ਬਾਪੂ? ਆਹ ਬੰਦਾ ਤੇ...। ਉਹਨੇ ਸਿਰ ਮਾਰਿਆ।

ਘੋਖਾਂ ਕਰਨ ਲੱਗ ਪਿਐਂ ਕਰਨੈਲ ਸਿਆਂ। ਬਾਪੂ ਹੱਸ ਪਿਆ।

ਸੱਚੀਂ ਬਾਪੂ, ਅੱਜ ਕਿੰਨੇ ਚਿਰ ਤੋਂ ਇਹਨੂੰ ਵੇਖ ਰਿਹਾਂ ਭੱਜੀ ਫਿਰਦੀ ਨੂੰ। ਭੱਜੀ ਕਾਹਨੂੰ, ਉੱਡੀ ਫਿਰਦੀ ਐ ਪਰ ਕਾਹਦੇ ਪਿੱਛੇ...ਐਸ ਬੰਦੇ ਪਿੱਛੇ ਤੇ ਨਹੀਂ...। ਓ ਇਨ੍ਹਾਂ ਮਰਨੀਆਂ ਨੂੰ ਤੇ ਰਿਸ਼ੀ ਮੁਨੀ ਨਹੀਂ ਸਮਝ ਸਕੇ ਪੁੱਤਰਾ, ਤੂੰ-ਮੈਂ ਕੀ ਸ਼ੈਅ ਆਂ। ਨਾਲੇ ਸਮਝ ਕੇ ਕਰਾਂਗੇ ਵੀ ਕੀ? ਬਾਪੂ ਉਦਾਸੀ ਨਾਲ ਬੋਲਿਆ ਤੇ ਚੁੱਪ ਜਿਹਾ ਥੱਲੇ ਤੁਰ ਗਿਆ ਜਿਵੇਂ ਕੋਈ ਜ਼ਖ਼ਮ ਹਰਾ ਹੋ ਗਿਆ ਹੋਵੇ।

ਸੰਤਰੀ ਬਦਲ ਗਿਆ। ਜਾਣ ਵਾਲੇ ਤੇ ਆਉਣ ਵਾਲੇ ਨੇ ਕਰਨੈਲ ਨੂੰ ਰਾਮ-ਰਾਮ ਕੀਤੀ। ਉਹ ਛੱਤ 'ਤੇ ਟਹਿਲਣ ਲੱਗ ਪਿਆ। ਟਹਿਲਦਿਆਂ-ਟਹਿਲਦਿਆਂ ਉਸ ਨੇ ਉਧਰ ਵੇਖਿਆ ਤਾਂ ਉਹ ਕਮਰੇ 'ਚੋਂ ਰਸੋਈ, ਰਸੋਈ 'ਚੋਂ ਕਮਰੇ ਤੇ ਟੂਟੀ 'ਤੇ ਆ-ਜਾ ਰਹੀ ਸੀ, ਉਵੇਂ ਹੀ ਧਾਗਿਆਂ ਦੇ ਨਾਲ-ਨਾਲ। ਵਿੱਚ-ਵਿੱਚ ਆਉਂਦੀ-ਜਾਂਦੀ ਛਿਣ ਭਰ ਰੁਕ ਕੇ ਧਾਗੇ ਫਰੋਲ ਦਿੰਦੀ। ਅਚਾਨਕ ਕਰਨੈਲ ਨੇ ਸੋਚਿਆ, ਇਉਂ ਊਰੀ ਵਾਂਗੂੰ ਘੁੰਮਦੀ ਇਹ ਕਿੰਨਾ ਕੁ ਸਫਰ ਕਰ ਲੈਂਦੀ ਹੋਵੇਗੀ। ਉਹ ਕਮਰੇ 'ਚੋਂ ਨਿਕਲੀ ਤਾਂ ਕਰਨੈਲ ਨੇ ਘੜੀ 'ਤੇ ਨਿਗਾਹ ਟਿਕਾ ਲਈ। ਉਸ ਨੇ ਕਮਰੇ 'ਚੋਂ ਮੁੜ ਟੂਟੀ ਤੇ ਮੁੜ ਰਸੋਈ 'ਚੋਂ ਹੀ ਕਮਰੇ ਤਕ ਜਾਂਦਿਆਂ ਇੱਕ ਮਿੰਟ ਵਿੱਚ ਚਾਰ ਚੱਕਰ ਲਾ ਦਿੱਤੇ। ਅਗਲੇ ਮਿੰਟ ਤਿੰਨ ਚੱਕਰ। ਫਿਰ ਉਹ ਇੱਕ ਮਿੰਟ ਅੰਦਰ ਰਹੀ ਤੇ ਉਸ ਤੋਂ ਅਗਲੇ ਮਿੰਟ ਵਿੱਚ ਪੰਜ ਚੱਕਰ। ਫਿਰ ਉਸ ਨੇ ਦੋ ਮਿੰਟਾਂ ਵਿੱਚ ਸੱਤ ਚੱਕਰ ਲਾਏ। ਉਹਦਾ ਘਰਵਾਲਾ ਰੋਟੀ ਖਾ ਰਿਹਾ ਸੀ ਸ਼ਾਇਦ। ਉਹ ਕਮਰੇ ਤੇ ਰਸੋਈ ਵਿਚਾਲੇ ਉਡੀ ਫਿਰਦੀ ਸੀ। ਉਹ ਕਿੰਨੇ ਹੀ ਮਿੰਟ ਉਹਦੇ ਚੱਕਰਾਂ ਦਾ ਹਿਸਾਬ ਲਾਉਂਦਾ ਰਿਹਾ ਤੇ ਆਖਰ ਉਹਨੇ ਸਾਢੇ ਤਿੰਨ ਚੱਕਰਾਂ ਦੀ ਔਸਤ ਕੱਢ ਲਈ ਇੱਕ ਮਿੰਟ ਵਿੱਚ, ਤੇ ਫਿਰ ਉਹ ਉਹਦੇ ਪੈਂਡੇ ਦਾ ਹਿਸਾਬ ਲਾਉਣ ਲੱਗ ਪਿਆ-ਰਸੋਈ ਦਾ ਮੱਥਾ ਛੇ ਫੁੱਟ...ਕਮਰਾ ਬਾਰਾਂ ਫੁੱਟ। ਓਦੂੰ ਅਗਲਾ ਕਮਰਾ ਵੀ ਬਾਰਾਂ ਫੁੱਟ...। ਉਹ ਬੁੜ ਬੁੜਾ ਰਿਹਾ ਹੈ-ਇਉਂ ਇਕ ਮਿੰਟ 'ਚ ਇੱਕ ਸੌ ਪਝੰਤਰ ਫੁੱਟ ਯਾਨਿ..., ਹਿਸਾਬ ਲਾਉਂਦਾ ਹੋਇਆ, ਯਾਨਿ ਸੱਠ ਮੀਟਰ, ਤੇ ਇੱਕ ਘੰਟੇ 'ਚ...ਸਾਢੇ ਤਿੰਨ ਕਿਲੋਮੀਟਰ...ਕਿੰਨੇ ਘੰਟੇ ਤੁਰਦੀ ਹੋਊ? ਉਹ ਸੋਚੀਂ ਪੈ ਗਿਆ। ਫਿਰ ਆਪ ਹੀ ਹੱਸ ਪਿਆ ਕਿ ਉਹ ਕਿਹੜੀਆਂ ਗਿਣਤੀਆਂ 'ਚ ਪੈ ਗਿਆ। ਫਿਰ ਥੋੜ੍ਹੀ ਦੇਰ ਪਿੱਛੋਂ ਉਹਨੇ ਸੰਤਰੀ ਨੂੰ ਪੁੱਛ ਹੀ ਲਿਆ ਕਿ ਸਵੇਰੇ ਆਮ ਕਰ ਕੇ ਡਿਊਟੀ 'ਤੇ ਕੌਣ ਹੁੰਦੈ। ਉਸ ਨੇ ਪਰਸ ਰਾਮ ਤੇ ਖਾਨ ਦਾ ਨਾਂ ਲਿਆ ਤਾਂ ਉਹ ਹੌਲੀ-ਹੌਲੀ ਥੱਲੇ ਆ ਗਿਆ। ਕੁਝ ਗਾਰਡ ਤਾਸ਼ ਖੇਡ ਰਹੇ ਸਨ ਜਿਨ੍ਹਾਂ 'ਚ ਪਰਸ ਰਾਮ ਵੀ ਸੀ।

ਪਰਸ ਰਾਮ, ਗਲੀ ਦੇ ਉਸ ਪਾਰ ਸਾਹਮਣੇ ਛੱਤ ਵਾਲੀ ਔਰਤ ਕਦੋਂ ਜਾਗਦੀ ਐ ਸਵੇਰੇ, ਕੁਛ ਪਤੈ? ਪਰਸ ਰਾਮ ਕੁਝ ਸੋਚਣ ਲੱਗਿਆ ਤਾਂ ਪਰ੍ਹੇ ਲੇਟਿਆ ਖਾਨ ਉਠ ਕੇ ਬੈਠ ਗਿਆ, ਅਰੇ ਬਾਪ ਰੇ...ਖ਼ੁਦਾ ਕਸਮ ਵੋਹ ਤੋ...।

ਕਰਨੈਲ ਜਾਣਦੈ ਕਿ ਖਾਨ ਗਾਲੜੀ ਹੈ। ਉਸ ਨੇ ਟੋਕਿਆ, ਬੱਸ ਇਤਨਾ ਬਤਾ ਦੇ ਕਿ ਵੋਹ ਕਬ ਜਾਗਤੀ ਹੈ?

ਸਾਰੇ ਕਰਨੈਲ ਨੂੰ ਸ਼ਰਾਰਤੀ ਨਜ਼ਰਾਂ ਨਾਲ ਵੇਖ ਰਹੇ ਸਨ। ਉਹ ਵੀ ਕੁਝ ਹਿਚਕਚਾ ਰਿਹਾ ਸੀ। ਖਾਨ ਨੇ ਦੱਸਿਆ-ਛੇ ਕੇ ਬਾਅਦ ਗੁਰੂ। ਸਵਾ ਛੇ ਔਰ ਸਾਢੇ ਛੇ ਕੇ ਦਰਮਿਆਨ।

ਯੇਹ ਹੂਈ ਨਾ ਬਾਤ...ਪਰਸ ਰਾਮ! ਇਹਨੂੰ ਕਹਿੰਦੇ ਨੇ ਸਕਿਓਰਟੀ...ਤੁਸੀਂ ਵੀ ਖਾਨ ਭਾਈ ਦੀ ਤਰ੍ਹਾਂ...।

ਉਹਨੇ ਚਲਾਕੀ ਨਾਲ ਉਨ੍ਹਾਂ ਨੂੰ ਠਿੱਠ ਕਰ ਦਿੱਤਾ। ਉਹ ਬੋਲਣ ਲੱਗੇ, ਹਮ ਤੋ ਪੂਰਾ ਖਿਆਲ ਰਖਤੇ ਹੈਂ, ਵੋਹ ਬਾਤ ਯਹ ਹੈ ਕਿ...। ਪਰ ਉਹ ਉਪਰ ਆ ਗਿਆ।

ਉਹਨੂੰ ਆਪਣੇ ਆਪ 'ਤੇ ਫਿਰ ਹਾਸਾ ਆਇਆ ਕਿ ਉਹਨੇ ਕੀ ਲੈਣੈ ਉਸ ਤੋਂ? ਉਹਨੂੰ ਬਾਪੂ ਦੀ ਗੱਲ ਯਾਦ ਆਈ, ਕੀ ਕਰ ਲਾਂਗੇ ਸਮਝ ਕੇ। ਠੀਕ ਤਾਂ ਹੈ, ਅੱਗੇ ਐਮ.ਪੀ. ਸਾਹਿਬ ਬਾਰੇ ਸਮਝ ਕੇ, ਜਾਣ ਕੇ ਕੀ ਕਰ ਲਿਆ!

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਪਿਆਰ ਮਗਰੋਂ

ਹਰਪ੍ਰੀਤ ਕੌਰ ਸੰਧੂ

ਮੈਂ ਚੁੰਮਦੀ ਸੀ
ਤੇਰੇ ਪੈਰਾਂ ਦੀਆਂ ਤਲੀਆਂ
ਔਰਤ ਦੀ ਆਜ਼ਾਦੀ ਲਈ
ਲੜਨ ਵਾਲੀ
ਮੈਂ ਦੱਬਦੀ ਸੀ ਤੇਰੇ ਪੈਰ
ਤੇਰੀਆਂ ਜੁਰਾਬਾਂ
ਤੇਰੇ ਪੈਰਾਂ ਵਿੱਚ ਪਾਉਣਾ
ਮੇਰਾ ਨਿਯਮ ਬਣ ਗਿਆ ਸੀ।
ਇਹ ਗੁਲਾਮੀ ਨਹੀਂ
ਪਿਆਰ ਸੀ
ਆਪਣਾਪਣ ਸੀ
ਮੈਂ ਜਿੰਨਾ ਝੁਕਦੀ ਗਈ
ਤੂੰ ਆਕੜਦਾ ਗਿਆ
ਪਿਆਰ ਤਾਕਤ ਹੁੰਦਾ ਹੈ
ਕਮਜ਼ੋਰੀ ਨਹੀਂ
ਅੱਜ ਦੇਖ
ਮੈਂ ਤੇਰੇ ਤੋਂ ਵਿਛੜ ਕੇ
ਤਾਕਤਵਰ ਹਾਂ
ਤੂੰ ਮੈਨੂੰ ਛੱਡ ਕੇ
ਕਮਜ਼ੋਰ ਹੋ ਗਿਆ ਹੈਂ
ਕੌਣ ਕਹਿੰਦਾ ਹੈ
ਪਿਆਰ ਕਮਜ਼ੋਰ ਕਰ ਦਿੰਦਾ ਹੈ
ਪਿਆਰ ਕਰਨ ਵਾਲੇ
ਇਰਾਦੇ ਦੇ ਪੱਕੇ
ਜੋ ਵੀ ਕਰਦੇ ਹਨ
ਸ਼ਿੱਦਤ ਨਾਲ
ਫਿਰ ਉਹ ਪਿਆਰ ਹੋਵੇ
ਜਾਂ ਨਫਰਤ।

## ਤੇਰਾ ਮੇਰਾ ਪਿਆਰ ਹੈ

ਕਰਨਜੀਤ



ਤੇਰਾ ਮੇਰਾ ਪਿਆਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਜੀਣ ਦਾ ਆਧਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਝੀਲ, ਪਰਬਤ, ਥਲ, ਸਮੁੰਦਰ, ਚੰਨ, ਤਾਰੇ, ਆਦਮੀ
ਬੂੰਦ ਵਿੱਚ ਸੰਸਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਸ਼ਿਅਰ ਦੇ ਮਿਸਰੇ ਦੋ ਆਪਾਂ ਕਾਫ਼ੀਏ ਦੋ ਆਪਣੇ
ਆਪਣਾ ਸੰਸਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਨਾ ਹੀ ਬੁਝਿਆ ਨਾ ਬੁਝੇਗਾ ਹੋਣ ਲੱਖਾਂ ਬਾਰਿਸ਼ਾਂ
ਦਿਲ ’ਚ ਇੱਕ ਅੰਗਿਆਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਇਸ ਤਰ੍ਹਾਂ ਅਹਿਸਾਸ ਹੁੰਦਾ ਹੈ ਕਿ ਤੂੰ ਹੈਂ ਰੂ-ਬ-ਰੂ
ਇੱਕ ਤੇਰਾ ਦੀਦਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਕੁਝ ਤਾਂ ਲਿਖਦੇ ਨੇ ਕਿ ਦਿਲ ਦਾ ਬੋਝ ਹਲਕਾ ਹੋ ਸਕੇ
ਕੁਝ ਲਈ ਰੁਜ਼ਗਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ
ਜ਼ਿਹਨ ਤੋਂ ਦਿਲ ਦੇ ਸਫ਼ਰ ਤੱਕ ਇੱਕ ਨਦੀ ਦਰਪੇਸ਼ ਹੈ
ਪਹੁੰਚਣਾ ਉਸ ਪਾਰ ਹੈ ਬਸ ਹੋਰ ਕੀ ਹੈ ਇਹ ਗ਼ਜ਼ਲ

## ਦਿਲ ਦਾ ਦਰਦ

ਸੁਰਜੀਤ ਸਿੰਘ



ਫੁੱਲਾਂ ਜਿਹਾ ਕੋਮਲ ਦਿਲ ਮੇਰਾ
ਲਾ ਠੋਕਰ ਛੱਲੀ ਕੀਤਾ ਏ ।
ਨਾ ਸਮਝੇ ਜਾਣ ਦੁੱਖ ਸਹਿ ਲਿਆ
ਅਸੀਂ ਘੁੱਟ ਸਬਰ ਦਾ ਪੀਤਾ ਏ ॥
ਮਨ ਰੋਇਆ ਦਿਲ ਦੇ ਦਰਦ ਨਾਲ
ਅੱਖਾਂ ਗਿੱਲੀਆਂ ਤੇ ਮੂੰਹ ਸੀਤਾ ਏ ॥
ਮਨ ਸੋਚ ਸੋਚ ਕੇ ਹਾਰ ਗਿਆ
ਕੀ ਜ਼ੁਲਮ ਅਸਾਂ ਨੇ ਕੀਤਾ ਏ ॥
ਸਜਾ ਸੀ ਜਾਂ ਭੁੱਲ ਕੋਈ
ਜਾਂ ਗੁਨਾਹ ਸੀ ਕੋਈ ਕੀਤਾ ਏ ॥
ਜਾਂ ਸੀ ਵੈਰ ਕੋਈ ਜਨਮ ਦਾ
ਜੋ ਬਦਲਾ ਆਣ ਅੱਜ ਲੀਤਾ ਏ ॥
ਬਣ ਪਹੇਲੀ ਜਿਹੀ ਦਰਦ ਮੇਰਾ
ਮੇਰੀ ਸੋਚ ਵਿੱਚ ਘਰ ਕੀਤਾ ਏ ॥
ਇਕ ਦਰਦ ਤੇ ਦੂਜਾ ਸੋਚ ਦਰਦ ਦੀ
ਸੁਰਜੀਤ ਅਕਲੋਂ ਕਮਲਾ ਕੀਤਾ ਏ ॥
ਉਹ ਹੱਸੇ ਪਾਗਲ ਕਹਿ ਕਹਿ ਕੇ
ਜਿਨ੍ਹਾਂ ਦਰਦ ਅਸਾਂ ਨੂੰ ਦਿੱਤਾ ਏ ॥
ਮੇਰੀ ਪੀੜ ਮੈਂ ਹੀ ਜਾਣਦਾ ਹਾਂ
ਜਾਂ ਜਾਣੇ ਜਿਨ੍ਹੇ ਦੁੱਖ ਪੀਤਾ ਏ ॥

## ਬਿਰਹੋ ਦੀ ਮਾਰ

ਸ਼ਿਵਨਾਥ ਦਰਦੀ ਫ਼ਰੀਦਕੋਟ

ਛੇੜ ਇਸ਼ਕ ਦੀ ਤਾਰ ਵੇ ਸੱਜਣਾ ,
ਆਜਾ ਕਰ ਲੈ ਪਿਆਰ ਵੇ ਸੱਜਣਾ ।
ਕਾਤੋ ਰੁਸਿਆ ਰੁਸਿਆ ਰਹਿਣਾ ,
ਕਿਹੜੀ ਗੱਲੋਂ ਟੁਟ ਟੁਟ ਪੈਣਾ ,
ਕਰ ਨੈਣਾਂ ਦੇ ਮਿੱਠੇ ਵਾਰ ਵੇ ਸੱਜਣਾ।
ਆਜਾ ਕਰ ਲੈ......................
ਕੱਢਦੇ ਦਿਲ ਦੇ ਭਰਮ ਭੁਲੇਖੇ ,
ਲੱਗ ਜਾਣਗੇ ਦੁਖ ਦੇ ਸੇਕੇ ,
ਕੱਲਾ ਬਹਿ ਬਹਿ ਨਾ ਛਾੜ ਵੇ ਸੱਜਣਾ।
ਆਜਾ ਕਰ ਲੈ......................
ਸ਼ਿਵ ਦਿਲ ਵੀ ਤੇਰਾ ਰੂਹ ਵੀ ਤੇਰੀ ,
ਢਾਹ ਕੇ ਬੈਠਾ ਕਿਉ ਤੂੰ ਢੇਰੀ ,
ਵੱਜ ਜਾਊ ਬਿਰਹੋ ਦੀ ਮਾਰ ਵੇ ਸੱਜਣਾ ।
ਆਜਾ ਕਰ ਲੈ.........................

## ਸਾਉਣ ਮਹੀਨੇ ਕਾਲੇ ਬੱਦਲ, ਮੁੜਕੇ ਫੇਰ ਨੇ ਔੜੇ

ਇਕਬਾਲ ਦੀਵਾਨਾ

ਸਾਉਣ ਮਹੀਨੇ ਕਾਲੇ ਬੱਦਲ, ਮੁੜਕੇ ਫੇਰ ਨੇ ਔੜੇ ।
ਮੈਂ ‘ਦੀਨਾਰ’ ‘ਰਿਆਲ’ ਕੀ ਕਰਨੇ, ਪਾ ਵਤਨਾਂ ਵਲ ਮੋੜੇ ।
ਚੰਨ ਉਨ੍ਹਾਂ ਦੇ ਪੈਰਾਂ ਹੇਠਾਂ, ਜਿਹੜੇ ਉਦਮ ਕਰਦੇ,
ਹਿੱਕ ਤੋਂ ਬੇਰ ਨੂੰ ਚੁੱਕ ਨਾ ਸੱਕਣ, ਧੁਰ ਦਰਗਾਹੋਂ ਕੋੜ੍ਹੇ ।
ਪਰੇਮ ਨਗਰ ਦੇ ਕਾਇਦੇ-ਕੁੱਲੇ, ਦੁਨੀਆਂ ਨਾਲੋਂ ਵੱਖਰੇ,
ਗੂੜ੍ਹੀ ਹੁੰਦੀ ਹੋਰ ਮੁਹੱਬਤ, ਪੈਂਦੇ ਜਦੋਂ ਵਿਛੋੜੇ ।
ਇਸ਼ਕ ਸਮੁੰਦਰ ਦੇ ਵਿੱਚ ਬੀਬਾ, ਸੋਚ ਸਮਝ ਕੇ ਉੱਤਰੀਂ,
ਉੱਘ-ਸੁੱਘ ਇਹਦੀ ਕਿਤੇ ਨਾ ਲੱਭੀ, ਕਿੰਨੇ ਪੂਰ ਨੇ ਰੋੜ੍ਹੇ ।
ਅੱਗੇ ਈ ਜ਼ਖ਼ਮੋਂ-ਜ਼ਖ਼ਮ ‘ਦੀਵਾਨਾ’ ਪੱਥਰ ਹੋਰ ਨਾ ਮਾਰੋ,
ਜੇ ਅਪਣਾ ਝੱਸ ਪੂਰਾ ਕਰਨੈਂ, ਮਾਰੋ ਰੂੰ ਦੇ ਗੋਹੜੇ ।

## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ



ਜਦੋਂ ਦਾ ਸਾਡੇ ਹੋਠਾਂ ’ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ ’ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ ’ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ ’ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ ’ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ ’ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ ’ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ ’ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ,ਸੰਵਰੀਏ
ਚੁੱਪ ਦੇ ਜੰਗਲ ’ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ ’ਤੇ !

## ਵੇ ਪਰਦੇਸੀਆ

ਅੰਮ੍ਰਿਤਾ ਪ੍ਰੀਤਮ



ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ !
ਜਿਉਂ ਹੱਥ ਕਟੋਰਾ ਦੁੱਧ ਦਾ
ਵਿੱਚ ਕੇਸਰ ਦਿੱਤਾ ਘੋਲ।
ਚਾਨਣ ਲਿੱਪੀ ਰਾਤ ਨੇ
ਸੱਤ ਸਗੰਧਾਂ ਡੋਹਲ
ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ
ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ
ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ
ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ
ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ
ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ
ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿਚ

ਆਗ਼ਾ ਨਿਸਾਰ

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿਚ ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ ।
ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ ।
ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ ।
ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ ।
ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ ।
ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ ।
ਜਦ ਕਸ਼ਿਸ਼ ‘ਆਗ਼ਾ’ ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ ।

## ਦਿਲਾ ਮੰਨੀ ਨਾ ਤੂੰ ਹਾਰ

ਉੱਤਮਵੀਰ ਸਿੰਘ ਦਾਊਂ

ਓਦਾਂ ਤਾਂ ਚੰਨ ਬੜੀ ਦੂਰ ਓਹਤੇ ਮਰਦੀ ਚਕੋਰ
ਰੱਖ ਦਿਲ ’ਚ ਪਿਆਰ ਆਪੇ ਖਿੱਚ ਲਊਗੀ ਡੋਰ
ਜਦੋਂ ਇੱਕ ਹੋਣਾ ਫੇਰ ਪੈਲਾਂ ਦਿਲ ਪਾਉਣਗੇ
ਦਿਲਾ ਮੰਨੀ ਨਾ ਤੂੰ ਹਾਰ-
ਰੱਖ ਥੋੜ੍ਹਾ ਧਰਵਾਸ ਚੰਗੇ ਦਿਨ ਆਉਣਗੇ
ਦਿਲਾ ਮੰਨੀ ਨਾ ਤੂੰ ਹਾਰ

ਐਵੇਂ ਵਹਿਮ ਨਾ ਕਰੀਂ ਜੇ ਖੱਬੀ ਅੱਖ ਫਰਕੇ
ਕਦੇ ਵੀ ਸਰਦਾ ਨਈਂ ਹੱਥ ਉੱਤੇ ਹੱਥ ਧਰ ਕੇ
ਹੌਂਸਲੇ ਹੀ ਦੀਵੇ ਰਾਹਾਂ ’ਚ ਜਗਾਉਣਗੇ
ਦਿਲਾ ਮੰਨੀ ਨਾ ਤੂੰ ਹਾਰ-
ਰੱਖ ਥੋੜ੍ਹਾ ਧਰਵਾਸ ਚੰਗੇ ਦਿਨ ਆਉਣਗੇ
ਦਿਲਾ ਮੰਨੀ ਨਾ ਤੂੰ ਹਾਰ

ਗੱਲ ਤੂੰ ਕੋਈ ਛੋਟੀ ਵੱਡੀ ਦਿਲ ’ਤੇ ਨਾ ਲਾਈਂ
ਰੰਗ ਦੁਨੀਆਂ ਦੇ ਦੇਖ ਜਿੰਦ ਚੱਕਰੀਂ ਨਾ ਪਾਈਂ
ਤਾਰੇ ਅੰਬਰ ਦੇ ਵੀ ਪਲਕਾਂ ਵਿਛਾਉਣਗੇ
ਦਿਲਾ ਮੰਨੀ ਨਾ ਤੂੰ ਹਾਰ-
ਰੱਖ ਥੋੜ੍ਹਾ ਧਰਵਾਸ ਚੰਗੇ ਦਿਨ ਆਉਣਗੇ
ਦਿਲਾ ਮੰਨੀ ਨਾ ਤੂੰ ਹਾਰ

ਹੁੰਦਾ ਲੋਹੇ ਦਾ ਸੁਭਾਅ ਸੱਟ ਸੀਨੇ ਉੱਤੇ ਸਹਿਣਾ
ਸਦਾ ਕੱਚ ਸਾਹਵੇਂ ਹੀਰੇ ਨੇ ਤਾਂ ਹੀਰਾ ਹੀ ਹੈ ਰਹਿਣਾ
ਤਿੱਖੇ ਨੈਣਾਂ ਵਾਲੇ ਆਪੇ ਨਜ਼ਰਾਂ ਝੁਕਾਉਣਗੇ
ਦਿਲਾ ਮੰਨੀ ਨਾ ਤੂੰ ਹਾਰ-
ਰੱਖ ਥੋੜ੍ਹਾ ਧਰਵਾਸ ਚੰਗੇ ਦਿਨ ਆਉਣਗੇ
ਦਿਲਾ ਮੰਨੀ ਨਾ ਤੂੰ ਹਾਰ

ਇਹ ਤੇਰੇ ਉੱਤਮ ਹਵਾ ’ਚ ਜਦ ਬੋਲ ਕਿਰਨੇ
ਬਈ ਫੇਰ ਦਾਊਂਵਾਲੇ ਸੂਹੇ ਸੋਹਣੇ ਫੁੱਲ ਖਿੜਨੇ
ਉੱਡਦੇ ਪਰਿੰਦੇ ਦੇਖੀਂ ਗੀਤ ਗਾਉਣਗੇ
ਦਿਲਾ ਮੰਨੀ ਨਾ ਤੂੰ ਹਾਰ-
ਰੱਖ ਥੋੜ੍ਹਾ ਧਰਵਾਸ ਚੰਗੇ ਦਿਨ ਆਉਣਗੇ
ਦਿਲਾ ਮੰਨੀ ਨਾ ਤੂੰ ਹਾਰ

# ਜਦੋਂ ਉਲੰਪਿਕ ਮਾਟੋ ਹੋਂਦ 'ਚ ਆਇਆ...

**ਮਨਦੀਪ ਸਿੰਘ ਸੁਨਾਮ**

ਅਧਿਕਾਰਿਤ ਤੌਰ 'ਤੇ ਉਲੰਪਿਆਡ ਦੀਆਂ ਅੱਠਵੀਆਂ ਖੇਡਾਂ ਪੈਰਿਸ ਵਿਖੇ ਸਾਲ 1924 ਅੰਦਰ ਹੋਈਆਂ ਸਨ। ਇਹ ਖੇਡਾਂ ਪੈਰਿਸ ਵਿਖੇ 5 ਜੁਲਾਈ ਤੋਂ 27 ਜੁਲਾਈ ਤੱਕ ਆਯੋਜਿਤ ਕੀਤੀਆਂ ਗਈਆਂ ਸਨ।ਇਹ ਖੇਡਾਂ 'ਬੇਰਨ-ਡੀ-ਕੂਬਰਟਿਨ' ਦੀ ਪ੍ਰਧਾਨਗੀ ਹੇਠ ਆਖ਼ਰੀ ਉਲੰਪਿਕ ਖੇਡਾਂ ਸਨ ਅਤੇ ਇਨ੍ਹਾਂ ਖੇਡਾਂ 'ਚ ਕੁੱਲ 44 ਮੁਲਕਾਂ ਦੇ 3089 ਖਿਡਾਰੀਆਂ ਨੇ ਭਾਗ ਲਿਆ ਸੀ ਜਿੰਨਾਂ ਵਿੱਚ 2954 ਮਰਦ ਅਤੇ 135 ਔਰਤ ਖਿਡਾਰੀ ਸਨ। ਇਨ੍ਹਾਂ ਖੇਡਾਂ ਤੋਂ ਪੂਰੇ 100 ਸਾਲ ਬਾਅਦ ਇਹ ਮਹਾਨਤਮ ਖੇਡਾਂ ਇਸ ਸਾਲ ਮੁੜ ਪੈਰਿਸ ਅੰਦਰ ਕਰਵਾਈਆਂ ਜਾ ਰਹੀਆਂ ਹਨ ਜਿਸ ਨਾਲ ਲੰਡਨ ਤੋਂ ਬਾਅਦ ਪੈਰਿਸ ਦੂਜਾ ਇਹੋ ਜਿਹਾ ਮੁਲਕ ਬਣ ਜਾਵੇਗਾ, ਜਿਸ ਨੇ ਤਿੰਨ ਵਾਰ ਇਨ੍ਹਾਂ ਖੇਡਾਂ ਨੂੰ ਕਰਵਾਇਆ ਹੈ।

ਦੁਨੀਆਂ ਨੂੰ ਮੁੜ ਤੋਂ ਓਲੰਪਿਕ ਖੇਡਾਂ ਨਾਲ ਜੋੜਣ ਵਾਲੇ ਫ਼ਰਾਂਸ ਵਿਖੇ ਹੋਈਆਂ 1924 ਉਲੰਪਿਕ ਖੇਡਾਂ ਅੰਦਰ ਅਜੋਕੇ ਉਲੰਪਿਕ ਮਾਟੋ ਸੀਟੀਅਸ ਆਲਟੀਅਸ ਫਾਰਟੀਅਸ ਨੂੰ ਪਹਿਲੀ ਵਾਰ ਵਰਤਿਆ ਗਿਆ ਸੀ। ਇਨ੍ਹਾਂ ਲਾਤੀਨੀ ਭਾਸ਼ਾ ਦੇ ਸ਼ਬਦਾਂ ਦੇ ਅਰਥ ਹਨ ਤੇਜ਼, ਉੱਚਾ, ਮਜ਼ਬੂਤ ਅਤੇ ਇਨ੍ਹਾਂ ਨੂੰ ਕੁਬਰਟਿਨ ਨੇ ਆਪਣੇ ਡੋਮਿਨਿਕਨ ਪਾਦਰੀ ਦੋਸਤ ਹੈਨਰੀ ਡੀਡਨ ਤੋਂ ਉਧਾਰ ਲਿਆ ਸੀ ਜੋ ਕਿ ਐਥਲੈਟਿਕਸ ਦਾ ਸ਼ੌਕੀਨ ਸੀ। ਕੁਬਰਟਿਨ ਨੇ ਕਿਹਾ ਸੀ




ਕਿ ਇਹ ਤਿੰਨ ਸ਼ਬਦ ਖੇਡਾਂ ਦੀ ਨੈਤਿਕ ਸੁੰਦਰਤਾ ਨੂੰ ਦਰਸਾਉਂਦੇ ਹਨ। ਸਾਲ 2020 ਦੀਆਂ ਟੋਕੀਓ ਉਲੰਪਿਕ ਤੋਂ ਪਹਿਲਾਂ 'ਆਈਓਸੀ' ਦੇ ਇੱਕ ਵਿਸ਼ੇਸ਼ ਇਜਲਾਸ ਵਿੱਚ ਉਲੰਪਿਕ ਮਾਟੋ ਨਾਲ ਐਨ ਡੈਸ਼ ਤੋਂ ਬਾਅਦ ਇੱਕ ਸ਼ਬਦ ਕਮਿਊਨੀਟਰ ਜੋੜ ਦਿੱਤਾ ਗਿਆ ਜਿਸਦਾ ਅਰਥ ਹੈ ਇਕੱਠੇ ਤੇ ਹੁਣ ਉਲੰਪਿਕ ਮਾਟੋ ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ ਸੀਟੀਅਸ ਆਲਟੀਅਸ ਫਾਰਟੀਅਸ-ਕਮਿਊਨੀਟਰ।

1924 ਦੀਆਂ ਪੈਰਿਸ ਉਲੰਪਿਕ 'ਚ 'ਸੰਯੁਕਤ ਰਾਜ ਅਮਰੀਕਾ' ਕੁੱਲ




99 ਤਗ਼ਮਿਆਂ ਨਾਲ ਪਹਿਲੇ ਸਥਾਨ 'ਤੇ ਰਿਹਾ ਸੀ ਜਦੋਂਕਿ ਮੇਜ਼ਬਾਨ ਫ਼ਰਾਂਸ 38 ਤਗ਼ਮਿਆਂ ਨਾਲ ਤੀਸਰੇ ਸਥਾਨ 'ਤੇ ਰਿਹਾ ਸੀ। ਇਨ੍ਹਾਂ ਖੇਡਾਂ 'ਚ ਹੀ ਨਿਸ਼ਾਨਬੱਧ ਲੇਨਾਂ ਨਾਲ 50 ਮੀਟਰ ਦੇ ਤੈਰਾਕੀ ਕੂੰਡਾਂ ਦੀ ਵਰਤੋਂ ਸ਼ੁਰੂ ਹੋਈ ਸੀ।ਇਨ੍ਹਾਂ ਖੇਡਾਂ 'ਚ ਫਿਨਲੈਂਡ ਦਾ 'ਪਾਵੋ ਨੂਰਮੀ' ਸਭ ਤੋਂ ਸਫਲ ਐਥਲੀਟ ਰਿਹਾ ਜਿਸ ਨੇ ਸਭ ਤੋਂ ਵੱਧ ਪੰਜ ਸੋਨ ਤਗ਼ਮੇ ਜਿੱਤੇ ਸਨ। ਉਸ ਨੇ ਇਹ ਤਗ਼ਮੇ 1500 ਮੀਟਰ, 5000 ਮੀਟਰ, 10000 ਮੀਟਰ, 3000 ਮੀਟਰ ਸਟੀਪਲਚੇਜ਼, ਕਰਾਸ-ਕੰਟਰੀ ਵਿਅਕਤੀਗਤ ਪੁਰਸ਼ ਤੇ ਕਰਾਸ ਕੰਟਰੀ ਟੀਮ ਪੁਰਸ਼ 'ਚ ਜਿੱਤੇ ਸਨ ਜਦੋਂਕਿ ਫਿਨਲੈਂਡ ਇਨ੍ਹਾਂ ਖੇਡਾਂ ਦੀ ਤਗ਼ਮਾ ਸੂਚੀ 'ਚ ਦੂਜੇ ਸਥਾਨ 'ਤੇ ਰਿਹਾ ਸੀ।

# ਡਿਸਕਸ ਥਰੋ ਵਿੱਚ ਵਿਸ਼ਵ ਰਿਕਾਰਡ ਤੋੜਨ ਵਾਲਾ ਮਾਈਕੋਲਸ ਅਲੇਕਨਾ

**ਸੁਖਵਿੰਦਰਜੀਤ ਸਿੰਘ ਮਨੌਲੀ**

ਲਿਥੁਆਨੀਆ ਦੇ ਡਿਸਕਸ ਥਰੋਅਰ ਮਾਈਕੋਲਸ ਅਲੇਕਨਾ ਨੇ ਪੁਰਸ਼ਾਂ ਦੀ ਅਥਲੈਟਿਕਸ ਇਵੈਂਟ ਡਿਸਕਸ ਥਰੋਅ 'ਚ ਲੰਮੇ ਸਮੇਂ ਭਾਵ 38 ਸਾਲ ਪਹਿਲਾਂ ਸਥਾਪਤ ਕੀਤਾ ਰਿਕਾਰਡ ਬਰੇਕ ਕਰ ਦਿੱਤਾ। ਡਿਸਕਸ 'ਚ ਦੋ ਵਾਰ ਉਲੰਪਿਕ ਚੈਂਪੀਅਨ ਵਰਜਿਲਜੁਸ ਅਲੇਕਨਾ ਦਾ ਪੁੱਤਰ ਆਲਮੀ ਰਿਕਾਰਡ ਹੋਲਡਰ ਮਾਈਕੋਲਸ ਅਕਲੇਨਾ ਪੂਰਬੀ ਜਰਮਨੀ ਦੇ ਡਿਸਕਸ ਥਰੋਅਰ ਜੁਰਗੇਨ ਸ਼ੁਲਟ ਨੇ 6 ਜੂਨ, 1986 'ਚ 74.08 ਮੀਟਰ 'ਤੇ ਡਿਸਕਸ ਥਰੋਅ ਕਰਕੇ ਨਵਾਂ ਵਿਸ਼ਵ ਰਿਕਾਰਡ ਸਥਾਪਤ ਕੀਤਾ ਸੀ।

ਮਾਈਕੋਲਸ ਅਲੇਕਨਾ ਨੇ ਓਕਲਾਹੋਮਾ ਥਰੋਜ਼ ਸੀਰੀਜ਼ ਵਰਲਡ ਇਨਵੀਟੇਸ਼ਨਲ 'ਚ ਮੁਕਾਬਲੇ 'ਚ 74.35 ਮੀਟਰ 'ਤੇ ਡਿਸਕਸ ਥਰੋਅ ਕਰਕੇ ਨਵਾਂ




ਆਲਮੀ ਰਿਕਾਰਡ ਬਣਾਉਣ ਦਾ ਕਰਿਸ਼ਮਾ ਕੀਤਾ। ਰਿਕਾਰਡ ਹੋਲਡਰ ਮਾਈਕੋਲਸ ਅਲੇਕਨਾ ਨੇ ਆਪਣੀ 5ਵੀਂ ਥਰੋਅ 'ਚ ਡਿਸਕਸ ਨੂੰ 74.41 ਮੀਟਰ 'ਤੇ ਥਰੋਅ ਕੀਤਾ ਸੀ ਪਰ ਮਾਪੀ ਗਈ ਇਸ ਦੂਰੀ 'ਚ 6 ਇੰਚ ਨੂੰ ਮਨਫ਼ੀ ਕਰਕੇ 74.35 ਮੀਟਰ ਦੀ ਥਰੋਅ ਪ੍ਰਵਾਨ ਕਰਕੇ ਵਰਲਡ ਰਿਕਾਰਡ ਮਾਈਕੋਲਸ ਅਲੇਕਨਾ ਦੇ ਨਾਮ ਦਰਜ ਕਰ ਦਿੱਤਾ ਗਿਆ। ਨਵੇਂ ਵਿਸ਼ਵ ਰਿਕਾਰਡ ਹੋਲਡਰ ਮਾਈਕੋਲਸ ਦਾ ਜਨਮ 28 ਸਤੰਬਰ, 2002 'ਚ ਡਿਸਕਸ ਸੁਟਣ 'ਚ ਤਿੰਨ ਓਲੰਪਿਕ ਮੈਡਲ ਜੇਤੂ ਵਰਜਿਲਜੁਸ ਅਲੇਕਨਾ ਦੇ ਗ੍ਰਹਿ ਵਿਖੇ ਹੋਇਆ।

ਮਾਈਕੋਲਸ ਦੇ ਉਲੰਪਿਕ ਚੈਂਪੀਅਨ ਪਿਤਾ ਵਰਜਿਲਜੁਸ ਨੇ ਡਿਸਕਸ ਥਰੋਅਰ ਇਵੈਂਟ 'ਚ 2 ਗੋਲਡ ਮੈਡਲ ਤੇ 1 ਸਿਲਵਰ ਮੈਡਲ ਹਾਸਲ ਕੀਤਾ। ਵਰਜਿਲਜੁਸ ਨੇ ਸਿਡਨੀ-2000 ਤੇ ਏਥਨਜ਼-2004 ਉਲੰਪਿਕ 'ਚ ਗੋਲਡ ਮੈਡਲ ਤੇ ਤੀਜੇ ਬੀਜਿੰਗ-2008 ਉਲੰਪਿਕ ਮੁਕਾਬਲੇ 'ਚ ਚਾਂਦੀ ਦਾ ਤਗ਼ਮਾ ਜਿੱਤਣ ਦਾ ਕਰਿਸ਼ਮਾ ਕੀਤਾ ਸੀ। ਕੈਲੀਫ਼ੋਰਨੀਆ ਗੋਲਡਨ ਬੀਅਰਜ਼ ਦੀ ਕਾਲਜ ਟੀਮ ਦੇ 6 ਫੁੱਟ 5 ਇੰਚ ਲੰਮੇ 21 ਸਾਲਾ ਅਥਲੀਟ ਮਾਈਕੋਲਸ ਨੇ ਨੈਰੋਬੀ-2021 'ਚ ਸੰਪੰਨ ਹੋਈ ਵਰਲਡ ਅੰਡਰ-20 ਚੈਂਪੀਅਨਸ਼ਿਪ 'ਚ 69.81 ਮੀਟਰ 'ਤੇ ਡਿਸਕਸ ਸੁਟਣ ਨਾਲ ਕੈਰੀਅਰ ਦਾ ਪਲੇਠਾ ਗੋਲਡ ਮੈਡਲ ਹਾਸਲ ਕੀਤਾ ਸੀ। ਉਲੰਪਿਕ ਤੋਂ ਬਾਅਦ ਲੁਥੀਆਨੀਆ ਦੇ ਥਰੋਅਰ ਮਾਈਕੋਲਸ ਨੂੰ ਜਿੰਨੇ ਵੀ ਵਿਸ਼ਵ-ਵਿਆਪੀ ਮੁਕਾਬਲਿਆਂ 'ਚ ਡਿਸਕਸ ਸੁਟਣ ਦਾ ਮੌਕਾ ਨਸੀਬ ਹੋਇਆ। ਅਕਲੇਨਾ ਵੱਲੋਂ ਟੋਕੀਓ ਓਲੰਪਿਕ ਮੁਕਾਬਲੇ ਦੇ ਗੋਲਡ ਮੈਡਲ ਜੇਤੂ ਥਰੋਅਰ ਤੋਂ ਵਧ ਦੂਰੀ 'ਤੇ ਡਿਸਕਸ ਸੁੱਟਣ ਦਾ ਕਰਿਸ਼ਮਾ ਕੀਤਾ ਗਿਆ। ਅੰਦਾਜ਼ਾ ਲਾਇਆ ਜਾ ਸਕਦਾ ਕਿ ਪੈਰਿਸ-2024 'ਚ ਉਲੰਪਿਕ 'ਚ ਡਿਸਕਸ ਥਰੋਅ ਇਵੈਂਟ 'ਚ ਗੋਲਡ ਮੈਡਲ 'ਤੇ ਮਾਈਕੋਲਸ ਵਲੋਂ ਆਪਣੇ ਨਾਮ ਦੀ ਮੋਹਰ ਲਗਾ ਦਿੱਤੀ।

# ਯੂ.ਡਬਲਿਊ.ਡਬਲਿਊ. ਨੇ ਬਜਰੰਗ ਪੂਨੀਆ ਨੂੰ ਕੀਤਾ ਮੁਅੱਤਲ

ਨਵੀਂ ਦਿੱਲੀ/ਏ.ਟੀ. ਨਿਊਜ਼: ਕੁਸ਼ਤੀ ਦੀ ਵਿਸ਼ਵ ਸੰਚਾਲਨ ਸੰਸਥਾ ਯੂ.ਡਬਲਿਊ.ਡਬਲਿਊ. ਨੇ ਡੋਪ ਟੈਸਟ ਕਰਵਾਉਣ ਲਈ ਮਨ੍ਹਾਂ ਕਰਨ 'ਤੇ ਬਜਰੰਗ ਪੂਨੀਆ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦੇ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੇ ਫ਼ੈਸਲੇ ਮਗਰੋਂ ਉਸ ਨੂੰ ਸਾਲ ਦੇ ਅੰਤ ਤੱਕ ਮੁਅੱਤਲ ਕਰ ਦਿੱਤਾ ਹੈ। ਹਾਲਾਂਕਿ ਹੈਰਾਨੀ ਭਰੇ ਫ਼ੈਸਲੇ ਵਿੱਚ ਨਾਡਾ ਦੇ ਫ਼ੈਸਲੇ ਬਾਰੇ ਜਾਣਕਾਰੀ ਹੋਣ ਦੇ ਬਾਵਜੂਦ ਸਪੋਰਟਸ ਅਥਾਰਿਟੀ ਆਫ ਇੰਡੀਆ (ਸਾਈ) ਨੇ ਬਜਰੰਗ ਦੀ ਵਿਦੇਸ਼ ਵਿੱਚ ਸਿਖਲਾਈ ਲਈ ਲਗਭਗ ਨੌਂ ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ। ਦੇਸ਼ ਦੇ ਸਭ ਤੋਂ ਸਫ਼ਲ ਪਹਿਲਵਾਨਾਂ ਵਿੱਚੋਂ ਇੱਕ ਬਜਰੰਗ ਨੂੰ ਨਾਡਾ ਨੇ 23 ਅਪਰੈਲ ਨੂੰ ਮੁਅੱਤਲ ਕੀਤਾ ਸੀ। ਉਸ ਨੇ ਇਸ ਤੋਂ ਪਹਿਲਾਂ 18 ਅਪਰੈਲ ਨੂੰ ਰਹਿਣ ਦੇ ਸਥਾਨ ਸਬੰਧੀ ਨਿਯਮ ਦੀ ਉਲੰਘਣਾ ਲਈ ਨੋਟਿਸ ਜਾਰੀ ਕੀਤਾ ਗਿਆ ਸੀ। ਆਪਣੇ ਬਚਾਅ ਵਿੱਚ



ਟੋਕੀਓ ਉਲੰਪਿਕ ਦੇ ਕਾਂਸੇ ਦਾ ਤਗ਼ਮਾ ਜੇਤੂ ਬਜਰੰਗ ਨੇ ਕਿਹਾ ਸੀ ਕਿ ਉਸ ਨੇ ਕਦੇ ਟੈਸਟ ਲਈ ਨਮੂਨਾ ਦੇਣ ਤੋਂ ਮਨ੍ਹਾਂ ਨਹੀਂ ਕੀਤਾ ਪਰ ਡੋਪ ਕੰਟਰੋਲ ਅਧਿਕਾਰੀ ਤੋਂ ਸਿਰਫ਼ ਇੰਨਾ ਪੁੱਛਿਆ ਸੀ ਕਿ ਉਹ ਨਮੂਨਾ ਲੈਣ ਲਈ ਲਿਆਂਦੀ ਗਈ 'ਐਕਸਪਾਇਰਡ ਕਿੱਟ' ਬਾਰੇ ਵਿਸਥਾਰ ਨਾਲ ਦੱਸਣ। ਬਜਰੰਗ ਨੇ ਦੱਸਿਆ ਕਿ ਉਸ ਨੂੰ ਯੂ.ਡਬਲਿਊ.ਡਬਲਿਊ. ਤੋਂ ਮੁਅੱਤਲੀ ਬਾਰੇ ਕੋਈ ਸੂਚਨਾ ਨਹੀਂ ਮਿਲੀ ਹੈ ਪਰ ਵਿਸ਼ਵ ਸੰਚਾਲਨ ਸੰਸਥਾ ਨੇ **(ਬਾਕੀ ਸਫ਼ਾ 31 'ਤੇ)**

# ਉਲੰਪਿਕ 'ਚ ਚਾਰ ਤ.ਗਮੇ ਜਿੱਤਣ ਵਾਲੀ ਸ਼ੈਲੀ ਫਰੇਜ਼ਰ

**ਡਾ. ਹਰਨੂਰ ਸਿੰਘ ਮਨੌਲੀ**

ਬੀਜਿੰਗ-2008, ਲੰਡਨ-2012 ਤੇ ਰੀਓ-2016 ਤੋਂ ਬਾਅਦ ਟੋਕੀਓ-2020 ਉਲੰਪਿਕ 'ਚ 100 ਮੀਟਰ ਫਰਾਟਾ ਰੇਸ 'ਚ ਲਗਾਤਾਰ ਚੌਥਾ ਰਿਕਾਰਡ ਮੈਡਲ ਜਿੱਤਣ ਵਾਲੀ ਜਮਾਇਕਾ ਦੀ ਸਪਰਿੰਟਰ ਸ਼ੈਲੀ ਫਰੇਜ਼ਰ ਪੈਰਿਸ-2024 'ਚ ਕੈਰੀਅਰ ਦਾ 5ਵਾਂ ਓਲੰਪਿਕ ਟੂਰਨਾਮੈਂਟ ਖੇਡਣ ਲਈ ਪਰ ਤੋਲ ਰਹੀ ਹੈ। ਜਮਾਇਕਨ ਸ਼ੈਲੀ ਫਰੇਜ਼ਰ ਨਾਲ ਅਮਰੀਕਾ ਦੀ ਮਹਿਲਾ ਅਥਲੀਟ ਐਲੀਸਨ ਫਲਿਕਸ ਨੇ ਬੀਜਿੰਗ, ਲੰਡਨ, ਰੀਓ ਤੇ ਟੋਕੀਓ ਤੱਕ ਚਾਰ ਉਲੰਪਿਕ 'ਚ ਤਗ਼ਮੇ ਜਿੱਤਣ ਦਾ ਕਰਿਸ਼ਮਾ ਜ਼ਰੂਰ ਕੀਤਾ ਸੀ ਪਰ ਟੋਕੀਓ-2020 ਤੋਂ ਬਾਅਦ ਐਲੀਸਨ ਫਲਿਕਸ ਨੇ ਸੰਨਿਆਸ ਲੈ ਕੇ ਪੈਰਿਸ-2024 ਉਲੰਪਿਕ ਦਾ ਮੈਦਾਨ ਸ਼ੈਲੀ ਫਰੇਜ਼ਰ ਲਈ ਖ਼ਾਲੀ ਛੱਡ ਦਿੱਤਾ ਹੈ। ਅਮਰੀਕੀ ਐਥਲੀਟ ਐਲੀਸਨ ਫਲਿਕਸ ਨੇ ਬਿਨਾਂ ਸ਼ੱਕ ਚਾਰ ਉਲੰਪਿਕ ਮੁਕਾਬਲਿਆਂ ਵਿੱਚ ਲਗਾਤਾਰ ਟੀਮ ਇਵੈਂਟ 4×100 ਰੀਲੇਅ ਰੇਸ 'ਚ 4 ਤਗ਼ਮੇ ਜ਼ਰੂਰ ਜਿੱਤੇ ਹਨ ਜਦੋਂਕਿ ਸ਼ੈਲੀ ਫਰੇਜ਼ਰ ਨੇ ਨਿਜੀ ਇਵੈਂਟ 100 ਮੀਟਰ 'ਚ 4 ਤਗ਼ਮੇ ਜਿੱਤਣ ਦਾ ਕਰਿਸ਼ਮਾ ਕੀਤਾ ਹੋਇਆ।

ਦਿਲਚਸਪ ਪਹਿਲੂ ਇਹ ਕਿ ਸ਼ੈਲੀ ਫਰੇਜ਼ਰ ਤੇ ਐਲੀਸਨ ਫਲਿਕਸ ਨੇ ਸਾਲ-2018 'ਚ ਬੇਟੀ ਕੈਮਰੀਨ ਦੀ ਮਾਂ ਬਣਨ ਤੋਂ ਬਾਅਦ ਟੋਕੀਓ ਉਲੰਪਿਕ-2020 'ਚ 1 ਸੋਨੇ ਤੇ 1 ਤਾਂਬੇ ਦਾ ਤੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ 3 ਗੋਲਡ ਤੇ 1 ਤਾਂਬੇ ਦਾ ਤਗ਼ਮਾ ਜਿੱਤਣ ਦਾ ਕਰਿਸ਼ਮਾ ਕੀਤਾ ਸੀ। ਸ਼ੈਲੀ ਫਰੇਜ਼ਰ ਨੇ 7 ਅਗਸਤ, 2017 ਨੂੰ ਪੁੱਤਰ ਜ਼ਯੋਨ ਫਰੇਜ਼ਰ ਦੇ ਜਨਮ ਤੋਂ ਟੋਕੀਓ ਉਲੰਪਿਕ-2020 'ਚ 1 ਗੋਲਡ ਤੇ 1 ਤਾਂਬੇ ਦਾ ਤਗ਼ਮਾ ਤੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ 3 ਗੋਲਡ, 3 ਸਿਲਵਰ ਤੇ 1 ਤਾਂਬੇ ਦਾ ਤਗ਼ਮਾ ਜਿਤਣ ਦਾ ਵੱਡਾ ਪੁੰਨ ਖੱਟਿਆ ਸੀ। ਸ਼ੈਲੀ ਨੂੰ ਹੁਣ ਤੱਕ ਕੈਰੀਅਰ 'ਚ ਵਿਸ਼ਵ-ਵਿਆਪੀ ਪੱਧਰ 'ਤੇ 19 ਗੋਲਡ, 10 ਸਿਲਵਰ ਤੇ 3 ਤਾਂਬੇ ਦਾ ਭਾਵ 32 ਮੈਡਲ ਜਿੱਤਣ ਦਾ ਹੱਕ ਹਾਸਲ ਹੋ ਚੁੱਕਿਆ ਹੈ। ਸ਼ੈਲੀ ਫਰੇਜ਼ਰ ਮਾਂ ਬਣਨ ਤੋਂ ਬਾਅਦ ਦੋਹਾ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ 200 ਮੀਟਰ ਫਰਾਟਾ ਰੇਸ 'ਚ ਗੋਲਡ ਮੈਡਲ ਅਤੇ ਟੋਕੀਓ-2020 ਓਲੰਪਿਕ 'ਚ 100 ਮੀਟਰ ਫਰਾਟਾ ਰੇਸ 'ਚ ਸਿਲਵਰ ਮੈਡਲ ਜਿਤਣ ਦਾ ਕਰਿਸ਼ਮਾ ਕੀਤਾ ਹੈ।

ਸ਼ੈਲੀ ਫਰੇਜ਼ਰ ਨੇ ਲੰਡਨ-2017 ਵਿਸ਼ਵ ਐਥਲੈਟਿਕਸ ਮੀਟ 'ਚ ਗਰਭਵਤੀ ਹੋਣ ਕਰਕੇ 200 ਮੀਟਰ ਦੌੜ 'ਚ ਹਿੱਸਾ ਨਹੀਂ ਲਿਆ ਸੀ। ਇਸ ਦੇ ਬਾਵਜੂਦ ਸ਼ੈਲੀ ਫਰੇਜ਼ਰ ਲੰਡਨ 'ਚ 6 ਅਗਸਤ, 2017 ਨੂੰ 100 ਮੀਟਰ ਦੌੜ ਦਾ ਫਾਈਨਲ ਮੁਕਾਬਲਾ ਵੇਖਣ ਗਈ ਸੀ। ਦਸਣਾ ਤਰਕਸੰਗਤ ਹੋਵੇਗਾ ਕਿ 100 ਮੀਟਰ ਦੌੜ ਤੋਂ ਤੁਰੰਤ ਬਾਅਦ ਸ਼ੈਲੀ ਫਰੇਜ਼ਰ ਲੇਬਰ ਰੂਮ ਵਿੱਚ ਚਲੀ ਗਈ ਸੀ ਤੇ ਦੂਜੇ ਹੀ ਦਿਨ ਅਗਸਤ-7 ਨੂੰ ਸ਼ੈਲੀ ਦੀ ਕੁਖੋਂ ਪੁੱਤਰ ਜ਼ਯੋਨ ਫਰੇਜ਼ਰ ਨੇ ਜਨਮ ਲਿਆ ਸੀ। ਦੋਹਾ 'ਚ 100 ਮੀਟਰ ਫੱਰਾਟਾ ਦੌੜ 'ਚ ਗੋਲਡ ਮੈਡਲ ਜਿੱਤਣ ਸਦਕਾ 32 ਸਾਲਾ ਸ਼ੈਲੀ ਫਰੇਜ਼ਰ ਇਸ ਖੇਡ ਵੰਨਗੀ 'ਚ ਸੋਨ ਤਗ਼ਮਾ ਜਿੱਤਣ ਵਾਲੀ ਪੂਰੀ ਦੁਨੀਆਂ ਦੀ ਉਮਰ ਦਰਾਜ ਐਥਲੀਟ ਨਾਮਜ਼ਦ ਹੋਈ।

**ਅੱਤ ਦੀ ਗ਼ਰੀਬੀ ਹੰਢਾਉਣ ਵਾਲੀ**

ਸ਼ੈਲੀ-ਐਨ ਫਰੇਜ਼ਰ-ਪ੍ਰਾਈਸ ਨੇ ਜਦੋਂ ਦਸੰਬਰ 27, 1986 'ਚ ਜਨਮ ਲਿਆ ਤਾਂ ਉਸ ਦੀ ਮਾਂ ਮੈਕੀਸਨ ਦੀ ਉਮਰ 17 ਸਾਲ ਸੀ। ਉਹ ਕਿੰਗਸਟਨ 'ਚ ਸੜਕ 'ਤੇ ਗੈਰ-ਕਾਨੂੰਨੀ ਰੇਹੜੀ ਲਾ ਕੇ ਤਿੰਨ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਸੀ। ਅੱਤ ਦੀ ਗ਼ਰੀਬੀ ਕਾਰਨ ਕਈ ਵਾਰ ਪਰਿਵਾਰ ਨੂੰ ਦੋ ਡੰਗ ਦੀ ਰੋਟੀ ਵੀ ਨਹੀਂ ਸੀ ਜੁੜਦੀ। ਜਿਥੇ ਮਹਿਲਾ ਦੌੜਾਕ ਦੇ ਮਾਪਿਆਂ ਦਾ ਰੈਣ-ਬਸੇਰਾ ਸੀ ਉੱਥੇ ਨਸ਼ਿਆਂ ਦਾ ਵਪਾਰ ਚੱਲਦਾ ਸੀ, ਜਿਸ ਕਰਕੇ ਇਹ ਇਲਾਕਾ ਅਪਰਾਧ ਦਾ ਕੇਂਦਰ ਸੀ। ਸ਼ੈਲੀ ਡਰ-ਡਰ ਕੇ ਸਕੂਲ ਜਾਂਦੀ, ਉਸ ਤੋਂ ਬਾਅਦ ਪੂਰਾ ਸਮਾਂ ਘਰ 'ਚ ਡੱਕੀ ਰਹਿੰਦੀ। ਸਕੂਲਿੰਗ ਦੌਰਾਨ ਉਡਾਰੂ ਹੋਣ ਬਾਅਦ ਸ਼ੈਲੀ ਨੇ ਦੌੜਨਾ ਸ਼ੁਰੂ ਕੀਤਾ। ਅੱਜ ਸ਼ੈਲੀ ਜਿਸ ਮੁਕਾਮ 'ਤੇ ਹੈ, ਇਸ ਦਾ ਸਿਹਰਾ ਮਾਤਾ ਮੈਕੀਸਨ ਨੂੰ ਦਿੰਦੀ ਹੈ।

**ਔਰਤਾਂ ਦੀ ਓਸੈਨ ਬੋਲਟ**



100 ਮੀਟਰ ਦੌੜ ਵਿੱਚ ਦੋ ਵਾਰ ਉਲੰਪਿਕ ਚੈਂਪੀਅਨ ਰਹੀ ਸ਼ੈਲੀ ਨੂੰ ਜਮਾਇਕਾ ਵਿੱਚ ਔਰਤਾਂ ਦੀ ਓਸੈਨ ਬੋਲਟ ਕਿਹਾ ਜਾਂਦਾ ਹੈ। ਉਸ ਦਾ ਅਸਲ ਨਾਮ ਸ਼ੈਲੀ ਐਨ ਫਰੇਜ਼ਰ ਹੈ ਪਰ 2012 'ਚ ਮਿੱਤਰ ਜੇਸਨ ਪ੍ਰਾਈਸ ਨਾਲ ਵਿਆਹ ਕਰਵਾਉਣ ਤੋਂ ਬਾਅਦ ਉਸ ਨੇ ਨਾਮ ਨਾਲ ਪ੍ਰਾਈਸ ਲਾ ਲਿਆ। ਰੰਗ-ਬਿਰੰਗੇ ਹੇਅਰ ਸਟਾਇਲ ਕਾਰਨ ਚਰਚਾ ਵਿੱਚ ਰਹਿਣ ਵਾਲੀ ਸ਼ੈਲੀ ਨੇ ਚਾਰ ਸਾਲ ਪਹਿਲਾਂ ਕਿੰਗਸਟਨ ਵਿੱਚ 'ਚਿੰਕ ਹੇਅਰ' ਨਾਮਕਰਨ 'ਤੇ ਆਪਣਾ ਹੇਅਰ ਸੈਲੂਨ ਵੀ ਲਾਂਚ ਕੀਤਾ ਹੈ।

## ਨੂੰਹ-ਸੱਸ ਦੇ ਖ਼ੂਬਸੂਰਤ ਰਿਸ਼ਤੇ ਦੀ ਕਹਾਣੀ

# ‘ਨੀ ਮੈਂ ਸੱਸ ਕੁੱਟਣੀ-2’

ਹਰਜਿੰਦਰ ਸਿੰਘ ਜਵੰਦਾ

ਨੂੰਹ ਅਤੇ ਸੱਸ ਦੇ ਖ਼ੂਬਸੂਰਤ ਰਿਸ਼ਤੇ ’ਤੇ ਬਣੀ ਪੰਜਾਬੀ ਫ਼ਿਲਮ ਨੀ ਮੈਂ ਸੱਸ ਕੁੱਟਣੀ ਦੀ ਅਪਾਰ ਸਫਲਤਾ ਤੋਂ ਬਾਅਦ ਹੁਣ ਦਰਸ਼ਕਾਂ ਨੂੰ ਨੀ ਮੈਂ ਸੱਸ ਕੁੱਟਣੀ-2 ਦੇਖਣ ਨੂੰ ਮਿਲੇਗੀ। ਸੱਸ ਅਤੇ ਨੂੰਹ ਦੇ ਖ਼ੂਬਸੂਰਤ ਤੇ ਸਦੀਵੀਂ ਰਿਸ਼ਤੇ ਦੁਆਲੇ ਘੁੰਮਦੀ ਇਹ ਫਿਲਮ ਇਸ ਰਿਸ਼ਤੇ ਦੇ ਕੌੜੇ-ਮਿੱਠੇ ਪਲਾਂ ਨੂੰ ਪਰਦੇ ’ਤੇ ਪੇਸ਼ ਕਰਦੀ ਹੈ। ਆਪਣੇ ਸ਼ੂਟਿੰਗ ਦੇ ਦਿਨਾਂ ਤੋਂ ਹੀ ਚਰਚਾ ਵਿੱਚ ਚੱਲ ਰਹੀ ਇਸ ਫ਼ਿਲਮ ਦਾ ਦਰਸ਼ਕਾਂ ਵੱਲੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ। ਮਨੋਰੰਜਨ ਦੇ ਨਾਲ ਨਾਲ ਵੱਡਾ ਸੁਨੇਹਾ ਦਿੰਦੀ ਇਹ ਫਿਲਮ 7 ਜੂਨ ਨੂੰ ਦੁਨੀਆ ਭਰ ਵਿੱਚ ਰਿਲੀਜ ਹੋਵੇਗੀ। ਇਸ ਫ਼ਿਲਮ ਦਾ ਟੀਜਰ ਦਰਸ਼ਕਾਂ ਵੱਲੋਂ ਖ਼ੂਬ ਪਸੰਦ ਕੀਤਾ ਗਿਆ ਹੈ। ਪੰਜਾਬੀ ਦੀ ਇਹ ਉਹ ਫ਼ਿਲਮ ਹੈ ਜਿਸ ਵਿੱਚ ਮਰਦ ਘੱਟ ਤੇ ਔਰਤਾਂ ਜ਼ਿਆਦਾ ਹਨ। ਫ਼ਿਲਮ ਦੇ ਪੋਸਟਰ ’ਤੇ ਵੀ ਪੰਜਾਬੀ ਇੰਡਸਟਰੀ ਦੇ ਨਾਮੀਂ ਅਦਾਕਾਰਾਂ ਦੀਆਂ ਤਸਵੀਰਾਂ ਨਜ਼ਰ ਆ ਰਹੀਆਂ ਹਨ। ਬਨਵੈਤ ਫ਼ਿਲਮਸ ਵੱਲੋਂ ਸਾਰੇਗਾਮਾ ਅਤੇ ਯੂਡਲੀ ਫਿਲਮਸ ਦੇ ਸਹਿਯੋਗ ਨਾਲ ਬਣਾਈ ਇਸ ਫਿਲਮ ਦੀ ਕਹਾਣੀ ਵੀ ਨਿਰਦੇਸ਼ਕ ਮੋਹਿਤ ਬਨਵੈਤ ਨੇ ਲਿਖੀ ਹੈ। ਡਾਇਲਾਗ ਮੋਹਿਤ ਬਨਵੈਤ, ਅਮਨ ਸਿੱਧੂ ਅਤੇ ਧਰਮਬੀਰ ਭੰਗੂ ਨੇ ਲਿਖੇ ਹਨ।



ਫਿਲਮ ਦੀ ਟੀਮ ਮੁਤਾਬਕ ਇਹ ਫ਼ਿਲਮ ਪੰਜਾਬੀ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੋਈ ਹੈ। ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਇੱਕ ਅਜਿਹਾ ਪਰਿਵਾਰਕ ਡਰਾਮਾ ਹੈ ਜੋ ਦਰਸ਼ਕਾਂ ਦੇ ਢਿੱਡੀ ਪੀੜਾਂ ਤਾਂ ਪਾਵੇਗਾ ਹੀ ਬਲਕਿ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਮਜ਼ਬੂਤੀ ’ਤੇ ਵੀ ਜ਼ੋਰ ਦੇਵੇਗਾ। ਜੇ ਧੀਆਂ ਸੱਸ ਨੂੰ ਮਾਂ ਅਤੇ ਸੱਸਾਂ ਨੂੰਹ ਨੂੰ ਧੀਅ ਬਣਾ ਲੈਣ ਤਾਂ ਸਾਰੇ ਝਗੜੇ ਵੀ ਖਤਮ ਪੈ ਜਾਣ ਅਤੇ ਇਸ ਰਿਸ਼ਤੇ ’ਤੇ ਬਣੀਆਂ ਬੋਲੀਆਂ ਦਾ ਰੰਗ ਵੀ ਬਦਲ ਜਾਵੇ, ਇਹ ਫ਼ਿਲਮ ਹਾਸੇ ਹਾਸੇ ਵਿੱਚ ਇਹੋ ਸੁਨੇਹਾ ਦਿੰਦੀ ਹੈ। ਇਸ ਫ਼ਿਲਮ ਵਿੱਚ ਅਨੀਤਾ ਦੇਵਗਨ ਨੇ ਸੱਸ ਦਾ ਮੁੱਖ ਕਿਰਦਾਰ ਨਿਭਾਇਆ ਹੈ। ਨਿਰਮਲ ਰਿਸ਼ੀ ਅੱਗੇ ਉਸਦੀ ਸੱਸ ਹੈ ਅਤੇ ਨੂੰਹ ਦਾ ਮੁੱਖ ਕਿਰਦਾਰ ਤਨਵੀ ਨਾਗੀ ਨੇ ਨਿਭਾਇਆ ਹੈ। ਇਸ ਫ਼ਿਲਮ ਵਿੱਚ ਮਹਿਤਾਬ ਵਿਰਕ, ਤਨਵੀ ਨਾਗੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ, ਅਕਾਂਕਸ਼ਾ ਸਰੀਨ, ਹਾਰਬੀ ਸੰਘਾ, ਰਵਿੰਦਰ ਮੰਡ, ਦਿਲਨੂਰ ਕੌਰ ਅਤੇ ਮਲਕੀਤ ਰੌਣੀ ਸਮੇਤ ਕਈ ਹੋਰ ਚਰਚਿਤ ਚਿਹਰੇ ਨਜ਼ਰ ਆਉਣਗੇ। ਫ਼ਿਲਮ ਵਿੱਚ ਜਿੱਥੇ ਸੱਸਾਂ ਦੀ ਨੋਂਕ ਝੌਂਕ ਦਿਖਾਈ ਦੇਵੇਗੀ, ਉੱਥੇ ਹੀ ਮਹਿਤਾਬ ਵਿਰਕ ਤੇ ਤਨਵੀ ਨਾਗੀ ਦੀ ਖ਼ੂਬਸੂਰਤ ਜੋੜੀ ਫ਼ਿਲਮ ਵਿੱਚ ਹੋਰ ਰੰਗ ਭਰੇਗੀ। ਦੋਵਾਂ ਦੀ ਜੋੜੀ ਨੂੰ ਦਰਸ਼ਕ ਪਹਿਲਾਂ ਨੀ ਮੈਂ ਸੱਸ ਕੁੱਟਣੀ-1 ਵਿੱਚ ਸ਼ਾਨਦਾਰ ਹੁੰਗਾਰਾ ਦੇ ਚੁੱਕੇ ਹਨ। ਪਹਿਲੇ ਸੀਕੁਅਲ ਵਾਂਗ ਹੀ ਇਸ ਫਿਲਮ ਦਾ ਵੀ ਮਿਊਜ਼ਿਕ ਦਰਸ਼ਕਾਂ ਦੀ ਜੁਬਾਨ ’ਤੇ ਚੜ੍ਹੇਗਾ। ਫਿਲਮ ਦੇ ਗੀਤ ਹੈਪੀ ਰਾਏਕੋਟੀ, ਧਰਮਬੀਰ ਭੰਗੂ, ਰੌਣੀ ਅਜਨਾਲੀ ਤੇ ਗਿੱਲ ਮਸ਼ਰਾਲੀ ਨੇ ਲਿਖੇ ਹਨ। ਫਿਲਮ ਦਾ ਮਿਊਜ਼ਿਕ ਐਵੀ ਸਰਾਂ, ਦਾ ਬੌਸ ਅਤੇ ਬਲੈਕ ਵਾਇਰਸ ਵਰਗੇ ਨਾਮੀਂ ਮਿਊਜ਼ਿਕ ਡਾਇਰੈਕਟਰਾਂ ਨੇ ਤਿਆਰ ਕੀਤਾ ਹੈ। 7 ਜੂਨ ਨੂੰ ਰਿਲੀਜ ਹੋ ਰਹੀ ਇਹ ਫਿਲਮ ਸਿਨੇਮਾਂਘਰਾਂ ਵਿੱਚ ਖ਼ੂਬ ਰੌਣਕਾਂ ਲਾਵੇਗੀ। ਇਸ ਗੱਲ ਦੀ ਆਸ ਫਿਲਮ ਦੀ ਟੀਮ ਦੇ ਨਾਲ-ਨਾਲ ਦਰਸ਼ਕਾਂ ਨੂੰ ਵੀ ਹੈ।




## ਹਾਸਿਆਂ-ਠੱਠਿਆਂ, ਭਾਵੁਕਤਾ ਭਰੀ ਅਤੇ ਪਿਓ-ਪੁੱਤ ਦੇ ਰਿਸ਼ਤੇ ਦੀ ਕਹਾਣੀ

# ‘ਸ਼ਿੰਦਾ-ਸ਼ਿੰਦਾ ਨੋ ਪਾਪਾ’




ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵੱਲ ਨੂੰ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ ਨਵੇਂ ਵਿਸ਼ੇ ’ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ’ਤੇ ਬਣ ਕੇ ਤਿਆਰ ਹੋਈ ਫ਼ਿਲਮ ‘ਸ਼ਿੰਦਾ-ਸ਼ਿੰਦਾ ਨੋ ਪਾਪਾ’ 10 ਮਈ ਨੂੰ ਰਿਲੀਜ਼ ਹੋਈ ਹੈ। ਜੋ ਕਿ ਪਿਉ ਪੁੱਤ ਦੀਆਂ ਦਿਲਚਸਪ ਸ਼ਰਾਰਤੀ ਘਟਨਾਵਾਂ ’ਤੇ ਅਧਾਰਤ ਹੈ। ਜਿਸ ਵਿੱਚ ਗਿੱਪੀ ਗਰੇਵਾਲ ਅਤੇ ਉਸਦਾ ਬੇਟਾ ਸ਼ਿੰਦਾ ਗਰੇਵਾਲ ਮੁੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਸ਼ਿੰਦਾ ਨੇ ਛੋਟੀ ਉਮਰ ਤੋਂ ਹੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਕਿਊਟਨੇਸ ਨੂੰ ਫੈਨਜ਼ ਵੱਲੋਂ ਵੀ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਦੀ ਕਹਾਣੀ ਸ਼ਿੰਦਾ ਦੀ ਹੈ, ਜੋ ਇੱਕ ਸ਼ਰਾਰਤੀ ਬੱਚਾ ਹੈ ਅਤੇ ਆਪਣੇ ਪਿਤਾ ਦਾ ਜੀਵਨ ਮੁਸ਼ਕਿਲ ਕਰਨ ’ਚ ਕੋਈ ਕਸਰ ਬਾਕੀ ਨਹੀਂ ਛੱਡਦਾ। ਇਹ ਫ਼ਿਲਮ ਸ਼ਰਾਰਤੀ ਬੱਚਿਆਂ ਦੁਆਲੇ ਘੁੰਮਦੀ ਹੈ ਜੋ ਕਈ ਵਾਰ ਭਰੀ ਮਹਿਫ਼ਲ ਵਿੱਚ ਆਪਣੀਆਂ ਅਜ਼ੀਬ ਹਰਕਤਾਂ ਨਾਲ ਮਾਹੌਲ ਨੂੰ ਹਾਸੇ ਦਾ ਤਮਾਸ਼ਾ ਬਣਾ ਦਿੰਦੇ ਹਨ। ਪਿਓ-ਪੁੱਤ ਦੀ ਜੋੜੀ ਪਹਿਲੀ ਵਾਰ ਵੱਡੇ ਪਰਦੇ ’ਤੇ ਆਪਣੀ ਨੋਕ-ਝੋਕ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਨ ਲਈ ਤਿਆਰ ਹੈ। ਇਸ ਫਿਲਮ ਵਿੱਚ ਪਿਓ-ਪੁੱਤ ਦੀ ਮਜ਼ੇਦਾਰ ਜੁਗਲਬੰਦੀ ਨੂੰ ਦੇਸੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ‘ਬਿੱਗ ਬੌਸ ਸੀਜ਼ਨ-11’ ਦੀ ਮੁਕਾਬਲੇਬਾਜ਼ ਹਿਨਾ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਇਸ ਫ਼ਿਲਮ ’ਚ ਹਿਨਾ ਖ਼ਾਨ ਸ਼ਿੰਦਾ ਦੀ ਮਾਂ ਦੇ ਕਿਰਦਾਰ ’ਚ ਨਜ਼ਰ ਆ ਰਹੀ ਹੈ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨਪਲੇਅ ਨਰੇਸ਼ ਕਥੂਰੀਆ ਨੇ ਲਿਖਿਆ ਹੈ। ਫ਼ਿਲਮ ਅਮਰਪ੍ਰੀਤ ਜੀ. ਐੱਸ. ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਫ਼ਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਬਿਕਰਮ ਮਹਿਰਾ ਅਤੇ ਸ਼ਿਧਾਰਤ ਆਨੰਦ ਕੁਮਾਰ ਹਨ। ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਦੀ ਪੇਸ਼ਕਸ ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ, ਹੀਨਾ ਖ਼ਾਨ ਅਤੇ ਸ਼ਿੰਦਾ ਗਰੇਵਾਲ ਤੋਂ ਇਲਾਵਾ ਪ੍ਰਿੰਸ ਕੰਵਲਜੀਤ ਸਿੰਘ, ਜਸਵਿੰਦਰ ਭੱਲਾ, ਨਿਰਮਲ ਰਿਸ਼ੀ, ਗੁਰੀ ਘੁੰਮਣ, ਰਘਵੀਰ ਬੋਲੀ, ਹਰਦੀਪ ਗਿੱਲ, ਸੀਮਾ ਕੌਸ਼ਲ, ਹਰਿੰਦਰ ਭੁੱਲਰ ਅਤੇ ਏਕੋਮ ਗਰੇਵਾਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।



## ਜਦੋਂ ਬਲਰਾਜ ਸਾਹਨੀ ਨੇ ਮੀਨਾ ਕੁਮਾਰੀ ਤੇ ਆਪਣੀ ਜਾਨ ਜੋਖ਼ਮ ’ਚ ਪਾਈ

ਨਵੀਂ ਦਿੱਲੀ/ਏ.ਟੀ.ਨਿਊਜ਼: ਬੌਲੀਵੁੱਡ ਅਦਾਕਾਰ ਬਲਰਾਜ ਸਾਹਨੀ 1998 ਵਿੱਚ ਰਿਲੀਜ਼ ਹੋਈ ਫਿਲਮ ‘ਗੁਲਾਮ’ ਵਿੱਚ ਆਮਿਰ ਖਾਨ ਦੇ ਰੇਲ ਸਟੰਟ ਤੋਂ ਤਿੰਨ ਦਹਾਕੇ ਪਹਿਲਾਂ ਹੀ ਅਜਿਹਾ ਕਾਰਨਾਮਾ ਕਰ ਚੁੱਕਾ ਸੀ। ਸਾਹਨੀ ਦੀ ਸਵੈਜੀਵਨੀ ‘ਮੇਰੀ ਫਿਲਮੀ ਆਤਮਕਥਾ’ ਅਨੁਸਾਰ ਉਸ ਨੇ ਅਜਿਹਾ ਜੋਖ਼ਮ ਭਰਿਆ ਕਾਰਨਾਮਾ 1966 ਵਿੱਚ ਰਿਲੀਜ਼ ਹੋਈ ਫਿਲਮ ‘ਪਿੰਜਰੇ ਕੇ ਪੰਛੀ’ ਵਿੱਚ ਕੀਤਾ ਸੀ। ਦੋਵੇਂ ਫਿਲਮਾਂ ਦੀ ਸ਼ੂਟਿੰਗ ਖੰਡਾਲਾ ਵਿੱਚ ਹੋਈ ਸੀ। ‘ਪਿੰਜਰੇ ਕੇ ਪੰਛੀ’ ਵਿੱਚ ਅਦਾਕਾਰਾ ਮੀਨਾ ਕੁਮਾਰੀ ਖੁਦਕੁਸ਼ੀ ਕਰਨ ਲਈ ਰੇਲ ਪਟੜੀ ’ਤੇ ਚੱਲ ਰਹੀ ਸੀ ਤੇ ਬਲਰਾਜ ਸਾਹਨੀ ਉਸ ਦੇ ਪਿੱਛੇ ਭੱਜ ਕੇ ਉਸ ਨੂੰ ਸਹੀ ਸਮੇਂ ’ਤੇ ਬਚਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਫਿਲਮ ਨਿਰਮਾਤਾ ਸਿਰਫ਼ ਉਸ ਦੇ ਪਿੱਛੇ ਭੱਜਣ ਅਤੇ ਉਸ ਨੂੰ ਖਿੱਚਣ ਦਾ ਸ਼ਾਟ ਚਾਹੁੰਦਾ ਸੀ ਪਰ ਸਾਹਨੀ ਜਾਣਦਾ ਸੀ ਕਿ ਸ਼ੂਟਿੰਗ ਵਾਲੀ ਜਗ੍ਹਾ ਤੋਂ ਜਲਦੀ ਹੀ ਰੇਲ ਗੱਡੀ ਲੰਘੇਗੀ ਅਤੇ ਜੇ ਉਹ ਤੇਜ਼ ਭੱਜਦੇ ਹਨ ਤਾਂ ਸਾਰਾ ਸੀਨ ਉਥੇ ਹੀ ਫਿਲਮਾਇਆ ਜਾ ਸਕਦਾ ਹੈ। ਇਸ ਬਾਰੇ ਉਸ ਨੇ ਨਿਰਦੇਸ਼ਕ ਨੂੰ ਪੁੱਛਿਆ ਅਤੇ ਨਿਰਦੇਸ਼ਕ ਨੇ ਅਦਾਕਾਰਾ ਨੂੰ ਪੁੱਛਿਆ। ਅਦਾਕਾਰਾ ਨੇ ਤੁਰੰਤ ਇਸ ਦੀ ਸਹਿਮਤੀ ਦੇ ਦਿੱਤੀ। ਸਾਰੇ ਪ੍ਰਬੰਧ ਕਰ ਲਏ ਗਏ। ਬਲਰਾਜ ਸਾਹਨੀ ਨੇ ਮੀਨਾ ਕੁਮਾਰੀ ਦੇ ਪਿੱਛੇ ਭੱਜਣਾ ਸ਼ੁਰੂ ਕਰ ਦਿੱਤਾ। ਉਧਰ ਰੇਲ ਗੱਡੀ ਦੇ ਡਰਾਈਵਰ ਨੇ ਸੀਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਦੋਵਾਂ ਨੂੰ ਪਟੜੀ ’ਤੇ ਭੱਜਦੇ ਦੇਖ ਕੇ ਜ਼ਰੂਰ ਡਰ ਗਿਆ ਹੋਵੇਗਾ। ਰੇਲ ਗੱਡੀ ਕੁੱਝ ਹੀ ਦੂਰੀ ’ਤੇ ਹੋਵੇਗੀ ਜਦੋਂ ਸਾਹਨੀ ਨੇ ਮੀਨਾ ਕੁਮਾਰੀ ਨੂੰ ਖਿੱਚ ਲਿਆ। ਸ਼ਾਟ ਬਹੁਤ ਸ਼ਾਨਦਾਰ ਆਇਆ ਪਰ 50 ਸਾਲ ਤੋਂ ਵੱਧ ਉਮਰ ਦੇ ਸਾਹਨੀ ਨੂੰ ਬਾਅਦ ਵਿੱਚ ਅਹਿਸਾਸ ਹੋਇਆ ਕਿ ਉਸ ਨੇ ਦੋਵਾਂ ਦੀ ਜਾਨ ਕਿਵੇਂ ਜੋਖ਼ਮ ਵਿੱਚ ਪਾ ਦਿੱਤੀ ਸੀ। ਉਹ ਮੁਆਫ਼ੀ ਮੰਗਣ ਲਈ ਮੀਨਾ ਕੁਮਾਰੀ ਦੇ ਹੋਟਲ ਦੇ ਕਮਰੇ ਵਿੱਚ ਗਿਆ ਤਾਂ ਉਹ ਮੂੰਹ ’ਤੇ ਹੱਥ ਧਰ ਕੇ ਬੈਠੀ ਸੀ। ਮੀਨਾ ਨੇ ਉਸ ਕੋਲੋਂ ਪੁੱਛਿਆ ਕਿ ਕੀ ਉਹ ਜ਼ਿੰਦਗੀ ਤੋਂ ਥੱਕ ਗਿਆ ਹੈ ? ਇਸ ਦੌਰਾਨ ਸਾਹਨੀ ਨੇ ਲਾਪ੍ਰਵਾਹੀ ਮੰਨੀ।




## ਹਰ ਭੂਮਿਕਾ ਨਿਭਾਉਣ ਦੇ ਕਾਬਲ ਬਣਨਾ ਚਾਹੁੰਦੀ ਹਾਂ: ਸੋਨਾਕਸ਼ੀ ਸਿਨਹਾ

ਨਵੀਂ ਦਿੱਲੀ/ਏ.ਟੀ.ਨਿਊਜ਼: ਅਦਾਕਾਰਾ ਸੋਨਾਕਸ਼ੀ ਸਿਨਹਾ ਨੇ ਬੌਲੀਵੁਡ ਵਿੱਚ ਆਪਣਾ ਫ਼ਿਲਮੀ ਸਫ਼ਰ ਸਾਲ 2010 ਵਿੱਚ ‘ਦਬੰਗ’ ਨਾਲ ਸ਼ੁਰੂ ਕੀਤਾ ਸੀ ਤੇ ਉਸ ਨੇ ਹੁਣ ਤਕ ਇੱਕ ਹੀ ਤਰ੍ਹਾਂ ਦੇ ਰੋਲ ਕੀਤੇ ਹਨ। ਸੋਨਾਕਸ਼ੀ ਨੇ ਕਿਹਾ ਕਿ ਉਹ ਅਜਿਹੀ ਅਦਾਕਾਰਾ ਬਣਨਾ ਚਾਹੁੰਦੀ ਹੈ ਜਿਸ ਨੂੰ ਫ਼ਿਲਮ ਨਿਰਮਾਤਾ ਕਿਸੇ ਵੀ ਰੋਲ ਵਿੱਚ ਫ਼ਿੱਟ ਕਰ ਸਕਣ। ਉਸ ਨੇ ਕਿਹਾ, ‘ਇੱਕ ਅਦਾਕਾਰ ਦਾ ਕੰਮ ਹਮੇਸ਼ਾ ਕੋਸ਼ਿਸ਼ ਕਰਨਾ ਅਤੇ ਵੱਖੋ-ਵੱਖਰੀਆਂ ਚੀਜ਼ਾਂ ਕਰਦੇ ਰਹਿਣਾ ਹੁੰਦਾ ਹੈ, ਉਹ ਜੋ ਵੀ ਕਰਦੇ ਹਨ ਉਸ ਦੀ ਪੜਚੋਲ ਵੀ ਕਰਦੇ ਰਹਿੰਦੇ ਹਨ ਅਤੇ ਮੈਨੂੰ ਲਗਦਾ ਹੈ ਕਿ ਮੈਂ ਇਹੀ ਕਰ ਰਹੀ ਹਾਂ। ਮੈਂ ਇਹ ਉਦੋਂ ਤੋਂ ਕਰ ਰਹੀ ਹਾਂ ਜਦੋਂ ਮੈਂ ਆਪਣੀ ਪਹਿਲੀ ਸੋਲੋ ਫ਼ਿਲਮ ‘ਅਕੀਰਾ’ ਕੀਤੀ ਸੀ।’ਸੋਨਾਕਸ਼ੀ ਨੇ ਕਿਹਾ ਕਿ ਉਹ ਹਮੇਸ਼ਾ ਵੱਖਰੇ ਕਿਰਦਾਰ ਨਿਭਾਉਣਾ ਪਸੰਦ ਕਰਦੀ ਹੈ। ਉਸ ਨੇ ਕਿਹਾ, ‘ਮੈਂ ਬਹੁਤ ਹੀ ਮਜ਼ਬੂਤ ਔਰਤ ਦਾ ਕਿਰਦਾਰ ਵੀ ਨਿਭਾਇਆ ਹੈ ਤੇ ਅਜਿਹਾ ਕਿਰਦਾਰ ਨਿਭਾ ਕੇ ਮੈਂ ਬਹੁਤ ਖੁਸ਼ ਹਾਂ।’ ਸੋਨਾਕਸ਼ੀ ਨੇ ‘ਰਾਊਡੀ ਰਾਠੌਰ’, ‘ਸਨ ਆਫ਼ ਸਰਦਾਰ’, ‘ਵਨਸ ਅਪੌਨ ਏ ਟਾਈਮ ਇਨ ਮੁੰਬਈ ਦੋਬਾਰਾ’, ‘ਆਰ ਰਾਜਕੁਮਾਰ’, ‘ਬੌਸ’, ‘ਹੌਲੀਡੇ: ਏ ਸੋਲਜਰ ਇਜ਼ ਨੈਵਰ ਆਫ਼ ਡਿਊਟੀ’, ‘ਮਿਸ਼ਨ ਮੰਗਲ’ ਅਤੇ ‘ਕਲੰਕ’ ਵਿੱਚ ਕੰਮ ਕੀਤਾ ਹੈ। ਉੱਘੇ ਅਦਾਕਾਰ ਅਤੇ ਸਿਆਸਤਦਾਨ ਸ਼ਤਰੂਘਨ ਸਿਨਹਾ ਦੀ 36 ਸਾਲਾ ਧੀ ਸੋਨਾਕਸ਼ੀ ਸਿਨਹਾ ਨੇ ਫ਼ੈਸ਼ਨ ਡਿਜ਼ਾਈਨਿੰਗ ਵਿੱਚ ਡਿਗਰੀ ਕੀਤੀ ਹੈ। ਸੋਨਾਕਸ਼ੀ ਨੇ ਕਿਹਾ,‘ਮੈਂ ਡਿਗਰੀ ਕਰਨ ਤੋਂ ਬਾਅਦ ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸਾਂ। ਮੈਂ ਸੋਚਦੀ ਹਾਂ ਕਿ ਮੈਂ ਜੋ ਕੁਝ ਸਿੱਖਿਆ ਹੈ ਆਪਣੇ ਤਜਰਬੇ ਤੋਂ ਸਿੱਖਿਆ ਹੈ ਤੇ ਮੈਂ ਕਦੇ ਵੀ ਐਕਟਿੰਗ ਨਹੀਂ ਕਰਨਾ ਚਾਹੁੰਦੀ ਸੀ।’



## "ਛੋਟਾ ਘੱਲੂਘਾਰਾ"

ਸਾਹਮਣਾ ਕਰਦੇ ਹੋਏ ਬਚ ਨਿਕਲਦੇ ਗਏ। ਕੁਝ ਸਿੰਘਾਂ ਨੇ ਆਪਣੇ ਘੜ ਬਿਆਸ ਦਰਿਆ 'ਚ ਠੇਲ੍ਹ ਦਿੱਤੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਲਕਾਰਿਆ ਕਿ ਮੌਤ ਨਾਲੋਂ ਲੜਦੇ ਸ਼ਹੀਦ ਹੋਣਾ ਹੀ ਚੰਗਾ ਹੈ। ਸਿੰਘ ਤੁਰਕੀ ਸੈਨਾ ਤੇ ਝਪਟ ਪਏ। ਤੁਰਕਾਨੀ ਸੈਨਾ ਦੇ ਆਗੂ ਮਿਰਜ਼ਾ ਹਿੰਮਤ ਬੇਗ, ਸੈਦ ਅਲੀ ਖਾਂ ਫ਼ੌਜਦਾਰ, ਜਸਪਤ ਰਾਏ ਦਾ ਲੜਕਾ ਹਰਭਜ ਰਾਏ, ਨਾਹਰ ਖਾਂ, ਕਰਮ ਬਖ਼ਸ਼ ਬੜੇ ਜੋਰ ਨਾਲ ਲੜੇ ਪਰ ਸਿੰਘਾਂ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿੱਤੀ। ਚਾਰ ਪੰਜ ਕੋਹ ਜਿਥੋਂ ਤਕ ਤੁਰਕਾਨੀ ਸੈਨਾ ਫੈਲੀ ਹੋਈ ਸੀ, ਨੂੰ ਚੀਰ ਕੇ ਸਿੰਘ ਨਿਕਲਦੇ ਗਏ। ਸਿੰਘਾਂ ਦੇ ਕਈ ਜਥੇਦਾਰ ਤੇ ਅਨੇਕਾਂ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਤੁਰਕਾਨੀ ਸੈਨਾ ਦੇ ਕਈ ਨਾਮੀ ਜਰਨੈਲ ਹਰਭਜ ਰਾਏ, ਨਾਹਰ ਖਾਂ, ਕਰਮ ਬਖਸ, ਅਸਗਰ ਖਾਂ ਆਦਿ ਮਾਰੇ ਗਏ। ਸ੍ਰ. ਸੁੱਖਾ ਸਿੰਘ ਰਾਮਗੜ੍ਹੀਆ ਦੀ ਲੱਤ ਗੋਲੀ ਲਖਣ ਕਰਕੇ ਜ਼ਖਮੀ ਹੋ ਗਈ ਪਰ ਉਸਨੇ ਹੌਂਸਲਾ ਨਹੀਂ ਛੱਡਿਆ ਅਤੇ ਆਪਣੇ ਜਥੇ ਦੀ ਅਗਵਾਈ ਕਰਦਾ ਰਿਹਾ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਦਾ ਸਭ ਤੋਂ ਵੱਡਾ ਨੁਕਸਾਨ ਇਸ ਛੰਭ ਵਿਚੋਂ ਨਿਕਲਣ ਸਮੇਂ ਹੋਇਆ। ਇਸੇ ਲਈ ਇਸ ਨੂੰ ਸਿੱਖ ਇਤਿਹਾਸ ਵਿੱਚ ਛੋਟਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਮੁਗਲਾਂ ਦੇ ਦੋ ਦਹਾਕੇ ਚਲੇ ਇਸ ਤਸ਼ੱਦਦ ਵਿੱਚ ਫਿਰ 1762 ਈ. ਵਿੱਚ ਕੁੱਪ ਰਹੀੜੇ ਦੇ ਅਸਥਾਨ ਤੇ ਸਿੰਘਾਂ ਦੇ ਹੋਏ ਭਾਰੀ ਕਤਲੇਆਮ ਤੋਂ ਬਾਅਦ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਿਆ। ਘੱਲੂਘਾਰਾ ਸ਼ਬਦ ਅਫ਼ਗਾਨ ਬੋਲੀ ਵਿਚੋਂ ਹੈ, ਜਿਦਦਾ ਅਰਥ ਹੈ 'ਸਭ ਕੁਝ ਬਰਬਾਦ ਹੋ ਜਾਣਾ'।

ਛੰਭ ਵਿਚੋਂ ਨਿਕਲਣ ਸਮੇਂ ਕੁਝ ਸਿੰਘ ਕਠੂਹਾ ਤੇ ਜੰਮੂ ਆਦਿ ਰਾਵੀਓਂ ਪਾਰ ਚਲੇ ਗਏ। ਕੁਝ ਕਾਂਗੜਾ ਤੇ ਸਕੇਤ ਮੰਡੀ ਇਲਾਕਿਆਂ ਵਿੱਚ ਰਹਿਣ ਲੱਗੇ। ਕੁਝ ਜਥੇ ਬਿਆਸ ਪਾਰ ਕਰਕੇ ਪਹਾੜ ਦੇ ਨਾਲ ਨਾਲ ਕੀਰਤਪੁਰ ਚਲੇ ਗਏ ਉਥੋਂ ਫਿਰ ਮਾਝੇ ਵਿੱਚ ਪੁਜੇ। ਕੁਝ ਜਥੇ ਹਰਿਗੋਬਿੰਦ ਪੁਰ ਵਾਲੇ ਪਾਸਿਓਂ ਭੇਟਾ ਦੇ ਪੱਤਣ ਨੂੰ ਪਾਰ ਕਰਕੇ ਹੁਸ਼ਿਆਰਪੁਰ ਚਲੇ ਗਏ।

ਤਿੰਨ ਚਾਰ ਮਹੀਨੇ ਕਾਹਨੂੰਵਾਨ ਦੇ ਝਲ ਵਿੱਚ ਘਿਰੇ ਰਹਿਣ ਕਰਕੇ ਸਿੰਘਾਂ ਦੇ ਕੱਪੜੇ ਲੀੜੇ ਪਾਟੇ ਹੋਏ ਸ ਨ। ਪੈਰਾਂ ਵਿੱਚ ਜੋੜੇ ਵੀ ਨਹੀਂ ਸਨ। ਤਪੀ ਰੇਤ ਨੇ ਸਿੰਘਾਂ ਦੇ ਪੈਰਾਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ। ਸਿੰਘਾਂ ਨੇ ਪੈਰਾਂ ਨੂੰ ਕੱਪੜੇ ਤੇ ਦਰਖਤਾਂ ਦੇ ਪੱਤੇ ਛਿੱਲਾਂ ਨਾਲ ਬੰਨ ਕੇ ਰੇਤ ਨੂੰ ਪਾਰ ਕੀਤਾ। ਜਦੋਂ ਸਿੰਘ ਰਸਤਾ ਬਸਤਾਂ ਲੈ ਕੇ ਮੀਰਕੋਟ ਦੀ ਝਿੜੀ ਵਿੱਚ ਲੰਗਰ ਤਿਆਰ ਕਰਨ ਲੱਗੇ ਤਾਂ ਇਜੈ ਖਾਂ , ਜੋ ਦੋਆਬੇ ਦਾ ਹੁਕਮਰਾਨ ਸੀ, ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ। ਟਾਕਰਾ ਕਰਕੇ ਹੋਏ ਸਿੰਘਾਂ ਦ ਜਥੇ ਅਲੀਵਾਲ ਦੇ ਪੁਲੋਂ ਸਤਲੁੱਜ ਪਾਰ ਕਰਕੇ ਮਾਲਵੇ ਵਿੱਚ ਦਾਖਲ ਹੋਏ। ਸਿੰਘ ਮਾਲਵੇ ਦੇ ਪਿੰਡਾਂ ਵਿੱਚ ਖਿੰਡ ਪੁੰਡ ਗਏ। ਮਾਲਵੇ ਦੀਆਂ ਸੰਗਤਾਂ ਨੇ ਸਿੰਘਾਂ ਨੂੰ ਸੰਭਾਲ ਲਿਆ। ਉਹਨਾਂ ਸਿੰਘਾਂ ਦੀ ਬੜੀ ਦੇਖ ਭਾਲ ਅਤੇ ਸੇਵਾ ਕੀਤੀ। ਕੁਝ ਹੀ ਦਿਨਾਂ ਵਿੱਚ ਸਿੰਘ ਤੰਦਰੁਸਤ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ।

ਕੁਝ ਹੀ ਸਮੇਂ ਵਿੱਚ ਮਾਝੇ 'ਚ ਸਿੰਘਾਂ ਦੇ ਜਥੇ ਸਰਗਰਮ ਹੋ ਗਏ। ਸਿੰਘਾਂ ਨੇ ਇਕ ਸਾਲ ਵਿੱਚ ਹੀ ਅੰਮ੍ਰਿਤਸਰ ਵਿਖੇ ਰਾਮਗੜ੍ਹ ਨਾਮ ਦਾ ਕਿਲਾ ਬਣਾਇਆ। ਉਥੋਂ ਫਿਰ ਜੰਗ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਲਖਪਤ ਰਾਏ ਦੁਆਬੇ ਵਿਚੋਂ ਲਾਹੌਰ ਪਰਤ ਗਿਆ। ਛੋਟੇ ਘੱਲੂਘਾਰੇ ਦੀ ਯਾਦ ਵਿੱਚ ਗੁਰਦਾਸਪੁਰ ਵਿੱਚ ਛੰਭ ਕਾਹਨੂੰਵਾਨ ਵਿਖੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਨੇੜੇ ਹੀ ਅਬਦੁਲਾ ਵਾਲਾ ਕਾਹਨੂੰਵਾਨ ਵਿਖੇ ਅਜਾਇਬ ਘਰ ਹੈ।

***

## ਸੰਗਰੂਰ ਦਾ ਚੋਣ ਅਖਾੜਾ,

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਸੰਗਰੂਰ ਦੇ ਵੋਟਰਾਂ ਦੀ ਮਾਨਸਿਕਤਾ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਸੋਚ ਘਰ ਕਰਦੀ ਜਾਵੇਗੀ,ਉਸ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਸਿਮਰਨਜੀਤ ਸਿੰਘ ਮਾਨ ਅਤੇ ਸ੍ਰ ਸੁਖਪਾਲ ਸਿੰਘ ਖਹਿਰਾ ਦਰਮਿਆਨ ਗਹਿ ਗੱਚ ਮੁਕਾਬਲਾ ਹੋ ਸਕਦਾ ਹੈ। ਜਿੱਤ ਕਿਹੜੇ ਉਮੀਦਵਾਰ ਦੀ ਝੋਲੀ ਵਿੱਚ ਪੈਂਦੀ ਹੈ,ਇਹ ਜਾਣਕਾਰੀ 4 ਜੂਨ ਦੇ ਚੋਣ ਨਤੀਜੇ ਹੀ ਦੱਸਣਗੇ।

***

## ਫਰਜ਼ੀ ਪੁਲਿਸ ਮੁਕਾਬਲਿਆਂ

ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਕਿਓਟੀਆਂ ਗਈਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ। ਉਨ੍ਹਾਂ ਇਹ ਦਾਅਵਾ ਕੀਤਾ ਸੀ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਭਾਈ ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਕਹਿ ਕੇ ਸਸਕਾਰੀਆਂ ਲਾਸ਼ਾਂ ਬਾਰੇ ਖੋਜ ਅੰਮ੍ਰਿਤਸਰ ਤੋਂ ਸ਼ੁਰੂ ਕੀਤੀ, ਸਥਾਨਕ ਨਗਰ ਨਿਗਮ ਦੀਆਂ ਫ਼ਾਇਲਾਂ ਦੇ ਅਧਾਰ ਉੱਤੇ ਅਜਿਹੇ ਵਿਅਕਤੀਆਂ ਦਾ ਰਿਕਾਰਡ ਖੰਗਾਲਿਆਂ ਤਾਂ ਉਨ੍ਹਾਂ ਨੂੰ ਇੱਥੇ ਹੀ 2097 ਜਣਿਆਂ ਦੇ ਸਬੂਤ ਮਿਲ ਗਏ। ਭਾਈ ਖਾਲੜਾ ਨੇ ਕੈਨੇਡੀਅਨ ਸੰਸਦ ਅਤੇ ਮੀਡੀਆ ਵਿੱਚ ਬੋਲਦਿਆਂ ਕਿਹਾ ਸੀ ਕਿ ਜੇਕਰ ਅੰਮ੍ਰਿਤਸਰ ਦੇ ਸ਼ਹਿਰ ਦੇ ਇੱਕ ਦੁਰਗਿਆਨਾ ਮੰਦਰ ਸਮਸਾਨਘਾਟ ਵਿੱਚ ਇੰਨੀ ਵੱਡੀ ਗਿਣਤੀ ਹੈ ਤਾਂ ਇਹ ਗਿਣਤੀ ਪੂਰੇ ਪੰਜਾਬ ਵਿੱਚ 25000 ਤੋਂ ਵੱਧ ਬਣਦੀ ਹੈ। ਇਨ੍ਹਾਂ ਮਸਲਿਆਂ ਨਾਲ ਜੁੜੇ ਸੁਆਲਾਂ ਦੀ ਕੀਮਤ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਦੇ ਕੇ ਉਤਾਰਨੀ ਪਈ ਸੀ। ਉਨ੍ਹਾਂ ਨੂੰ 6 ਸਤੰਬਰ 1995 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਘਰੋਂ ਪੁਲਿਸ ਨੇ ਅਗਵਾ ਕੀਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ। ਉਨ੍ਹਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਲਈ ਸੀ.ਬੀ.ਆਈ. ਨੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਦੋਸ਼ੀ ਦੱਸਿਆ ਸੀ। 5 ਨਵੰਬਰ 1995 ਪਟਿਆਲਾ ਦੀ ਸੈਸ਼ਨ ਅਦਾਲਤ ਨੇ ਡੀ.ਐੱਸ.ਪੀ. ਜਸਪਾਲ ਸਿੰਘ ਤੇ ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਫਿਰ ਅਕਤੂਬਰ 2007 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਮਹਿਤਾਬ ਸਿੰਘ ਗਿੱਲ ਨੇ 4 ਹੋਰ ਦੋਸ਼ੀ ਪੁਲਿਸ ਮੁਲਾਜ਼ਮਾਂ ਦੀ 7 ਸਾਲ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਸੀ।

ਸੁਆਲ ਇਹ ਹੈ ਕਿ ਸਰਕਾਰੀ ਦਹਿਸ਼ਤਗਰਦੀ ਨਾਲ ਮਾਰੇ ਬੇਗੁਨਾਹ ਸਿੱਖਾਂ ਦੇ ਘਾਣ ਬਾਰੇ ਨਿਆਂ ਮੁਆਵਜਾ ਹੀ ਹੈ ਜਾਂ ਦੋਸ਼ੀਆਂ ਨੂੰ ਸਜ਼ਾ ਵੀ ਮਿਲੇਗੀ।

***

## ਚੀਨ ਦੀਆਂ ਗਤੀਵਿਧੀਆਂ ਭਾਰਤ ਲਈ

ਨਾਲ ਹੀ, ਐਮਰਜੈਂਸੀ ਦੀ ਸਥਿਤੀ ਵਿੱਚ, ਪਣਡੁੱਬੀਆਂ ਦੀ ਸੁਰੱਖਿਅਤ ਅਤੇ ਤੇਜ਼ ਆਵਾਜਾਈ ਦੀ ਆਗਿਆ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਨੇ 2016 ਵਿੱਚ ਚੀਨ ਤੋਂ 205 ਮਿਲੀਅਨ ਅਮਰੀਕੀ ਡਾਲਰ ਵਿੱਚ ਖਰੀਦੀਆਂ ਗਈਆਂ ਦੋ ਪਣਡੁੱਬੀਆਂ ਨੂੰ ਵੀ ਬੇਸ ਵਿੱਚ ਸਰਗਰਮ ਕਰਨ ਦੀ ਉਮੀਦ ਹੈ। ਯੂਨਾਈਟਿਡ ਸਟੇਟਸ ਇੰਸਟੀਚਿਊਟ ਆਫ ਪੀਸ ਥਿੰਕ ਟੈਂਕ ਵਿੱਚ ਦੱਖਣੀ ਏਸ਼ੀਆ ਪ੍ਰੋਗਰਾਮਾਂ ਲਈ ਅਕਾਦਮਿਕ ਵਿਜ਼ਿਟ ਕਰਨ ਵਾਲੀ ਨੀਲਾਂਥੀ ਸਮਰਾਨਾਇਕ ਨੇ ਕਿਹਾ ਕਿ ਬੰਗਲਾਦੇਸ਼ 1980 ਦੇ ਦਹਾਕੇ ਤੋਂ ਚੀਨ ਤੋਂ ਸਸਤੇ ਜਲ ਸੈਨਾ ਹਥਿਆਰ ਖਰੀਦ ਰਿਹਾ ਹੈ। ਢਾਕਾ ਵੱਲੋਂ ਆਪਣੀ ਜਲ ਸੈਨਾ ਦਾ ਵਿਸਥਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਬੰਗਲਾਦੇਸ਼ ਵਿੱਚ ਚੀਨ ਦੀ ਮਦਦ ਨਾਲ ਬਣਾਈ ਜਾ ਰਹੀ ਇਸ ਨੇਵਲ ਡਾਕ ਨੂੰ ਭਾਰਤ ਲਈ ਚਿੰਤਾਜਨਕ ਮੰਨਿਆ ਜਾ ਰਿਹਾ ਹੈ। ਭਾਰਤ ਰਵਾਇਤੀ ਤੌਰ 'ਤੇ ਹਿੰਦ ਮਹਾਸਾਗਰ ਖੇਤਰ ਨੂੰ ਆਪਣੇ ਪ੍ਰਭਾਵ ਦੇ ਖੇਤਰ ਵਜੋਂ ਵੇਖਦਾ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਚੀਨ ਨੇ ਇਸ ਖੇਤਰ 'ਤੇ ਆਪਣਾ ਪ੍ਰਭਾਵ ਵਧਾ ਦਿੱਤਾ ਹੈ। ਚੀਨ ਨੇ ਮਾਰਚ ਵਿੱਚ ਮਾਲਦੀਵ ਦੇ ਨਾਲ ਇੱਕ ਮਹੱਤਵਪੂਰਨ ਸੁਰੱਖਿਆ ਸਮਝੌਤੇ ਉੱਤੇ ਹਸਤਾਖਰ ਕੀਤੇ ਸਨ। ਚੀਨ ਦੇ ਫੌਜੀ ਵਫਦ ਨੇ ਇਸ ਸਾਲ ਮਾਲਦੀਵ ਦੇ ਨਾਲ-ਨਾਲ ਸ੍ਰੀਲੰਕਾ ਅਤੇ ਨੇਪਾਲ ਦਾ ਵੀ ਦੌਰਾ ਕੀਤਾ। ਚੀਨੀ ਖੋਜ ਜਹਾਜ਼ਾਂ ਨੂੰ ਇਸ ਸਾਲ ਦੋ ਵਾਰ ਭਾਰਤ ਦੇ ਤੱਟ ਦੇ ਨੇੜੇ ਦੇਖਿਆ ਗਿਆ ਹੈ, ਜਿਸ ਨਾਲ ਇਹ ਚਿੰਤਾਵਾਂ ਪੈਦਾ ਹੋਈਆਂ ਹਨ ਕਿ ਬੀਜਿੰਗ ਭਾਰਤ ਦੀ ਮਿਲਟਰੀ ਖੁਫੀਆ ਜਾਣਕਾਰੀ ਇਕੱਠੀ ਕਰ ਰਿਹਾ ਹੈ।

***

## ਗੋਚਰ ਤੋਂ ਗੁ. ਗੋਬਿੰਦ ਘਾਟ

ਸ਼ਰਧਾਲੂਆਂ ਦਾ ਪਹਿਲਾ ਜੱਥਾ 22 ਮਈ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਰਿਸ਼ੀਕੇਸ਼ ਤੋਂ ਰਵਾਨਾ ਕੀਤਾ ਜਾਵੇਗਾ। ਪਹਿਲੇ ਜੱਥੇ ਦੀ ਰਵਾਨਗੀ ਮੌਕੇ ਉੱਤਰਾਖੰਡ ਦੇ ਰਾਜਪਾਲ ਅਤੇ ਸੰਤ ਸਮਾਜ ਦੇ ਪ੍ਰਮੁੱਖ ਆਗੂ ਹਾਜ਼ਰ ਹੋਣਗੇ। ਉੱਤਰਾਖੰਡ ਸਥਿਤ ਚਾਰ ਧਾਮ ਦੀ ਯਾਤਰਾ ਸ਼ੁਰੂ ਹੋ ਚੁੱਕੀ ਹੈ। ਸ੍ਰੀ ਬਿੰਦਰਾ ਨੇ ਦੱਸਿਆ ਕਿ ਗੋਬਿੰਦ ਘਾਟ ਤੋਂ ਘਾਗਰੀਆ ਤੱਕ ਦੀ ਹੈਲੀਕਾਪਟਰ ਸੇਵਾ 25 ਮਈ ਤੋਂ ਸ਼ੁਰੂ ਹੋ ਜਾਵੇਗੀ ਅਤੇ ਇਸੇ ਤਰ੍ਹਾਂ ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਨਵੀਂ ਹੈਲੀਕਾਪਟਰ ਸੇਵਾ ਵੀ 25 ਮਈ ਤੋਂ ਸ਼ੁਰੂ ਹੋ ਰਹੀ ਹੈ। ਗੋਚਰ ਰਿਸ਼ੀਕੇਸ਼ ਅਤੇ ਬਦਰੀਨਾਥ ਸੜਕ ਮਾਰਗ 'ਤੇ ਲਗਪਗ ਅੱਧ ਵਿਚਾਲੇ ਹੈ। ਹੈਲੀਕਾਪਟਰ ਸੇਵਾਵਾਂ ਨਾਲ ਸ਼ਰਧਾਲੂ ਰਿਸ਼ੀਕੇਸ਼ ਤੋਂ ਇੱਕ ਦਿਨ ਵਿੱਚ ਹੀ ਗੁਰਦੁਆਰਾ ਗੋਬਿੰਦ ਧਾਮ ਪਹੁੰਚ ਸਕਦੇ ਹਨ। ਇਸ ਨਾਲ ਯਾਤਰੂਆਂ ਦਾ ਆਵਾਜਾਈ ਦਾ ਸਮਾਂ ਬਚੇਗਾ ਅਤੇ ਯਾਤਰਾ ਸੁਖਾਲੀ ਹੋ ਜਾਵੇਗੀ। ਇਸ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਦੇਹਰਾਦੂਨ ਵਿਚਾਲੇ ਹਵਾਈ ਸੇਵਾ ਚੱਲ ਰਹੀ ਹੈ, ਜੋ ਇਸ ਵੇਲੇ ਹਫਤੇ ਵਿੱਚ ਇੱਕ ਦਿਨ ਹੈ ਅਤੇ ਹੁਣ ਇਸ ਨੂੰ ਯਾਤਰਾ ਦੌਰਾਨ ਹਫਤੇ ਵਿੱਚ ਤਿੰਨ ਦਿਨ ਕੀਤਾ ਜਾ ਰਿਹਾ ਹੈ। 20 ਮਈ ਤੱਕ ਰਸਤੇ ਤਿਆਰ ਕਰਨ ਦੀ ਸੇਵਾ ਭਾਰਤੀ ਫੌਜ ਵੱਲੋਂ ਮੁਕੰਮਲ ਹੋ ਜਾਵੇਗੀ। ਇਸ ਵੇਲੇ ਗੁਰਦੁਆਰਾ ਹੇਮਕੁੰਟ ਸਾਹਿਬ ਤੋਂ ਹੇਠਾਂ ਵੱਲ ਪੌੜੀਆਂ ਵਾਲਾ ਰਸਤਾ ਬਰਫ ਹਟਾਉਣ ਮਗਰੋਂ ਤਿਆਰ ਹੋ ਚੁੱਕਾ ਹੈ ਅਤੇ ਦੂਜਾ ਰਸਤਾ ਖੱਚਰਾਂ ਲਈ ਤਿਆਰ ਹੋ ਚੁੱਕਾ ਹੈ, ਜਿਸ ਨੂੰ ਹੁਣ ਹੋਰ ਚੌੜਾ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਸਵੇਰੇ ਵੀ ਹਲਕੀ ਬਰਫਬਾਰੀ ਹੋਈ ਹੈ ਪਰ ਉਸ ਤੋਂ ਬਾਅਦ ਮੌਸਮ ਸਾਫ ਹੋ ਗਿਆ। ਮੌਸਮ ਨੂੰ ਦੇਖਦਿਆਂ ਅਤੇ ਬਰਫ ਹੋਣ ਕਾਰਨ ਸਿਹਤ ਵਿਭਾਗ ਵੱਲੋਂ ਬਜ਼ੁਰਗਾਂ ਅਤੇ ਬੱਚਿਆਂ ਨੂੰ ਲਗਪਗ ਦੋ ਹਫਤੇ ਯਾਤਰਾ ਨਾ ਕਰਨ ਦਾ ਸੁਝਾਅ ਦਿੱਤਾ ਗਿਆ। ਹੁਣ ਤੱਕ 54 ਹਜ਼ਾਰ ਸ਼ਰਧਾਲੂਆਂ ਵੱਲੋਂ ਇਸ ਯਾਤਰਾ ਵਾਸਤੇ ਆਪਣੇ ਨਾਂ ਦੀ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ।

****

## ਕੀ ਲੋਕ ਸਭਾ ਦੌਰਾਨ ਪੰਜਾਬ ਵਿੱਚ ਬਸਪਾ

ਭਾਜਪਾ ਵਿਚਾਲੇ ਟੱਕਰ ਹੈ। ਨਤੀਜੇ ਕੁੱਝ ਵੀ ਹੋ ਸਕਦੇ ਨੇ।

ਲੋਕ ਸਭਾ ਖੇਤਰ ਸ੍ਰੀ ਅਨੰਦਪੁਰ ਸਾਹਿਬ ਤੋਂ ਬਸਪਾ ਨੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਲੋਕ ਸਭਾ ਦੀ ਹਰੇਕ ਵਿਧਾਨ ਸਭਾ ਤੋਂ ਬਸਪਾ ਦੀ ਮੁੱਖ ਲੀਡਰਸ਼ਿਪ ਪੁੱਜੀ ਜਿਸ ਦੀ ਅਗਵਾਈ ਬਸਪਾ ਵਿਧਾਇਕ ਡਾ. ਨਛੱਤਰ ਪਾਲ ਕਰ ਰਹੇ। ਸੂਬਾ ਪ੍ਰਧਾਨ ਤੇ ਸਥਾਨਕ ਵਾਸੀ ਬੇਬਾਕ ਭਾਸ਼ਣ ਕਾਰਨ ਸਿਆਸੀ ਵਿਰੋਧੀਆਂ ਨੂੰ ਕਰਾਰੇ ਹੱਥੀਂ ਲੈਣ ਵਾਲੇ ਜਸਵੀਰ ਸਿੰਘ ਗੜ੍ਹੀ ਇਸ ਹਲਕੇ ਦੇ ਚੋਣ ਮੁਕਾਬਲੇ ਵਿੱਚ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਜਸਵੀਰ ਸਿੰਘ ਗੜ੍ਹੀ ਬਹੁਜਨ ਸਮਾਜ ਨਾਲ ਸਬੰਧਤ ਵੋਟ ਬੈਂਕ ਨੂੰ ਦੂਜੀਆਂ ਪਾਰਟੀਆਂ ਦੇ ਮੁਫ਼ਤ ਬਿਜਲੀ, ਮੁਫ਼ਤ ਆਟਾ-ਦਾਲ ਸਕੀਮ ਵਰਗੇ ਪ੍ਰਭਾਵ ਤੋਂ ਮੁਕਤ ਕਰਨ ਵਿੱਚ ਸਫ਼ਲ ਹੋ ਗਏ ਤਾਂ ਹਲਕੇ ਦੇ ਸਿਆਸੀ ਸਮੀਕਰਨ ਬਦਲਣ ਨਾਲ ਇਸ ਦਾ ਸਭ ਤੋਂ ਵੱਡਾ ਨੁਕਸਾਨ ਸੂਬੇ ਦੀ ਸੱਤਾਧਾਰੀ ਧਿਰ ਨੂੰ ਹੋਵੇਗਾ । ਬਸਪਾ ਵੱਲੋਂ ਸੀਟ ਕੱਢਣ ਦੀ ਸੰਭਾਵਨਾ ਬਣ ਸਕਦੀ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਵੀ ਗੜ੍ਹੀ ਦੀ ਹਮਾਇਤ ਉੱਪਰ ਹਨ।

ਉਮੀਦਵਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ 75 ਸਾਲਾਂ ਵਿੱਚ ਪੰਜਾਬ ਨੂੰ ਲੁੱਟਣ ਵਾਲੀਆਂ ਪਾਰਟੀਆਂ ਕਾਂਗਰਸ ਅਕਾਲੀ, ਆਮ ਆਦਮੀ ਪਾਰਟੀਆ ਨੇ ਵੱਡੇ ਸਰਮਾਏਦਾਰ ਉਮੀਦਵਾਰ ਪੰਜਾਬ ਦੇ ਕੋਨੇ ਕੋਨੇ ਵਿਚੋਂ ਲਿਆਕੇ ਖੜੇ ਕੀਤੇ ਹਨ, ਜਿਨ੍ਹਾਂ ਨੇ ਧਨ-ਬਲ ਦੇ ਨਾਲ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਹੈ। ਲੋਕ ਸਭਾ ਦੇ 17 ਲੱਖ ਵੋਟਰਾਂ ਵਿੱਚੋਂ 15 ਲੱਖ ਵੋਟ ਗਰੀਬ, ਮਜਲੂਮ, ਦਲਿਤ ਪਿਛੜੇ ਗਰੀਬਾਂ ਤੇ ਮੱਧਵਰਗੀ ਲੋਕਾਂ ਦੀ ਹੈ। ਸਰਦਾਰ ਗੜ੍ਹੀ ਨੇ ਕਿਹਾ ਕਿ ਸਮੁੱਚੇ ਗਰੀਬਾਂ, ਦਲਿਤਾਂ, ਪਿਛੜੇ ਵਰਗਾਂ ਤੇ ਪੰਥਕ ਸੋਚ ਰੱਖਣ ਵਾਲੇ ਲੋਕਾਂ ਨੂੰ ਇਕੱਠੇ ਹੋਕੇ ਇਹਨਾਂ ਵਿਰੋਧੀ ਪਾਰਟੀਆਂ ਨੂੰ ਹਰਾਕੇ ਵੱਡਾ ਸਬਕ ਸਿਖਾਉਣਾ ਚਾਹੀਦਾ ਹੈ। 2019 ਵਿੱਚ ਬਸਪਾ ਉਮੀਦਵਾਰ ਸੋਢੀ ਵਿਕਰਮ ਸਿੰਘ ਨੇ 1,45,441 ਵੋਟਾਂ ਹਾਸਲ ਕੀਤੀਆਂ ਸਨ। ਕਾਂਗਰਸ ਨੇ ਵਿਜੇਇੰਦਰ ਸਿੰਗਲਾ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜਿਸਦਾ ਨੁਕਸਾਨ ਉਸਨੂੰ ਝੱਲਣਾ ਪੈ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉਹ ਮਜਬੂਤ ਉਮੀਦਵਾਰ ਨਹੀਂ ਹੈ। ਪਾਰਟੀ ਵਿੱਚ ਵੀ ਉਸਦਾ ਵਿਰੋਧ ਹੈ। ਅਕਾਲੀ ਦਲ ਦੀ ਸਥਿਤੀ ਉਂਝ ਵੀ ਠੀਕ ਨਹੀਂ ਚੱਲ ਰਹੀ, ਪਰ ਅਕਾਲੀ ਉਮੀਦਵਾਰ ਪ੍ਰੋਫੈਸਰ ਚੰਦੂਮਾਜਰਾ ਚੰਗੀ ਮਿਹਨਤ ਕਰ ਰਹੇ ਹਨ। ਆਪ ਪਾਰਟੀ ਵੱਲੋਂ ਮਾਲਵਿੰਦਰ ਸਿੰਘ ਕੰਗ ਉਮੀਦਵਾਰ ਹਨ।

***

## ਲੋਕ ਸਭਾ ਚੋਣਾਂ : ਹਲਵਾਈ ਤੇ ਦਰਜੀ ਵੀ

ਸਿਆਸੀ ਆਗੂਆਂ ਨੇ ਉਨ੍ਹਾਂ ਨੂੰ ਆਪਣੇ ਮਨਪਸੰਦ ਕੱਪੜੇ ਦੇ ਕੇ ਕੁੜਤਾ-ਪਜਾਮਾ ਬਣਾਉਣ ਦਾ ਆਰਡਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗਰਮੀ ਹੋਣ ਕਾਰਨ ਜੈਕੇਟ ਨੂੰ ਛੱਡ ਕੇ ਕੁੜਤੇ-ਪਜਾਮੇ ਨੂੰ ਜ਼ਿਆਦਾ ਪਹਿਲ ਦਿੱਤੀ ਜਾ ਰਹੀ ਹੈ। ਇਸ ਲਈ ਸੂਤੀ ਕੱਪੜੇ ਦੇ ਕੁੜਤੇ-ਪਜਾਮਿਆਂ ਦੀ ਜ਼ਿਆਦਾ ਮੰਗ ਕੀਤੀ ਜਾ ਰਹੀ। 2800 ਤੋਂ ਲੈ ਕੇ 3200 ਰੁਪਏ ਪ੍ਰਤੀ ਮੀਟਰ ਤੱਕ ਦਾ ਕੱਪੜਾ ਉਨ੍ਹਾਂ ਕੋਲ ਮੁਹੱਈਆ ਹੈ। ਪੈਂਟ ਤੇ ਕੁੜਤਾ-ਪਜਾਮਾ ਦੀ ਸਿਰਫ਼ ਸਿਲਾਈ ਖ਼ਰਚਾ 1400 ਤੋਂ ਲੈ ਕੇ 1600 ਤੱਕ ਰੁਪਏ ਆਉਂਦਾ ਹੈ। ਇਸ ਤੋਂ ਇਲਾਵਾ ਨਹਿਰੂ ਜੈਕੇਟ ਦੀ ਸਿਲਾਈ 3000 ਤੋਂ 4 ਹਜ਼ਾਰ ਰੁਪਏ ਪ੍ਰਤੀ ਮੀਟਰ ਪੈ ਜਾਂਦੀ ਹੈ। ਚੰਡੀਗੜ੍ਹ ਸ਼ਹਿਰ ਤੋਂ ਇਲਾਵਾ ਪੂਰੇ ਭਾਰਤ 'ਚੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਮਰਹੂਮ ਗਿਆਨੀ ਜ਼ੈਲ ਸਿੰਘ, ਮਰਹੂਮ ਰਾਜੀਵ ਗਾਂਧੀ, ਰਾਹੁਲ ਗਾਂਧੀ, ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਤੇ ਹਿਮਾਚਲ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਧੂਮਲ ਲਈ ਸ਼ੇਰਵਾਨੀ, ਕੁੜਤੇ-ਪਜਾਮੇ ਤੇ ਨਹਿਰੂ ਜੈਕੇਟਾਂ ਵੀ ਉਨ੍ਹਾਂ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਕੋਲ 15 ਦਿਨ ਪਹਿਲਾਂ ਦੇ ਆਰਡਰ ਆ ਚੁੱਕੇ ਹਨ ਤੇ ਇੱਕ ਹਫ਼ਤੇ 'ਚ 8 ਤੋਂ 10 ਕੁੜਤੇ-ਪਜਾਮੇ ਤਿਆਰ ਕੀਤੇ ਜਾ ਰਹੇ ਹਨ।

ਪੱਗਾਂ ਰੰਗਣ ਦਾ ਵੀ ਵਧਿਆ ਰੁਝਾਨ

ਪੰਜਾਬ ਦੀ ਰਾਜਨੀਤੀ 'ਚ ਪੱਗ ਦੀ ਬਹੁਤ ਹੀ ਜ਼ਿਆਦਾ ਅਹਿਮੀਅਤ ਹੈ। ਖ਼ਾਸ ਕਰਕੇ ਪੰਜਾਬ ਤੇ ਚੰਡੀਗੜ੍ਹ 'ਚ ਲੋਕ ਸਭਾ ਚੋਣਾਂ ਦੌਰਾਨ ਨਵੀਆਂ ਪੱਗਾਂ ਤੇ ਪੱਗਾਂ ਰੰਗਣ ਦੇ ਕਾਰੋਬਾਰ 'ਚ ਵੀ ਵਾਧਾ ਦੇਖਣ ਨੂੰ ਮਿਲਿਆ ਹੈ। ਪੰਜਾਬ 'ਚ ਜਦੋਂ ਵੀ ਕੋਈ ਵੱਡਾ ਵਿਧਾਇਕ ਪਾਰਟੀ ਦੇ ਚੋਣ ਪ੍ਰਚਾਰ ਲਈ ਪੰਜਾਬ ਜਾਂ ਚੰਡੀਗੜ੍ਹ 'ਚ ਪਹੁੰਚਦਾ ਹੈ ਤਾਂ ਉਨ੍ਹਾਂ ਲਈ ਪੱਗ ਖ਼ਾਸ ਤੌਰ 'ਤੇ ਮੁਹੱਈਆ ਕਰਵਾਈ ਜਾਂਦੀ ਹੈ। ਮੌਜੂਦਾ ਪ੍ਰਧਾਨ ਮੰਤਰੀ ਤੋਂ ਲੈ ਕੇ ਰਾਹੁਲ ਗਾਂਧੀ, ਅਮਿਤ ਸ਼ਾਹ, ਅਰਵਿੰਦ ਕੇਜਰੀਵਾਲ ਆਦਿ ਵਰਗੇ ਦਿੱਗਜ ਨੇਤਾਵਾਂ ਨੇ ਜਦੋਂ-ਜਦੋਂ ਚੋਣ ਪ੍ਰਚਾਰ ਦੌਰਾਨ ਪੰਜਾਬ ਜਾਂ ਚੰਡੀਗੜ੍ਹ 'ਚ ਪੈਰ ਧਰਿਆ ਹੈ ਤਾਂ ਉਨ੍ਹਾਂ ਨੇ ਵੀ ਪੱਗ ਪਹਿਨਣ ਨੂੰ ਖ਼ਾਸ ਅਹਿਮੀਅਤ ਦਿੱਤੀ ਹੈ।

**ਪਨੀਰ ਪਕੌੜੇ ਤੇ ਸਮੋਸਿਆਂ ਦੇ ਵਾਰ-ਵਾਰ ਆ ਰਹੇ ਨੇ ਆਰਡਰ**

ਸੈਕਟਰ-46 ਦੇ ਮਸ਼ਹੂਰ ਮਠਿਆਈਆਂ ਦੀ ਦੁਕਾਨ ਦੇ ਹਲਵਾਈ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਲੋਕ ਸਭਾ ਚੋਣਾਂ ਕਰਕੇ ਆਰਡਰ 'ਚ ਵਾਧਾ ਹੋਇਆ ਹੈ। ਜ਼ਿਆਦਾਤਰ ਗੁਲਾਬ ਜਾਮੁਣ (450 ਪ੍ਰਤੀ ਕਿੱਲੋ), ਕਾਜੂ ਬਰਫ਼ੀ (840 ਰੁਪਏ ਪ੍ਰਤੀ ਕਿੱਲੋ), ਬਰਫ਼ੀ (540 ਰੁਪਏ ਪ੍ਰਤੀ ਕਿੱਲੋ), ਲੱਡੂ (220 ਰੁਪਏ ਕਿੱਲੋ), ਪਨੀਰ ਪਕੌੜੇ, ਸਮੋਸੇ (15 ਰੁਪਏ) ਦੇ ਆਰਡਰ ਵਾਰ-ਵਾਰ ਆ ਰਹੇ ਹਨ। 100 ਤੋਂ 150 ਲੋਕਾਂ ਦੇ ਇਕੱਠ ਲਈ 4 ਤੋਂ 6 ਕਿੱਲੋ ਪਨੀਰ ਪਕੌੜੇ, 100 ਤੋਂ 120 ਸਮੋਸੇ ਦੇ ਖ਼ਾਸ ਆਰਡਰ ਆ ਰਹੇ ਹਨ। ਇਸ ਤੋਂ ਇਲਾਵਾ ਮਠਿਆਈਆਂ 'ਚ ਬਰਫ਼ੀ ਅਤੇ ਕਾਜੂ ਬਰਫ਼ੀ ਦੀ ਮੰਗ ਜ਼ਿਆਦਾ ਹੈ ਤੇ ਗੁਲਾਬ ਜਾਮੁਣ ਦੇ ਹੁਣ ਤੱਕ 15 ਤੋਂ 20 ਕਿੱਲੋ ਦੇ ਆਰਡਰ ਤਿਆਰ ਕੀਤੇ ਜਾ ਰਹੇ ਹਨ। ਹਫ਼ਤੇ 'ਚ ਤਕਰੀਬਨ ਦੋ ਦਿਨ 10 ਕਿੱਲੋ ਬਰਫ਼ੀ ਦੇ ਆਰਡਰ ਆ ਰਹੇ ਹਨ।

***

## ਲੋਕ ਸਭਾ ਚੋਣਾਂ: ਘੱਟ ਰਹੀ ਹੈ ਵੋਟਿੰਗ

ਇਨ੍ਹਾਂ ਚੋਣਾਂ ਤੋਂ ਪਹਿਲਾਂ ਸ੍ਰੀਨਗਰ ਲੋਕ ਸਭਾ ਸੀਟ ਦੀ ਹੱਦਬੰਦੀ ਕੀਤੀ ਗਈ ਸੀ, ਜਿਸ ਕਾਰਨ ਇਸ ਵਾਰ ਇਸ ਵਿੱਚ ਕਈ ਨਵੀਆਂ ਵਿਧਾਨ ਸਭਾ ਸੀਟਾਂ ਜੋੜੀਆਂ ਗਈਆਂ ਹਨ।

ਚੌਥੇ ਪੜਾਅ ਦੇ ਨਾਲ, 543 ਲੋਕ ਸਭਾ ਸੀਟਾਂ ਵਿੱਚੋਂ 379 'ਤੇ ਵੋਟਿੰਗ ਪੂਰੀ ਹੋ ਗਈ ਹੈ, ਯਾਨੀ ਦੋ ਤਿਹਾਈ ਤੋਂ ਵੱਧ। ਚਾਰੇ ਪੜਾਵਾਂ ਵਿੱਚ 2019 ਦੇ ਮੁਕਾਬਲੇ ਘੱਟ ਵੋਟਿੰਗ ਹੋਈ। ਇਸ ਨੂੰ ਲੈ ਕੇ ਸਿਆਸੀ ਪਾਰਟੀਆਂ ਅਤੇ ਵਿਸ਼ਲੇਸ਼ਕ ਸਭ ਚਿੰਤਤ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਵੋਟਰਾਂ ਦੇ ਮਨਾਂ ਵਿੱਚ ਵੋਟਿੰਗ ਨੂੰ ਲੈ ਕੇ ਉਤਸ਼ਾਹ ਦੀ ਕਮੀ ਦਿਖਾਈ ਦਿੰਦੀ ਹੈ। ਪਾਰਟੀਆਂ ਇਸ ਗੱਲੋਂ ਚਿੰਤਤ ਹਨ ਕਿ ਜਿਹੜੇ ਵੋਟਰ ਵੋਟ ਪਾਉਣ ਨਹੀਂ ਗਏ ਉਹ ਉਨ੍ਹਾਂ ਦੇ ਸਮਰਥਕ ਹਨ ਜਾਂ ਨਹੀਂ।

ਵਿਰੋਧੀ ਪਾਰਟੀਆਂ ਇਸ ਨੂੰ ਆਪਣੀ ਜਿੱਤ ਦਾ ਸੰਕੇਤ ਮੰਨ ਰਹੀਆਂ ਹਨ, ਜਦਕਿ ਭਾਜਪਾ ਇਸ ਨਾਲ ਅਸਹਿਮਤ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਾਈਮਜ਼ ਆਫ਼ ਇੰਡੀਆ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਘੱਟ ਮਤਦਾਨ ਨਾਲ ਵਿਰੋਧੀ ਧਿਰ ਨੂੰ ਚਿੰਤਾ ਕਰਨੀ ਚਾਹੀਦੀ ਹੈ ਕਿਉਂਕਿ ਇਸਦਾ ਮਤਲਬ ਹੈ ਕਿ ਵਿਰੋਧੀ ਸਮਰਥਕਾਂ ਵਿੱਚ ਕੋਈ ਉਤਸ਼ਾਹ ਨਹੀਂ ਹੈ।

ਹਾਲਾਂਕਿ ਭਾਜਪਾ ਦੇ ਨਵੇਂ ਇਸ਼ਤਿਹਾਰ ਘੱਟ ਮਤਦਾਨ ਦੀ ਹੀ ਗੱਲ ਕਰ ਰਹੇ ਹਨ। ਸੋਮਵਾਰ ਨੂੰ, ਐਕਸ 'ਤੇ ਪਾਰਟੀ ਦੇ ਹੈਂਡਲ ਦੁਆਰਾ ਇੱਕ ਵੀਡੀਓ ਇਸ਼ਤਿਹਾਰ ਪੋਸਟ ਕੀਤਾ ਗਿਆ ਸੀ, ਜਿਸ ਵਿੱਚ ਮਸ਼ਹੂਰ ਅਭਿਨੇਤਰੀ ਰੂਪਾਲੀ ਗਾਂਗੁਲੀ ਲੋਕਾਂ ਨੂੰ 'ਜਾਨਾ ਹੈ ਤੋਂ ਜਾਨਾ ਹੈ' ਦੇ ਨਾਅਰੇ ਨਾਲ ਵੋਟ ਪਾਉਣ ਲਈ ਪ੍ਰੇਰਿਤ ਕਰਦੀ ਨਜ਼ਰ ਆ ਰਹੀ ਹੈ।



## ਸੌਖਾ ਨਹੀਂ ਵਿਕਾਸਸ਼ੀਲ ਤੋਂ

ਇਹ ਪ੍ਰਸਥਿਤੀਆਂ ਚਿੰਤਾਜਨਕ ਹਨ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਵਿਕਸਤ ਦੇਸ਼ ਦਾ ਪੈਂਡਾ ਤਹਿ ਕਰਨ ਲਈ ਵੱਡੀ ਰੁਕਾਵਟ ਹਨ। ਦੇਸ਼ 'ਚ ਘੱਟ ਗਿਣਤੀਆਂ ਨੂੰ ਮਨ ਤੋਂ ਹੀ ਦੋ ਨੰਬਰ ਦੇ ਸ਼ਹਿਰੀ ਗਰਦਾਨ ਦੇਣਾ, ਗਰੀਬ ਗੁਰਬਿਆਂ ਦੀ ਸਾਰ ਨਾ ਲੈ ਕੇ ਧੰਨ ਕੁਬੇਰਾਂ ਦਾ ਪੱਖ ਪੂਰਨਾ, ਦੇਸ਼ ਦੀ ਕੁਦਰਤੀ ਅਤੇ ਸਰਕਾਰੀ ਸੰਪਤੀ ਕਾਰਪੋਰੇਟਾਂ ਹੱਥ ਸੌਂਪਕੇ ਦੇਸ਼ 'ਚ ਆਮ ਲੋਕਾਂ ਦੀ ਲੁੱਟ ਅਤੇ ਆਰਥਿਕ ਨਾ ਬਰਾਬਰੀ ਦਾ ਰਾਹ ਪੱਧਰਾ ਕਰਨਾ, ਵਿਕਸਤ ਦੇਸ਼ ਵੱਲ ਵਧਣ ਵਾਲੇ ਕਦਮ 'ਚ ਜੰਜ਼ੀਰ ਪਾਉਣ ਸਮਾਨ ਹੈ।

ਬਿਨ੍ਹਾਂ ਸ਼ੱਕ ਦੇਸ਼ ਦੇ ਵਿਗਿਆਨਕਾਂ ਵੱਲੋਂ ਪੁਲਾੜੀ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ, ਆਰਟੀਫੀਸ਼ੀਅਲ ਇੰਨਟੈਂਲੀਜੈਂਸ, ਸੈਮੀਕੰਡਕਟਰ, ਊਰਜਾ ਅਤੇ ਨਵੇਂ ਤਕਨੀਕੀ ਵਿਕਾਸ ਕਾਰਨ ਦੇਸ਼ ਭਾਰਤ ਨੂੰ ਆਰਥਿਕ ਵਿਕਾਸ ਦੀ ਗਤੀ ਮਿਲ ਰਹੀ ਹੈ, ਪਰ ਭਾਰਤ ਦੇ ਪਿਛਲੇ 75 ਵਰ੍ਹਿਆਂ ਦੀਆਂ ਪ੍ਰਾਪਤੀਆਂ ਸੰਤੋਸ਼ਜਨਕ ਨਹੀਂ ਰਹੀਆਂ।

ਇਹਨਾਂ ਸਾਲਾਂ 'ਚ ਜਨਸੰਖਿਆ ਵਧੀ ਹੈ, ਜਿਸਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਦੇਸ਼ ਦੀ ਅਰਥ ਵਿਵਸਥਾ ਸਿਰਫ ਖੇਤੀ ਤੇ ਹੀ ਨਿਰਭਰ ਰਹੀ ਹੈ, ਉਦਯੋਗ ਤੇ ਸੇਵਾ ਸੈਕਟਰ ਦਾ ਯੋਗਦਾਨ ਅਨੁਪਾਤਕ ਘੱਟ ਰਿਹਾ ਹੈ। ਇਹਨਾ ਸਾਲਾਂ 'ਚ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਟੈਕਨੌਲੌਜੀ ਵਰਤਣ 'ਚ ਅਸੀਂ ਪਿੱਛੇ ਰਹੇ ਹਾਂ। ਜ਼ਿੰਦਗੀ ਜੀਊਣ ਦੇ ਪੱਧਰ 'ਚ ਕੋਈ ਵਰਨਣਯੋਗ ਵਾਧਾ ਨਹੀਂ ਹੋਇਆ।

ਸਾਡੇ ਪਿੰਡਾਂ ਦੇ ਲੱਖਾਂ ਲੋਕ ਹੁਣ ਵੀ ਹਰ ਰੋਜ਼ ਭੁੱਖੇ ਸੌਂਦੇ ਹਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ ਜਿਹੀਆਂ ਬੁਨਿਆਦੀ ਲੋੜਾਂ ਤੋਂ ਵਿਰਵੇ ਹਨ। ਸ਼ਹਿਰਾਂ 'ਚ ਕਚਰੇ ਦੇ ਢੇਰ ਹਨ, ਪਾਣੀ, ਬਿਜਲੀ ਦਾ ਸੰਕਟ ਹਰ ਵੇਲੇ ਮੰਡਰਾਉਂਦਾ ਹੈ।

ਸਭ ਤੋਂ ਵੱਡੀ ਤ੍ਰਾਸਦੀ ਤਾਂ ਇਹ ਹੈ ਕਿ ਜਿਹਨਾਂ ਸਿਆਸਤਦਾਨਾਂ ਨੇ ਦੇਸ਼ ਦੀ ਦਿੱਖ ਸੁਆਰਨੀ ਹੈ, ਲੋਕਾਂ ਲਈ ਸੁਵਿਧਾਵਾਂ ਦਾ ਪ੍ਰਬੰਧ ਕਰਨਾ ਹੈ, ਉਹ ਰਾਜ ਨੇਤਾ ਬੱਸ 'ਮਾਈ ਬਾਪ' 'ਰਾਜੇ' ਬਨਣ ਵੱਲ ਤੁਰੇ ਹੋਏ ਹਨ।

ਵਿਕਸਤ ਦੇਸ਼ਾਂ ਦੇ ਲੋਕ ਆਪਣੇ ਜੀਵਨ ਨੂੰ ਬਿਹਤਰ ਬਨਾਉਣ ਦੀਆਂ ਮੰਗਾਂ ਤੇ ਵੋਟਾਂ ਦਿੰਦੇ ਹਨ, ਪਰ ਸਾਡੇ ਦੇਸ਼ ਦੇ ਲੋਕਾਂ ਨੂੰ ਧਰਮ ਧਰੁਵੀਕਰਨ ਦੀ ਰਾਜਨੀਤੀ ਨਾਲ ਹਾਕਮਾਂ ਨੇ ਉਲਝਾਇਆ ਹੋਇਆ ਹੈ। ਇਸ ਲਈ ਸੰਯੁਕਤ ਰਾਸ਼ਟਰ ਸੰਘ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ ਅਤੇ ਵਿਸ਼ਵ ਆਰਥਿਕ ਮੰਚ ਜਿਹੀਆਂ ਏਜੰਸੀਆਂ ਵਲੋਂ ਹੇਠਲੀ ਮੱਧ ਆਮਦਨ ਵਰਗ ਵਾਲੇ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਭਾਰਤ ਵਰਗੇ ਦੇਸ਼ ਲਈ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਦੀ ਲਕੀਰ ਨੂੰ ਲੰਘਣਾ ਸੌਖਾ ਨਹੀਂ।

ਇਸ ਵੇਲੇ ਭਾਰਤੀ ਲੋਕਤੰਤਰ ਨੂੰ ਜਨਸੰਖਿਆ, ਨਿਆਂ ਸਬੰਧੀ, ਲੋਕਤੰਤਰੀ ਕਦਰਾਂ ਕੀਮਤਾਂ ਸਬੰਧੀ ਚੁਣੌਤੀਆਂ ਹਨ। ਭਾਰਤੀ ਲੋਕਤੰਤਰ ਬਣੇ ਰਹਿਣ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਇਸ ਆਸ 'ਚ ਬੈਠੇ ਹਨ ਕਿ ਉਹਨਾਂ ਨੂੰ ਨਿਰਪੱਖ ਤੌਰ 'ਤੇ ਵਿਗਸਣ ਦਾ ਮੌਕਾ ਮਿਲੇ ਅਤੇ ਉਹਨਾਂ ਉਤੇ ਕੁਝ ਵੀ ਜ਼ਬਰੀ ਨਾ ਥੋਪਿਆ ਜਾਵੇ, ਨਹੀਂ ਤਾਂ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਕਰਨਾ ਦੇਸ਼ ਲਈ ਔਖਾ ਹੋ ਜਾਵੇਗਾ।

***

## ਪੱਛਮੀ ਏਸ਼ੀਆ ਦਾ ਨਾ ਖ਼ਤਮ

ਉਹ ਨਹੀਂ ਚਾਹੁੰਦੇ ਕਿ ਸ਼ੀਆ ਦੇਸ਼ ਈਰਾਨ ਕੋਲ ਪਰਮਾਣੂ ਬੰਬ ਹੋਣ। ਜਾਰਡਨ ਦੀ ਹਵਾਈ ਫ਼ੌਜ ਨੇ ਤਾਂ ਇਰਾਨੀ ਹਮਲੇ ਨੂੰ ਨਾਕਾਮ ਕਰਨ ਵਿੱਚ ਇਜ਼ਰਾਈਲ ਦੀ ਮਦਦ ਵੀ ਕੀਤੀ। ਮੰਨਿਆ ਜਾਂਦਾ ਹੈ ਕਿ ਇਜ਼ਰਾਈਲੀ ਖ਼ੁਫ਼ੀਆ ਏਜੰਸੀਆਂ ਲੰਬੇ ਸਮੇਂ ਤੋਂ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਇਰਾਨੀ ਵਿਗਿਆਨੀਆਂ ਨੂੰ ਨਿਸ਼ਾਨਾ ਬਣਾਉਣ ਦੇ ਨਾਲ-ਨਾਲ ਹੋਰ ਤਬਾਹਕੁੰਨ ਕਾਰਵਾਈਆਂ ਕਰਦੀਆਂ ਆਈਆਂ ਹਨ। ਇਰਾਨ ਦੇ ਹਮਲੇ ਦੇ ਜਵਾਬ ਵਿੱਚ ਇਜ਼ਰਾਈਲ ਨੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਸਿੱਧਾ ਨਿਸ਼ਾਨਾ ਤਾਂ ਨਹੀਂ ਬਣਾਇਆ ਪਰ ਉਨ੍ਹਾਂ ਸ਼ਹਿਰਾਂ ਦੇ ਫ਼ੌਜੀ ਟਿਕਾਣਿਆਂ 'ਤੇ ਕਾਰਵਾਈ ਕੀਤੀ ਜਿੱਥੇ ਉਸ ਦੇ ਪਰਮਾਣੂ ਪਲਾਂਟ ਵੀ ਹਨ। ਇਰਾਨੀ ਸੂਤਰ ਇਸ ਹਮਲੇ ਨੂੰ ਇਕ ਛੋਟਾ ਅਤੇ ਅਸਫਲ ਡ੍ਰੋਨ ਹਮਲਾ ਕਰਾਰ ਦੇ ਰਹੇ ਹਨ ਕਿਉਂਕਿ ਸੱਚ ਸਵੀਕਾਰਨ 'ਤੇ ਇਰਾਨ ਨੂੰ ਫਿਰ ਤੋਂ ਇਜ਼ਰਾਈਲ 'ਤੇ ਹਮਲੇ ਕਰਨੇ ਹੋਣਗੇ ਜੋ ਪਹਿਲਾਂ ਦੀ ਤਰ੍ਹਾਂ ਹੀ ਨਾਕਾਮ ਕਰ ਦਿੱਤੇ ਜਾਣਗੇ ਅਤੇ ਉਸ ਦੀ ਕਮਜ਼ੋਰੀ ਪੋਲ ਮੁੜ ਖੁੱਲ੍ਹ ਜਾਵੇਗੀ। ਇਰਾਨ ਦਾ ਵਿਵਹਾਰ ਬਾਲਾਕੋਟ ਵਿੱਚ ਭਾਰਤ ਦੇ ਹਮਲੇ ਤੋਂ ਬਾਅਦ ਪਾਕਿਸਤਾਨ ਵਰਗਾ ਹੈ। ਇਜ਼ਰਾਈਲ ਨੇ ਸ਼ਾਇਦ ਇਸੇ ਲਈ ਇਰਾਨ 'ਤੇ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਕਿਉਂਕਿ ਅਜਿਹਾ ਕਰਨਾ ਰੂਸੀ ਹਵਾਈ ਫ਼ੌਜ ਨੂੰ ਇਰਾਨ ਵਿੱਚ ਆਉਣ ਦਾ ਬਹਾਨਾ ਦੇ ਸਕਦਾ ਸੀ ਜਿਵੇਂ ਕਿ ਸੀਰੀਆ ਵਿੱਚ ਦੇਖਿਆ ਜਾ ਚੁੱਕਾ ਹੈ ਅਤੇ ਅਮਰੀਕਾ ਅਜਿਹਾ ਨਹੀਂ ਚਾਹੁੰਦਾ।

ਪੱਛਮੀ ਏਸ਼ੀਆ 'ਚ ਇਰਾਨ-ਇਜ਼ਰਾਈਲ ਦਾ ਟਕਰਾਅ ਪਹਿਲਾਂ ਹੀ ਯੂਕਰੇਨ ਵਿੱਚ ਅਮਰੀਕਾ ਸਮਰਥਿਤ ਫ਼ੌਜੀ ਮੁਹਿੰਮ ਦੀ ਧਾਰ ਖੁੰਢੀ ਕਰ ਰਿਹਾ ਹੈ। ਅਜਿਹੇ 'ਚ ਇਨ੍ਹਾਂ ਦੋਵਾਂ ਦੇਸ਼ਾਂ ਦਾ ਟਕਰਾਅ ਹੌਲੀ-ਹੌਲੀ ਤੇਜ਼ੀ ਫੜਨ ਤੇ ਵਿਸ਼ਵ ਸ਼ਾਂਤੀ ਨੂੰ ਸੰਕਟ ਵਿੱਚ ਪਾਉਣ ਵਾਲਾ ਹੋ ਸਕਦਾ ਹੈ ਜਿਸ ਦੀ ਮਾਰ ਹੇਠ ਦੇਰ-ਸਵੇਰ ਇਰਾਨੀ ਪਰਮਾਣੂ ਪ੍ਰੋਗਰਾਮ ਵੀ ਆ ਸਕਦਾ ਹੈ। ਇਹ ਸਾਫ਼ ਹੈ ਕਿ ਪੱਛਮੀ ਏਸ਼ੀਆ ਵਿੱਚ ਕਿਉਂਕਿ ਅਮਨ-ਅਮਾਨ ਦੇ ਆਸਾਰ ਨਹੀਂ ਹਨ, ਇਸ ਲਈ ਭਾਰਤ ਨੂੰ ਬਹੁਤ ਚੌਕਸ ਰਹਿਣਾ ਹੋਵੇਗਾ। ਸਾਲ 2006 'ਚ ਜਦੋਂ ਇਜ਼ਰਾਈਲ ਤੇ ਲੈਬਨਾਨ ਵਿਚਾਲੇ ਜੰਗ ਚੱਲ ਰਹੀ ਸੀ, ਤਦ ਸੰਯੁਕਤ ਰਾਸ਼ਟਰ 'ਚ ਪਾਸ ਹੋਏ ਇਕ ਸਮਝੌਤੇ ਦੇ ਆਧਾਰ 'ਤੇ ਅਮਰੀਕਾ ਤੇ ਫਰਾਂਸ ਨੇ ਦਖ਼ਲ ਦਿੱਤਾ ਸੀ, ਤਦ ਜਾ ਕੇ ਹਿੰਸਾ ਦਾ ਉਹ ਦੌਰ ਖ਼ਤਮ ਹੋਇਆ ਸੀ। ਅਜਿਹੇ ਕੁਝ ਉੱਦਮ ਇਸ ਵਾਰ ਵੀ ਸੰਯੁਕਤ ਰਾਸ਼ਟਰ ਤੇ ਅਮਰੀਕਾ ਜਿਹੇ ਦੁਨੀਆ ਦੇ ਮਜ਼ਬੂਤ ਦੇਸ਼ਾਂ ਨੂੰ ਕਰਨੇ ਹੋਣਗੇ, ਨਹੀਂ ਤਾਂ ਮਨੁੱਖਤਾ ਦਾ ਘਾਣ ਲਗਾਤਾਰ ਹੁੰਦਾ ਰਹੇਗਾ।

***

## ਸਤਾਈ ਮੀਲ

ਉਦਣ ਜਦੋਂ ਉਸ ਯੂਨੀਅਨ ਆਗੂ ਦੀ ਘਰਵਾਲੀ ਤੇ ਨਿਆਣੇ ਵਿਲਕਦੇ ਸਨ ਤੇ ਐਮ.ਪੀ. ਸਾਹਿਬ ਮਗਰਮੱਛ ਦੇ ਅੱਥਰੂ ਸਿੱਟਦੇ ਉਨ੍ਹਾਂ ਨੂੰ ਢਾਰਸ ਦੇ ਰਹੇ ਸਨ ਤੇ ਫਿਰ ਪੰਜ ਹਜ਼ਾਰ ਰੁਪਏ ਫੜ ਕੇ ਰੋਂਦੀ ਹੋਈ ਵਿਧਵਾ ਐਮ.ਪੀ. ਸਾਹਿਬ ਦੇ ਪੈਰੀਂ ਹੱਥ ਲਾ ਕੇ ਉਨ੍ਹਾਂ ਨੂੰ ਪਰਮਾਤਮਾ ਦਾ ਰੂਪ ਕਹਿ ਰਹੀ ਸੀ। ਕਰਨੈਲ ਦੇ ਜੀਅ 'ਚ ਆਇਆ ਸੀ ਕਿ ਐਮ.ਪੀ. ਸਾਹਿਬ ਨੂੰ ਗੋਲੀ ਮਾਰ ਦੇਵੇ ਤੇ ਉਸ ਤੋਂ ਬਾਅਦ ਉਹਨੇ ਕਿੰਨੀ ਵਾਰ ਅਜਿਹਾ ਸੋਚਿਆ ਹੈ, ਪਰ ਕੀ ਕਰ ਲਿਆ ਉਹਨੇ। ਫਿਰ ਜਦੋਂ ਐਮ.ਪੀ. ਸਾਹਿਬ ਇੱਕ ਗੜਬੜ ਵਾਲੇ ਇਲਾਕੇ 'ਚ ਭੇਜੇ ਸਨ ਕੇਂਦਰ ਨੇ। ਉਥੇ ਪਤਾ ਨਹੀਂ ਕਿਵੇਂ ਜਲਸੇ 'ਚ ਐਮ.ਪੀ. ਸਾਹਿਬ ਸੱਚੀਆਂ ਗੱਲਾਂ ਕਹਿ ਬੈਠੇ ਸਨ ਜਿਹੜੀਆਂ ਉਨ੍ਹਾਂ ਦੀ ਪਾਰਟੀ ਦੇ ਹੱਕ 'ਚ ਨਹੀਂ ਸਨ। ਉਥੇ ਦੇ ਲੋਕ ਬਹੁਤ ਖ਼ੁਸ਼ ਸਨ। ਕਰਨੈਲ ਵੀ ਉਨ੍ਹਾਂ ਦੀਆਂ ਗੱਲਾਂ ਤੋਂ ਖ਼ੁਸ਼ ਹੋਇਆ ਸੀ ਪਰ ਸ਼ਾਮ ਵੇਲੇ ਜਦੋਂ ਅਜੇ ਸਾਹਿਬ ਦੇ ਕੰਨਾਂ 'ਚ ਤਾੜੀਆਂ ਦੀ ਗੂੰਜ, ਗੂੰਜ ਰਹੀ ਸੀ ਤਾਂ ਦਿੱਲੀਓਂ ਬੁਲਾਵਾ ਆ ਗਿਆ ਸੀ 'ਭਾਈ ਸਾਹਿਬ' ਦਾ। ਇਹ 'ਭਾਈ ਸਾਹਿਬ' ਨਾ ਤਾਂ ਕੋਈ ਐਮ.ਪੀ. ਨੇ, ਨਾ ਹੀ ਪ੍ਰਧਾਨ ਪਰ ਸਾਰੇ ਐਮ.ਪੀ. ਇਨ੍ਹਾਂ ਤੋਂ ਬਹੁਤ ਡਰਦੇ ਨੇ। ਜਦੋਂ ਸਵੇਰੇ ਉਹ 'ਭਾਈ ਸਾਹਿਬ' ਦੀ ਕੋਠੀ ਪਹੁੰਚੇ ਤਾਂ ਉਹ ਕਿਤੇ ਜਾਣ ਲਈ ਤਿਆਰ ਖੜ੍ਹੇ ਸਨ। ਤੁਸੀਂ ਮੇਰੀ ਗੱਡੀ 'ਚ ਹੀ ਆ ਜਾਓ। ਆਪਣੀਆਂ ਗੱਡੀਆਂ ਪਿੱਛੇ ਆਉਣ ਦਿਓ, ਰਸਤੇ 'ਚ ਹੀ ਗੱਲ ਕਰਾਂਗੇ। ਭਾਈ ਸਾਹਿਬ ਦੇ ਤੇਵਰ ਚੜ੍ਹੇ ਹੋਏ ਸਨ।

ਕਰਨੈਲ ਵੀ ਉਨ੍ਹਾਂ ਦੇ ਨਾਲ ਹੀ ਗੱਡੀ 'ਚ ਬੈਠ ਗਿਆ ਸੀ। ਵਿੱਚ ਬੈਠਦਿਆਂ ਹੀ 'ਭਾਈ ਸਾਹਿਬ' ਨੇ ਤਾਜ਼ਾ ਅਖ਼ਬਾਰਾਂ ਐਮ.ਪੀ. ਸਾਹਿਬ ਮੂਹਰੇ ਲਗਭਗ ਸਿੱਟਦਿਆਂ ਕਿਹਾ ਸੀ, ਸੁਣਿਐ ਜਨਤਾ ਦਾ ਪਿਆਰ ਜਾਗ ਪਿਐ ਤੁਹਾਡੇ ਮਨ 'ਚ ਗੁਰਮੁਖ ਸਿੰਘ, ਤੇ ਇਹ ਕੁਰਸੀ ਛੱਡ ਕੇ ਜਾਣਾ ਚਾਹੁੰਦੇ ਹੋ...।

ਨਹੀਂ, ਨਹੀਂ...ਗਲਤੀ ਹੋ ਗਈ ਭਾਈ ਸਾਹਿਬ। ਪਤਾ ਨਹੀਂ ਲੱਗਿਆ, ਐਵੇਂ ਜਜ਼ਬਾਤੀ ਹੋ ਕੇ...। ਐਮ.ਪੀ. ਸਾਹਿਬ 'ਭਾਈ ਸਾਹਿਬ' ਦੇ ਪੈਰ ਫੜਨ ਲੱਗੇ ਸਨ। ਪਰ ਉਹ ਉਸੇ ਲਹਿਜੇ 'ਚ ਬੋਲੇ, ਤੁਸੀਂ ਰੇਸ ਕੋਰਸ 'ਚ ਮੇਰੇ ਨਾਲ ਗਏ ਹੋ ਕਈ ਵਾਰ...ਮੈਂ ਕਦੇ ਹਾਰਨ ਵਾਲੇ ਘੋੜੇ 'ਤੇ ਪੈਸੇ ਨਹੀਂ ਲਾਉਂਦਾ...ਸਮਝੇ। ਤੇ ਐਮ.ਪੀ. ਸਾਹਿਬ ਰੋ ਹੀ ਤਾਂ ਪਏ ਸਨ। ਕਰਨੈਲ ਹੈਰਾਨ ਹੋਇਆ ਬੈਠਾ ਸੀ।

ਜਦੋਂ ਕਰਨੈਲ ਪਿੰਡ ਹੁੰਦਾ ਸੀ ਤਾਂ ਸਭ ਤੋਂ ਵੱਧ ਠਾਣੇਦਾਰ ਤੋਂ ਡਰਦਾ ਹੁੰਦਾ ਸੀ। ਉਹ ਠਾਣੇਦਾਰ ਨੂੰ ਹੀ ਵੱਡਾ ਅਫ਼ਸਰ ਸਮਝਦਾ ਹੁੰਦਾ ਸੀ ਪਰ ਜਦ ਉਸ ਨੇ ਠਾਣੇਦਾਰ ਤਾਂ ਕੀ, ਐਸ ਪੀ. ਵੀ ਐਮ.ਪੀ. ਸਾਹਿਬ ਦੇ ਪੈਰੀਂ ਹੱਥ ਲਾਉਂਦੇ ਵੇਖੇ ਤਾਂ ਉਹ ਐਮ.ਪੀ. ਸਾਹਿਬ ਨੂੰ ਸਭ ਤੋਂ ਵੱਡਾ ਸਮਝਣ ਲੱਗਾ ਸੀ ਪਰ ਅੱਜ ਉਸ ਨੇ ਵੇਖਿਆ ਕਿ ਅਸਲ ਵਿੱਚ 'ਭਾਈ ਸਾਹਿਬ'...।

ਗੱਡੀ ਰਾਹ 'ਚ ਹੀ ਰੁਕ ਗਈ ਸੀ। ਠਰੰਮੇ ਨਾਲ ਕਿਹਾ ਸੀ 'ਭਾਈ ਸਾਹਿਬ' ਨੇ, ਜਾਓ ਤੇ ਸਭ ਠੀਕ ਕਰ ਕੇ ਆਓ।

ਉਹ ਉਤਰਨ ਲੱਗੇ ਤਾਂ ਕਰਨੈਲ ਦੇ ਮੋਢੇ 'ਤੇ ਹੱਥ ਮਾਰ ਕੇ ਕਿਹਾ ਸੀ ਭਾਈ ਸਾਹਿਬ ਨੇ, ਇਹ ਗੱਲਾਂ ਗੱਡੀ 'ਚ ਹੀ ਛੱਡ ਜਾਈਂ ਲੜਕੇ...।

ਜੀ ਕਿਹੜੀਆਂ ਗੱਲਾਂ ? ਹੈਰਾਨੀ ਦਾ ਅਭਿਨੈ ਕਰਦਿਆਂ ਕਰਨੈਲ ਨੇ ਪੁੱਛਿਆ ਤਾਂ ਉਹ ਮੁਸਕਰਾ ਪਏ ਤੇ ਉਹਦਾ ਮੋਢਾ ਥਪਥਪਾਇਆ, ਸ਼ਾਬਾਸ਼। ਫਿਰ ਐਮ.ਪੀ. ਸਾਹਿਬ ਵੱਲ ਦੇਖ ਕੇ ਬੋਲੇ, ਕਾਮ ਕਾ ਆਦਮੀ ਹੈ।

ਐਮ.ਪੀ. ਸਾਹਿਬ ਉਥੋਂ ਸਿੱਧੇ ਗਏ ਸਨ ਉਸੇ ਇਲਾਕੇ 'ਚ। ਇੱਕ ਪਾਰਟੀ ਨੇਤਾ ਦੇ ਘਰ ਠਹਿਰ, ਉਨ੍ਹਾਂ ਟਰਾਂਸਪੋਰਟ ਸਕੱਤਰ ਤੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਬੁਲਾਇਆ ਸੀ। ਉਨ੍ਹਾਂ ਨੂੰ ਕਿਹਾ ਸੀ ਕਿ ਉਹ ਕੱਲ੍ਹ ਦੇ ਅਖ਼ਬਾਰਾਂ 'ਚ ਬਿਆਨ ਦੇਣ ਕਿ ਰਾਜ ਵਿੱਚ ਬਿਜਲੀ ਦੇ ਰੇਟ ਤੇ ਬੱਸਾਂ ਦੇ ਕਿਰਾਏ ਵਧਾਏ ਜਾਣਗੇ। ਸਥਾਨਕ ਨੇਤਾ ਨੂੰ ਕਿਹਾ ਕਿ ਦੋ ਦਿਨ ਬਾਅਦ ਜਲਸਾ ਰੱਖੋ। ਦੂਜੇ ਦਿਨ ਅਖ਼ਬਾਰਾਂ ਪੜ੍ਹ ਕੇ ਰਾਜ ਵਿੱਚ ਖਲਬਲੀ ਮੱਚ ਗਈ ਸੀ। ਕਿਸਾਨ ਤੇ ਹੋਰ ਲੋਕ ਪਿੱਟ ਉਠੇ ਸਨ। ਅਗਲੇ ਦਿਨ ਜਲਸੇ 'ਚ ਰੋਸ ਪ੍ਰਗਟ ਕਰਨ ਲਈ ਕਈ ਨੇਤਾਵਾਂ ਦਾ ਘਿਰਾਓ ਕਰਨ ਲਈ ਵੱਡੀ ਗਿਣਤੀ 'ਚ ਲੋਕ ਪਹੁੰਚੇ। ਪਹਿਲਾਂ ਤਾਂ ਜ਼ਿੰਦਾਬਾਦ ਮੁਰਦਾਬਾਦ ਨੇ ਕਿੰਨਾ ਚਿਰ ਜਲਸਾ ਚੱਲਣ ਹੀ ਨਾ ਦਿੱਤਾ ਪਰ ਵਾਰ-ਵਾਰ ਕਹਿਣ 'ਤੇ ਜਦੋਂ ਲੋਕ ਸ਼ਾਂਤ ਹੋਏ ਤਾਂ ਯੋਜਨਾ ਮੁਤਾਬਕ ਸਥਾਨਕ ਨੇਤਾਵਾਂ ਨੇ ਬਾਹਵਾਂ ਮਾਰ-ਮਾਰ ਕੇ, ਸੰਘ ਪਾੜ-ਪਾੜ ਕੇ ਕੇਂਦਰ ਤੋਂ ਆਏ ਐਮ.ਪੀ. ਸਾਹਿਬ ਤੋਂ ਵਧੇ ਹੋਏ ਰੇਟ ਅਤੇ ਕਿਰਾਏ ਵਾਪਸ ਲੈਣ ਦੀ ਮੰਗ ਦੁਹਰਾਈ।

ਅਖੀਰ ਐਮ.ਪੀ. ਸਾਹਿਬ ਉਠੇ ਸਨ ਤੇ ਇਸੇ ਥਾਂ ਆਪਣੀਆਂ ਕਹੀਆਂ ਠੀਕ ਗੱਲਾਂ ਦੇ ਉਲਟ ਸਾਰੀਆਂ ਗੱਲਾਂ 'ਸੁਚੱਜੇ ਢੰਗ' ਨਾਲ ਕਹੀਆਂ। ਲੋਕ ਚੁੱਪ-ਚਾਪ ਸੁਣਦੇ ਰਹੇ। ਅੱਜ ਅਸਲੀ ਮੁੱਦਾ ਵਧੇ ਹੋਏ ਰੇਟ ਵਾਪਸ ਲੈਣ ਦਾ ਸੀ; ਪਰ ਮਨ ਹੀ ਮਨ ਕੁੜ੍ਹ ਰਿਹਾ ਸੀ ਕਰਨੈਲ। ਐਮ.ਪੀ. ਸਾਹਿਬ ਨੇ ਬੜੇ ਅੰਦਾਜ਼ 'ਚ ਕਿਹਾ ਸੀ, ਅੱਜ ਜਦੋਂ ਮੈਂ ਸਵੇਰੇ ਦਿੱਲੀਓਂ ਤੁਰਿਆ ਤਾਂ ਪ੍ਰਧਾਨ ਮੰਤਰੀ ਜੀ ਨਾਲ ਮੁਲਾਕਾਤ ਹੋਈ। ਵਧਾਏ ਹੋਏ ਕਿਰਾਏ ਤੇ ਰੇਟ ਵਾਪਸ ਲੈਣ ਬਾਰੇ ਮੈਂ ਬੜਾ ਜ਼ੋਰ ਪਾਇਆ ਤੇ ਤੁਹਾਡੇ ਸਾਰਿਆਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ ਪ੍ਰਧਾਨ ਮੰਤਰੀ ਜੀ ਨੇ ਕਿਹੈ ਕਿ ਕਿਰਾਏ ਅਤੇ ਬਿਜਲੀ ਦੇ ਰੇਟ ਨਹੀਂ ਵਧਾਏ ਜਾਣਗੇ, ਮੈਂ...। ਪਰ ਅਗਲੀ ਗੱਲ ਪ੍ਰਧਾਨ ਮੰਤਰੀ ਐਮ.ਪੀ. ਸਾਹਿਬ ਤੇ ਪਾਰਟੀ ਜ਼ਿੰਦਾਬਾਦ ਦੇ ਨਾਹਰਿਆਂ 'ਚ ਗੁਆਚ ਗਈ। ਕਰਨੈਲ ਜੋ ਐਮ.ਪੀ. ਸਾਹਿਬ ਨਾਲ ਸਟੇਜ 'ਤੇ ਖੜ੍ਹਾ ਸੀ, ਤੜਫ ਰਿਹਾ ਸੀ।

ਸਾਲੇ ਬੇਵਕੂਫ ਲੋਕ...। ਉਹਦਾ ਜੀਅ ਕੀਤਾ ਕਿ ਚੀਕ ਕੇ ਕਹੇ, ਇਹ ਬਕਵਾਸ ਕਰਦੈ ਲੋਕੋ, ਇਹ ਕੰਜਰ ਤਾਂ ਚਾਰ ਦਿਨਾਂ ਦਾ ਇੱਥੇ ਹੀ ਡੇਰਾ ਲਾਈ ਬੈਠੈ। ਇਹ ਰੇਟ ਇਹਨੇ ਹੀ ਵਧਾਏ ਤੇ ਵਾਪਸ ਲਏ ਨੇ। ਇਹ ਕਮੀਨੈ, ਮੱਕਾਰ ਐ। ਪਰ ਉਹ ਉਵੇਂ ਹੀ ਹਥਿਆਰ ਹੱਥ 'ਚ ਫੜੀ ਬੜੀ ਚੌਕਸੀ ਨਾਲ ਚੁਫੇਰੇ ਦੇਖਦਾ ਰਿਹਾ ਸੀ, ਬੱਸ।

ਆਪ ਸੋ ਜਾਈਏ ਕਰਨੈਲ ਭਾਈ, ਹਮ ਪੂਰਾ ਧਿਆਨ ਰੱਖੇਂਗੇ। ਯੇਹ ਔਰਤ ਹਮੇਂ ਵੀ ਸ਼ੱਕੀ ਲਗਤੀ ਹੈ।

ਗਾਰਡ ਉਪਰ ਆ ਗਏ ਨੇ। ਕਰਨੈਲ ਨੇ ਘੜੀ ਦੇਖੀ, ਸਮਾਂ ਗਿਆਰਾਂ ਤੋਂ ਉਪਰ ਹੋ ਗਿਆ ਹੈ। ਸਾਹਮਣੇ ਵਾਲੀ ਬੱਤੀ ਬੁੱਝ ਗਈ ਹੈ। ਉਹ ਸੌਂ ਗਏ ਨੇ ਸ਼ਾਇਦ। ਉਹ ਹਿਸਾਬ ਲਾਉਂਦਾ ਬੁੜਬੁੜਾਉਂਦਾ ਹੈ, ਸਾਢੇ ਛੇ ਜਾਗਦੀ ਹੈ...ਗਿਆਰਾਂ ਵਜੇ ਸੌਂਦੀ ਹੈ...ਇਉਂ ਬਣੇ ਸਾਢੇ ਸੋਲਾਂ ਘੰਟੇ...ਏਸ ਸਮੇਂ ਹੀ ਖਾਦੀ-ਪੀਂਦੀ ਤੇ ਨਹਾਉਂਦੀਹੈ...ਚਲੋ ਵਿਚੋਂ ਕੱਢੋ ਸਾਢੇ ਚਾਰ ਘੰਟੇ...ਇਸ ਹਿਸਾਬ ਨਾਲ ਇਹ ਬਾਰਾਂ ਘੰਟੇ ਤੁਰਦੀ ਹੈ ਲਗਾਤਾਰ...।

ਉਹ ਯਾਦ ਕਰਦਾ ਹੈ, ਇੱਕ ਘੰਟੇ 'ਚ ਤੁਰਦੀ ਹੈ ਸਾਢੇ ਤਿੰਨ ਕਿਲੋਮੀਟਰ, ਤੇ ਬਾਰਾਂ ਘੰਟਿਆਂ 'ਚ ਬਿਆਲੀ ਕਿਲੋਮੀਟਰ, ਯਾਨਿ ਸਤਾਈ ਮੀਲ..ਸਤਾਈ ਮੀਲ ਰੋਜ਼...।

ਉਹਦੀ ਆਵਾਜ਼ ਉਚੀ ਹੋ ਜਾਂਦੀ ਹੈ, ਸਤਾਈ ਮੀਲ ਰੋਜ਼ ਤੁਰਦੀ ਹੈ ਉਹ...।

ਪਲ ਦੀ ਪਲ ਉਹਨੂੰ ਉਹ ਕੁੜੀ ਦੇਸ ਦੀ ਜਨਤਾ 'ਚ ਬਦਲ ਗਈ ਜਾਪੀ।

ਯਹ ਵਿਨੋਦ ਬਤਾ ਰਹਾ ਥਾ ਕਿ ਦੁਪਹਿਰ ਕੋ ਏਕ ਲੜਕਾ ਆ ਕਰ ਉਧਰ ਰੁਕਤਾ ਹੈ ਕੋਨੇ ਵਾਲੀ ਦੁਕਾਨ ਮੇਂ, ਔਰ 'ਸੁਪਰ ਫਾਸਟ' ਚਲ ਦੇਤੀ ਹੈ ਤਿਆਰ ਹੋ ਕਰ।

ਪਰਸ ਰਾਮ ਨੇ ਕਿਹਾ ਤਾਂ ਕਰਨੈਲ ਨੇ ਘੂਰ ਕੇ ਵੇਖਿਆ ਉਹਦੇ ਵੱਲ। ਸੋਚਿਆ, ਇਹ ਉਹਦਾ ਜੀਉਣਾ ਔਖਾ ਕਰਨਗੇ ਹੁਣ। ਉਹਨੇ ਬਾਜ਼ਾਰੋਂ ਰੰਗ ਲਿਆਉਣੇ ਹੁੰਦੇ ਨੇ, ਫੈਕਟਰੀਓਂ ਮਾਲ ਲਿਆਉਣਾ ਹੁੰਦੈ, ਮਾਲ ਦੇਣਾ ਹੁੰਦੈ, ਇੰਨੀ ਕਰੜੀ ਮਿਹਨਤ। ਉਹਦਾ ਜੀਅ ਕੀਤਾ, ਉਹ ਵੀ ਪਿੰਡ ਚਲਾ ਜਾਵੇ...ਖੇਤੀ ਕਰੇ ਤੇ ਉਲੱਥ ਹੋ ਗਏ ਭਾਈਆਂ ਨੂੰ ਸਾਂਭੇ।

ਅਬ ਤੋ ਇਸ ਕਾ ਕੁਛ ਕਰਨਾ ਪੜੇਗਾ। ਗੱਲ ਪਰਸ ਰਾਮ ਦੇ ਮੂੰਹ 'ਚ ਹੀ ਸੀ ਕਿ ਉਹ ਉਚੀ ਸਾਰੀ ਬੋਲਿਆ, ਗੁੱਸੇ ਤੇ ਸਖ਼ਤੀ ਨਾਲ, ਨਹੀਂ...ਖ਼ਬਰਦਾਰ ਜੇ ਉਧਰ ਦੇਖਿਆ ਵੀ।

ਇਉਂ ਪਹਿਲੀ ਵਾਰ ਉਹਦਾ ਵਰਤਾਅ ਉਨ੍ਹਾਂ ਲਈ ਹੈਰਾਨੀ ਕਰਨ ਵਾਲਾ ਹੈ। ਕੋਈ ਥੱਲਿਓਂ ਬਾਪੂ ਨੂੰ ਜਗਾ ਲਿਆਇਆ। ਕਰਨੈਲ ਸੁਤਉਨੀਂਦੇ ਬਾਪੂ ਦੇ ਕੁਝ ਵੀ ਬੋਲਣ ਤੋਂ ਪਹਿਲਾਂ ਉਹਦੇ ਸਾਹਮਣੇ ਜਾ ਖੜ੍ਹਾ ਹੋਇਆ, ਬਾਪੂ...ਉਹ ਰੋਜ਼ ਸਤਾਈ ਮੀਲ ਤੁਰਦੀ ਐ, ਪਤਾ ਨਹੀਂ ਕਿੰਨੇ ਸਾਲਾਂ ਤੋਂ, ਤੇ ਇਹ ਐਮ.ਪੀ. ਸਾਅਬ...। ਸ਼ਬਦਾਂ ਨੂੰ ਚੱਬ ਕੇ ਬੋਲਿਆ ਉਹ, ਇਹ ਸ. ਗੁਰਮੁਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਮੁੱਖਾ ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ ਮਿਲਦੀ ਰੱਜਵੀਂ; ਇਹਦੇ ਕਾਕੇ ਜਿਹੜੇ ਕੱਲੇ-ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਨ੍ਹਾਂ ਦੇ ਪੈਰੀਂ, ਤੇ ਉਹ, ਉਹ ਰੋਜ਼ ਸਤਾਈ ਮੀਲ ਤੁਰਦੀ ਹੈ ਬਾਪੂ...ਪਤੈ ਕੀਹਦੇ ਲਈ...?

ਬਾਪੂ ਨੇ ਉਹਦੇ ਮੂੰਹ 'ਤੇ ਹੱਥ ਰੱਖਣਾ ਚਾਹਿਆ, ਪਰ ਹੱਥ ਹਟਾਉਂਦਾ ਉਹ ਜੋਸ਼ 'ਚ ਬੋਲੀ ਗਿਆ, ਪਤੈ ਕੀਹਦੇ ਲਈ...ਆਵਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ...ਐਮ.ਪੀ. ਸਾਹਿਬ ਲਈ...ਇਹਦੇ ਕਾਕਿਆਂ ਲਈ; ਤੇ...ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ...ਰੋਜ਼ ਸਤਾਈ ਮੀਲ..।

***

## ਜੇਠ ਮਹੀਨਾ ਲੂਆਂ ਦਾ

ਜੇਠ ਮਹੀਨੇ ਦੇ ਸ਼ਬਦਾਦਿਕ ਅਰਥ ਵੀ ਹਨ । ਵੱਖ-ਵੱਖ ਵਿਦਵਾਨਾਂ ਵਲੋਂ ਜੇਠ ਮਹੀਨੇ ਬਾਰੇ ਕਈ ਤਰਾਂ ਦੀਆਂ ਕਥਾ ਕਹਾਣੀਆਂ ਲਿਖੀਆਂ ਗਈਆਂ ਹਨ। ਜੇ ਜੇਠ ਸ਼ਬਦ ਦਾ ਸ਼ਬਦਿਕ ਅਰਥ ਵੇਖੀਏ ਤਾਂ ਜੇਠ ਦਾ ਅਰਥ 'ਵੱਡਾ' ਹੁੰਦਾ ਹੈ। ਇਸੇ ਕਾਰਨ ਵੱਡੇ ਪੁੱਤਰ ਨੂੰ ਜੇਠਾ ਪੁੱਤਰ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਆਪਣੇ ਪਤੀ ਦੇ ਵੱਡੇ ਭਰਾ ਨੂੰ ਜੇਠ ਕਿਹਾ ਜਾਂਦਾ ਹੈ। ਨੂੰਹਾਂ ਵੱਲੋਂ ਸਹੁਰੇ ਵਾਂਗ ਹੀ ਜੇਠ ਸਾਹਮਣੇ ਵੀ ਘੁੰਡ ਕੱਢਣ ਦੀ ਪਰੰਪਰਾ ਸਦੀਆਂ ਪੁਰਾਣੀ ਹੈ। ਪੁਰਾਤਨ ਸਮੇਂ ਵਿੱਚ ਘਰ ਦੇ ਮੋਢੀ ਨੂੰ ਵੀ ਜੇਠ ਕਿਹਾ ਜਾਂਦਾ ਸੀ। ਘਰ ਦੇ ਮੋਢੀ ਜੇਠ ਕੋਲ ਹੀ ਪੈਸੇ- ਧੇਲੇ ਦਾ ਹਿਸਾਬ ਕਿਤਾਬ ਹੁੰਦਾ ਸੀ ਅਤੇ ਸਾਰੇ ਤਾਲਿਆਂ ਦੀ ਚਾਬੀ ਵੀ ਉਸ ਕੋਲ ਹੁੰਦੀ ਸੀ। ਜੇਠ ਦੇ ਕਿਸੇ ਵੀ ਫੈਸਲੇ ਅੱਗੇ ਪਰਿਵਾਰ ਦਾ ਕੋਈ ਮੈਂਬਰ ਕੁਸਕਦਾ ਨਹੀਂ ਸੀ। ਪੁਰਾਤਨ ਸੁੱਤੀਆਂ ਸਦੀਆਂ ਦੌਰਾਨ ਘਰ ਦੇ ਮੋਢੀ ਨੂੰ ਜੇਠ ਕਿਹਾ ਜਾਂਦਾ ਹੋਣ ਕਰਕੇ ਹੀ ਅੱਜ ਦੇ ਸਮੇਂ ਵਿੱਚ ਵੀ ਜਠੇਰਿਆਂ ਭਾਵ ਵੱਡ ਵਡੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ। ਜੇਠ ਮਹੀਨੇ ਦੌਰਾਨ ਤੇਜ਼ ਧੁੱਪ ਅਤੇ ਗਰਮ ਲੂੰਆਂ ਤੋਂ ਬਚਣ ਲਈ ਅਕਸਰ ਕੁੜੀਆਂ ਅਤੇ ਮਹਿਲਾਵਾਂ ਵੱਲੋਂ ਆਪਣਾ ਮੂਹ ਚੁੰਨੀ ਜਾਂ ਕਿਸੇ ਕਪੜੇ ਨਾਲ ਢੱਕ ਲਿਆ ਜਾਂਦਾ ਹੈ, ਜਿਸ ਕਰਕੇ ਅਕਸਰ ਮਨਚਲੇ ਮਸ਼ਕਰੀ ਕਰਦੇ ਹੋਏ ਕਹਿੰਦੇ ਹਨ ਕਿ ਜੇਠ ਮਹੀਨੇ ਨੂੰ ਜੇਠ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਮਹੀਨਾ ਹਰ ਮੁਟਿਆਰ ਨੂੰ ਘੁੰਡ ਕਢਵਾ ਦਿੰਦਾ ਹੈ, ਜਿਵੇਂ ਵਿਆਹੁਤਾ ਮੁਟਿਆਰਾਂ ਆਪਣੇ ਜੇਠ ਤੋਂ ਘੁੰਡ ਕੱਢਦੀਆਂ ਹਨ।

ਜੇਠ ਮਹੀਨੇ ਭਰ ਤਿੱਖੀ ਦੁਪਹਿਰ ਨੂੰ ਫਰਾਂਹ ਦੇ ਰੁੱਖ ਅਤੇ ਹੋਰ ਰੁੱਖ ਸੀਟੀਆਂ ਮਾਰਦੇ ਜਾਪਦੇ ਹਨ, ਇਸ ਤਰਾਂ ਲਗਦਾ ਹੈ ਕਿ ਜਿਵੇਂ ਕੋਈ ਵੱਡਾ ਅਜਗਰ ਫੁੰਕਾਰਦਾ ਹੈ। ਜੇਠ ਮਹੀਨੇ ਗਰਮ ਲੂਆਂ ਮਨੁੱਖ, ਪਸ਼ੂ ਅਤੇ ਪੰਛੀ ਜਨੌਰਾਂ ਦੇ ਜਿਸਮ ਝੁਲਸਾਉਂਦੀਆਂ ਹੋਈਆਂ ਲੰਘਦੀਆਂ ਹਨ। ਜੇਠ ਮਹੀਨੇ ਆਮ ਲੋਕ ਦੁਪਹਿਰ ਸਮੇਂ ਸਿਵਿਆਂ, ਕਬਰਾਂ, ਸ਼ਮਸ਼ਾਨ ਘਾਟਾਂ, ਸਮਾਧਾਂ ਕੋਲੋਂ ਲੰਘਣ ਤੋਂ ਡਰਦੇ ਹਨ ਅਤੇ ਇਹਨਾਂ ਥਾਂਵਾਂ ਤੋਂ ਦੂਰ ਦੂਰ ਹੋ ਕੇ ਲੰਘਦੇ ਹਨ। ਆਮ ਲੋਕਾਂ ਵਿੱਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਵੇਲੇ ਸਿਵਿਆਂ ਵਿੱਚ ਭੂਤ -ਪ੍ਰੇਤ ਵਿਚਰਦੇ ਹਨ। ਇਸ ਤੋਂ ਇਲਾਵਾ ਲੋਕ ਜੇਠ ਮਹੀਨੇ ਦੀ ਤਿੱਖੀ ਤੇ ਤਪਦੀ ਦੁਪਹਿਰ ਨੂੰ ਸੈਂਟ ਜਾਂ ਇਤਰ ਫੁਲੇਲ ਲਗਾ ਕੇ ਬਾਹਰ ਨਹੀਂ ਨਿਕਲਦੇ, ਲੋਕਾਂ ਦਾ ਵਿਸ਼ਵਾਸ ਹੈ ਕਿ ਜੇਠ ਮਹੀਨੇ ਦੀ ਦੁਪਹਿਰ ਨੂੰ ਸਰੀਰ ਉਪਰ ਇਤਰ, ਸੈਂਟ ਆਦਿ ਲਗਾ ਕੇ ਘਰ ਤੋਂ ਬਾਹਰ ਨਿਕਲਣ ਦੌਰਾਨ ਭੂਤ ਪ੍ਰੇਤ ਚੁੰਬੜ ਜਾਂਦੇ ਹਨ। ਜੇਠ ਮਹੀਨੇ ਦੇ ਸਿਖਰ ਦੁਪਹਿਰੇ ਲੋਕ ਘਰਾਂ ਵਿਚੋਂ ਘੱਟ ਹੀ ਬਾਹਰ ਨਿਕਲਦੇ ਹਨ ਅਤੇ ਰੋਹੀਆਂ-ਕੱਲਰਾਂ ਵਾਲੇ ਪਾਸੇ ਤਾਂ ਬਿਲਕੁਲ ਨਹੀਂ ਜਾਂਦੇ। ਜੇਠ ਮਹੀਨੇ ਘੜੇ ਦਾ ਪਾਣੀ ਪੀਣਾ ਸਿਹਤ ਲਈ ਗੁਣਕਾਰੀ ਸਮਝਿਆ ਜਾਂਦਾ ਹੈ, ਪਰ ਘੜੇ ਦੀ ਸਾਫ ਸਫਾਈ ਦਾ ਪੂਰਾ ਧਿਆਨ ਰਖਣਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਲਾਲਚ ਕਾਰਨ ਕੁਦਰਤ ਨਾਲ ਕੀਤੀ ਜਾਂਦੀ ਛੇੜ-ਛਾੜ ਬੰਦ ਕਰ ਦੇਣੀ ਚਾਹੀਦੀ ਹੈ ਤਾਂ ਕਿ ਜੇਠ ਮਹੀਨੇ ਗਰਮੀ ਦਾ ਤੇਜ਼ ਕੁਝ ਘੱਟ ਹੋ ਸਕੇ। ਇਸਦੇ ਨਾਲ ਹਰ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਅਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਕਿ ਸਾਡਾ ਆਲਾ ਦੁਆਲਾ ਜੇਠ ਮਹੀਨੇ ਵੀ ਹਰਿਆ ਭਰਿਆ ਰਹੇ ਅਤੇ ਆਉਂਦੇ ਜਾਂਦੇ ਰਾਹੀ ਜੇਠ ਦੀ ਸਿਖਰ ਦੁਪਹਿਰੇ ਰੁੱਖਾਂ ਦੀ ਠੰਡੀ ਛਾਂ ਦਾ ਆਨੰਦ ਮਾਣ ਸਕਣ।

ਚਾਹੀਦਾ ਤਾਂ ਇਹ ਹੈ ਕਿ ਹਵਾਵਾਂ ਵਿੱਚ ਪੈਦਾ ਹੁੰਦੀ ਪੱਛਮੀ ਗੜਬੜੀ ਕਾਰਨ ਬਦਲਦੇ ਮੌਸਮ, ਜੇਠ ਮਹੀਨੇ ਦੌਰਾਨ ਪੈਂਦੀ ਕਹਿਰ ਦੀ ਗਰਮੀ, ਚਲਦੀਆਂ ਗਰਮ ਲੂੰਆਂ, ਹਰ ਪਾਸੇ ਝੁਲਸਾਈ ਬਨਸਪਤੀ ਦੇ ਬਾਵਜੂਦ ਪੈਲਾਂ ਪਾਉਂਦੇ, ਤਪਦੀ ਸਿਖਰ ਦੁਪਹਿਰੇ ਬਸੰਤ ਬਹਾਰ ਦਾ ਆਨੰਦ ਮਾਣਦੇ ਅਮਲਤਾਸ ਅਤੇ ਗੁਲਮੋਹਰ ਦੇ ਹਰੇ ਭਰੇ ਰੁੱਖਾਂ ਅਤੇ ਕੇਸੂ ਦੇ ਖਿੜੇ ਹੋਏ ਲਾਲ ਸੂਹੇ ਫੁੱਲਾਂ ਵਾਂਗ ਮਹਿਕਾਂ ਵੰਡਣ ਦਾ ਯਤਨ ਕੀਤਾ ਜਾਵੇ। ਜੇਠ ਮਹੀਨੇ ਦੀ ਸ਼ੁਰੂਆਤ ਮੌਕੇ ਹਰ ਇਨਸਾਨ ਨੂੰ ਇਹ ਸੋਚ ਅਪਨਾਅ ਲੈਣੀ ਚਾਹੀਦੀ ਹੈ ਕਿ ਉਹ ਆਪਣੇ ਆਲ਼ੇ ਦੁਆਲ਼ੇ ਵਾਤਾਵਰਨ ਹਰਿਆ ਭਰਿਆ ਕਰਨ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਵਿੱਚ ਆਪਣਾ ਯੋਗਦਾਨ ਪਾਵੇਗਾ ਤਾਂ ਕਿ ਜੇਠ ਮਹੀਨੇ ਤਪਦੀਆਂ ਦੁਪਹਿਰਾਂ ਨੂੰ ਚਲਦੀਆਂ ਤੇਜ਼ ਲੂੰਆਂ ਤੋਂ ਬਚਾਉਣ ਵਿੱਚ ਰੁੱਖਾਂ ਦੀ ਠੰਡੀ ਛਾਂ ਆਪਣਾ ਯੋਗਦਾਨ ਪਾ ਸਕੇ ਅਤੇ ਲੋਕਾਈ ਦੇ ਦਿਲਾਂ ਨੂੰ ਠਾਰ ਸਕੇ।

***

## ਯੂ.ਡਬਲਿਊ.ਡਬਲਿਊ. ਨੇ ਬਜਰੰਗ ਪੂਨੀਆ ਨੂੰ

ਆਪਣੀ ਅੰਦਰੂਨੀ ਪ੍ਰਣਾਲੀ ਨੂੰ ਅਪਡੇਟ ਕਰਦਿਆਂ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਉਹ ਮੁਅੱਤਲ ਹੈ। ਬਜਰੰਗ ਦੀ ਤਾਜ਼ਾ ਭੂਮਿਕਾ ਅਨੁਸਾਰ, "ਉਪਰੋਕਤ ਕਾਰਨ ਕਰਕੇ 31 ਦਸੰਬਰ, 2024 ਤੱਕ ਮੁਅੱਤਲ।" ਇਸ ਵਿੱਚ ਕਿਹਾ ਗਿਆ ਹੈ, "ਕਥਿਤ ਏਡੀਆਰਵੀ (ਐਂਟੀ-ਡੋਪਿੰਗ ਨਿਯਮ ਦੀ ਉਲੰਘਣਾ) ਲਈ ਨਾਡਾ ਭਾਰਤ ਵੱਲੋਂ ਅਸਥਾਈ ਤੌਰ 'ਤੇ ਮੁਅੱਤਲ।" ਦਿਲਚਸਪ ਗੱਲ ਇਹ ਹੈ ਕਿ ਮਿਸ਼ਨ ਉਲੰਪਿਕ ਸੈੱਲ (ਐੱਮਓਸੀ) ਨੂੰ 25 ਅਪਰੈਲ ਦੀ ਉਸ ਦੀ ਮੀਟਿੰਗ ਵਿੱਚ ਸੂਚਿਤ ਕੀਤਾ ਗਿਆ ਕਿ ਬਜਰੰਗ ਨੂੰ ਰੂਸ ਦੇ ਦਾਗਿਸਤਾਨ ਵਿੱਚ 28 ਮਈ ਤੋਂ ਸਿਖਲਾਈ ਦੇਣ ਦੇ ਪ੍ਰਸਤਾਵ ਲਈ 8,82,000 ਰੁਪਏ ਹਵਾਈ ਕਿਰਾਇਆ ਮਨਜ਼ੂਰ ਕੀਤਾ ਗਿਆ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD
sling

CREDIBILITY RELIABILITY

Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com